

ਸਤਿਗੁਰੂ ਕਬੀਰ ਜੀ ਦੇ ਜੀਵਨ ਅਤੇ ਪ੍ਰਾਪਤੀਆਂ ਬਾਰੇ ਪ੍ਰੋ. ਕਪੂਰ ਅਤੇ ਪ੍ਰੋ. ਕੌਲ ਦੇ ਵਿਸ਼ੇਸ਼ ਲੇਖ ਅੰਦਰ ਪੜ੍ਹੋ

ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 9
June 04, 2015

Postal Address
5101 Doe Hollow Pl, Antelope, CA-95843

www.deshdoaba.com
www.ambedkartimes.com




ਨਾਟਕ 'ਉਮਰਾਂ ਲੰਘੀਆਂ ਪੱਬਾਂ ਭਾਰ' ਦਾ ਫੇਅਰਫੀਲਡ ਵਿਖੇ ਸਫਲ ਮੰਚਨ ਕੀਤਾ ਗਿਆ। ਹੋਰ ਜਾਣਕਾਰੀ ਲਈ ਦੇਖੋ ਸਫਾ 9 'ਤੇ

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਸਤਿਗੁਰੂ ਕਬੀਰ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਅਦਾਰਾ "ਦੇਸ਼ ਦੁਆਬਾ" ਵੱਲੋਂ ਲੱਖ-ਲੱਖ ਵਧਾਈਆਂ

## ਅਮਰੀਕਾ ਸੈਨੇਟ ਨੇ ਨਾਗਰਿਕਾਂ ਦੀ ਜਾਸੂਸੀ ਬੰਦ ਕਰਵਾਈ

**ਵਾਸ਼ਿੰਗਟਨ–** ਆਖਿਰ ਅਮਰੀਕਾ ਦੀ ਸੈਨੇਟ ਨੇ ਉਸ ਵਿਵਾਦਗ੍ਰਸਤ ਬਿਲ ਨੂੰ ਖਤਮ ਕਰ ਦਿੱਤਾ ਹੈ, ਜਿਸ ਵਿਚ ਖੁਫੀਆ ਏਜੰਸੀਆਂ ਨੂੰ ਨਾਗਰਿਕਾਂ ਦੀ ਫੋਨ



ਨਿਗਰਾਨੀ ਦੀ ਇਜਾਜ਼ਤ ਦਿੱਤੀ ਗਈ ਸੀ। ਅਮਰੀਕੀ ਸੰਸਦ ਵਿਚ ਇਸ ਅੱਤਵਾਦ ਵਿਰੋਧੀ ਕਾਨੂੰਨ ਨੂੰ ਲੈ ਕੇ ਕਈ ਦਿਨ ਬਹਿਸ ਚਲਦੀ ਰਹੀ। ਪੈਟ੍ਰੀਅਟ ਕਾਨੂੰਨ ਨਾਂ ਦੇ ਇਸ ਬਿਲ ਤੇ ਕਈ ਦਿਨ ਬਹਿਸ ਚਲਦੀ ਸੀ। ਇਸ ਬਿਲ ਵਿਚ ਅਮਰੀਕੀ ਰਾਸ਼ਟਰੀ ਸੁਰੱਖਿਆ ਏਜੰਸੀ ਜਾਂ ਐਨ ਐਸ ਏ. ਦੇ ਸਾਰੇ

**(ਬਾਕੀ ਸਫਾ 10 ਤੇ)**

## ਜੂਨ 1984 ਦੇ ਸਿੱਖ ਨਸਲਘਾਤ ਵਿਰੁੱਧ ਭਾਰਤੀ ਦੂਤਾਵਾਸ ਅੱਗੇ ਭਾਰੀ ਰੋਸ ਪ੍ਰਦਰਸ਼ਨ







**ਸੈਨ ਫਰਾਂਸਿਸਕੋ (ਬਲਵਿੰਦਰਪਾਲ ਸਿੰਘ ਖਾਲਸਾ)**
31 ਸਾਲਾਂ ਦੀ ਕੌਮੀ ਸਿੱਖ ਪੀੜ ਹਰ ਸਾਲ ਭਾਰਤ ਦੇ ਸੈਨ ਫਰਾਂਸਿਸਕੋ ਦੇ ਭਾਰਤੀ ਦੂਤਾਵਾਸ ਅੱਗੇ ਰੋਸ ਮੁਜ਼ਾਹਰਾ ਕਰਨ ਲੈ ਜਾਂਦੀ ਹੈ। ਭਾਰਤ ਸਰਕਾਰ ਦੁਆਰਾ ਕੀਤਾ ਗਿਆ ਸਿੱਖ ਨਸਲਘਾਤ ਸਦਾ ਲਈ ਰਿਸਦਾ ਅਜਿਹਾ ਜ਼ਖਮ ਹੈ ਜੋ ਨਾਸੂਰ ਬਣ ਕੇ ਰਿਸਦਾ ਰਹਿੰਦਾ ਹੈ।

**(ਬਾਕੀ ਖਬਰ ਸਫਾ 3 ਤੇ ਦੇਖੋ)**

## ਮਦਰਾਸ ਦੇ ਪੈਰੀਆਰ- ਅੰਬੇਦਕਰਵਾਦੀ ਸੰਗਠਨ 'ਤੇ ਨਜਾਇਜ਼ ਪਾਬੰਦੀ




**ਚੇਨਈ–** ਵੈਸੇ ਤਾਂ ਉੱਚ ਸਿੱਖਿਆ ਸੰਸਥਾਵਾਂ ਵੱਡੀ ਸੋਚ ਅਤੇ ਖੁੱਲ੍ਹੇ ਮਾਹੌਲ ਦੇ ਲਈ ਜਾਣੀਆਂ ਜਾਂਦੀਆਂ ਹਨ, ਪਰ ਆਈ ਆਈ ਟੀ ਮਦਰਾਸ ਵਿਚ ਵਿਦਿਆਰਥੀਆਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਵੀ ਅਧਿਕਾਰ ਨਹੀਂ ਹੈ। ਆਈ ਆਈ ਟੀ ਮਦਰਾਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਨ ਦੇ ਕਥਿਤ ਦੋਸ਼ ਵਿਚ ਆਈ ਆਈ ਟੀ-ਮਦਰਾਸ ਨੇ ਦਲਿਤ ਵਿਦਿਆਰਥੀਆਂ ਦੇ ਇਕ ਫੋਰਮ ਅੰਬੇਦਕਰ ਪੈਰੀਆਰ ਸਟੂਡੈਂਟ ਸਰਕਲ (ਏ ਪੀ ਐਸ ਸੀ) ਤੇ ਪਾਬੰਦੀ ਲਗਾ ਦਿੱਤੀ ਹੈ।

***(ਹੋਰ ਜਾਣਕਾਰੀ ਲਈ ਦੇਖੋ ਸਫਾ 5 ਤੇ)***

## ਭਾਰਤ ਤੇ ਅਮਰੀਕਾ ਵਿਚਾਲੇ ਰੱਖਿਆ ਸਹਿਯੋਗ ਸਮਝੌਤੇ



**ਨਵੀਂ ਦਿੱਲੀ–** ਭਾਰਤ ਤੇ ਅਮਰੀਕਾ ਨੇ ਰੱਖਿਆ ਦੇ ਖੇਤਰ ਵਿੱਚ ਅਗਲੇ ਦਸ ਸਾਲਾਂ ਤੱਕ ਸਹਿਯੋਗ ਵਧਾਉਂਣ ਦੇ ਵਿਆਪਕ ਸਮਝੌਤੇ 'ਤੇ ਦਸਤਖਤ ਕੀਤੇ ਹਨ। ਰੱਖਿਆ ਮੰਤਰੀ ਮਨੋਹਰ ਪਰੀਕਰ ਤੇ ਅਮਰੀਕਾ ਦੇ ਰੱਖਿਆ ਮੰਤਰੀ ਐਸ਼ਟਨ ਕਾਰਟਨ ਨੇ ਇਥੇ ਪ੍ਰਤੀਨਿਧੀ ਮੰਡਲ ਪੱਧਰ ਦੀ ਗੱਲਬਾਤ ਮਗਰੋਂ ਇਨ੍ਹਾਂ ਸਮਝੌਤਿਆਂ 'ਤੇ ਦਸਤਖਤ ਕੀਤੇ। ਇਹ ਸਮਝੌਤੇ ਦਸ ਸਾਲ ਪਹਿਲਾਂ ਹੋਏ ਸਮਝੌਤਿਆਂ ਨੂੰ ਅੱਗੇ ਵਧਾਉਂਣ ਤੇ ਜਾਰੀ ਰੱਖਣ ਲਈ ਕੀਤੇ ਗਏ ਹਨ। ਇਨ੍ਹਾਂ ਸਮਝੌਤਿਆਂ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਉੱਚ ਪੱਧਰੀ ਰਣਨੀਤਿਕ ਚਰਚਾ, ਹਥਿਆਰਬੰਦ ਸੈਨਾਵਾਂ ਦੇ ਵਿਚਾਲੇ ਅਦਾਨ ਪ੍ਰਦਾਨ ਤੇ ਰੱਖਿਆ ਸਮਰਥਾ ਨੂੰ ਵਧਾਉਂਣ ਦੀ ਰੂਪ ਰੇਖਾ ਤਿਆਰ ਕੀਤੀ ਗਈ ਹੈ ਦੋਵਾਂ

**(ਬਾਕੀ ਸਫਾ 10 ਤੇ)**


Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com



KSR AUTO REPAIR
Complete Auto Repair
Import & Domestic
Honda & Acura Specialist Toyta, Lexus, Nissan, Mazda
Mercedes Benz, BMW, Volvo, Volkswager



50 % Off
On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674



SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
WE OPEN 7-DAYS A WEEK
(209-373-3562)
MANDEEP SANDHU
msandhu2014@gmail.com
Note: I am not an Immigration Attorney.
3222 PENELOPE DR.
STOCKTON, CA- 95212
(NEAR HWY 99 ON MORADA LANE)

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price



ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing
510- 733- 2222
1421 Industrial PKWY West#F Hayward, CA 94544
Prop: Jasbir Singh Takhar
510-755-2132



Harmandeep Singh



MAJESTIC HOMES



RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY





Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
The Threading Queen
threading & Heena Tattoos
Call for appointment
(916) 297-0150, (916) 316-8199
EYEBROW THREADING & HENNA TATTOO (EACH HAND)
ONLY FOR $5.00
REGULAR $8.00
WALK IN WELCOME
MON-SAT 10am TO 7pm
WE ACCEPT EBT CARDS
1265 PLEASANT GROVE BLVD. # 100 ROSEVILLE CA 95747
5203 ELKHORN BLVD.SACRAMENTO CA 95842
916-786-7666 • 916-338-5511


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
BRIDAL BOUTIQUE JEWELRY
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਈਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆਂ ਤੋਂ
ਵਧੀਆਂ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀ.ਵੀ.ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆਂ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀ ਯੂ.ਪੀ.ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ
KASH FABRICS
ONE STOP SHOPPING CENTRE
29576 Mission Blvd, Hayward, CA 94544
www.kashfabrics.com
Tel: 510-538-1138
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

# ਜੂਨ 1984 ਦੇ ਸਿੱਖ ਨਸਲਘਾਤ ਵਿਰੁੱਧ ਭਾਰਤੀ ਦੂਤਾਵਾਸ ਅੱਗੇ ਭਾਰੀ ਰੋਸ ਪ੍ਰਦਰਸ਼ਨ

**ਸੈਨ ਫਰਾਂਸਿਸਕੋ (ਬਲਵਿੰਦਰਪਾਲ ਸਿੰਘ ਖਾਲਸਾ)** 31 ਸਾਲਾਂ ਦੀ ਕੌਮੀ ਸਿੱਖ ਪੀੜ ਹਰ ਸਾਲ ਭਾਰਤ ਦੇ ਸੈਨ ਫਰਾਂਸਿਸਕੋ ਦੇ ਭਾਰਤੀ ਦੂਤਾਵਾਸ ਅੱਗੇ ਰੋਸ ਮੁਜ਼ਾਹਰਾ ਕਰਨ ਲੈ ਜਾਂਦੀ ਹੈ। ਭਾਰਤ ਸਰਕਾਰ ਦੁਆਰਾ ਕੀਤਾ ਗਿਆ ਸਿੱਖ ਨਸਲਘਾਤ ਸਦਾ ਲਈ ਰਿਸਦਾ ਅਜਿਹਾ ਜ਼ਖਮ ਹੈ ਜੋ ਨਾਸੂਰ ਬਣ ਕੇ ਰਿਸਦਾ ਰਹਿੰਦਾ ਹੈ।

ਬੇਅ ਏਰੀਏ ਦੇ ਸਮੂੰਹ ਸ਼ਹਿਰਾਂ ਤੋਂ ਇਲਾਵਾ, ਫਰਿਜ਼ਨੋ, ਮਰਸਡ, ਮੋਡੈਸਟੋ, ਟਰਲਕ, ਸੀਰੀਜ਼, ਸਟਾਕਟਨ, ਲੈਥਰੋਪ, ਮਨਟੀਕਾ, ਸੈਕਰਾਮੈਂਟੋ, ਯੂਬਾ ਸਿਟੀ, ਸੈਨ ਫਰਾਸਿਸਕੋ ਸਾਊਥ ਸੈਨ ਫਰਾਂਸਿਕੋ, ਸੈਨ ਮੈਟੀਓ, ਲੋਡਾਈ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਤੇ ਸੰਗਤਾਂ ਨੇ ਆਪਸੀ ਸਹਿਯੋਗ ਨਾਲ ਇਸ ਰੋਸ ਮੁਜ਼ਾਹਰੇ ਦਾ ਪ੍ਰਬੰਧ ਕੀਤਾ। ਜਿਸ ਵਿਚ ਨੌਜਵਾਨ ਤੇ ਸੀਨੀਅਰ ਪੀੜੀ ਦੇ ਬੁਲਾਰਿਆਂ ਨੇ ਆਪਣੇ ਵੀਚਾਰ ਰਖੇ। ਬੁਲਾਰਿਆਂ ਵਿਚ ਏ ਜੀ ਪੀ ਸੀ ਦੇ ਪ੍ਰਧਾਨ ਤੇ ਗੁਰਦੁਆਰਾ ਸਿੰਘ ਸਭਾ ਦੇ ਮੁਖ ਸੇਵਾਦਾਰ ਭਾਈ ਜਸਵੰਤ ਸਿੰਘ ਹੋਠੀ, ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਸਾਬਕਾ ਮੈਂਬਰ ਭਾਈ ਰਾਮ ਸਿੰਘ, ਸਿੱਖ ਯੂਥ ਆਫ ਅਮਰੀਕਾ ਦੇ ਸੀਨੀਅਰ ਆਗੂ ਭਾਈ ਜਸਵਿੰਦਰ ਸਿੰਘ ਜੰਡੀ, ਕੁਲਜੀਤ ਸਿੰਘ ਨਿਝਰ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਭਾਈ ਜਸਪ੍ਰੀਤ ਸਿੰਘ ਲਵਲਾ ਜਥੇਦਾਰ ਕੈਲੇਫੋਰਨੀਆ ਗਤਕਾ ਦਲ, ਬੀਬੀ ਅੰਮ੍ਰਿਤ ਕੌਰ ਤੇ ਬੀਬੀ ਪੁਨੀਤ ਕੌਰ ਖਾਲਸਾ ਖਾਲਿਸਤਾਨ ਦੇ ਸ਼ਹੀਦ ਪ੍ਰਵਾਰ, ਬੀਬੀ ਕੁਲਬੀਰ ਕੌਰ ਤੇ ਬੀਬੀ ਰਾਜਬੀਰ ਕੌਰ ਬੈਨੀਵਾਲ ਧਰਮਸਾਲ ਸੰਸਥਾ ਤੋਂ,ਬੀਬੀ ਦੀਨਪਾਲ ਕੌਰ ਅਮੈਰੀਕਨ ਸਿੱਖ ਐਸੋਈਏਸ਼ਨ, ਬੀਬੀ ਜਸਵਿੰਦਰ ਕੌਰ,



ਜਸਪਾਲ ਸਿੰਘ,ਕੁਲਵਿੰਦਰ ਸਿੰਘ ਮੱਲ੍ਹੀ ਸੱਕਤਰ ਗੁਰਦੁਆਰਾ ਸਾਹਿਬ ਐਲਸਰਬਾਂਟੇ, ਅਮਰੀਕ ਸਿੰਘ ਮੱਲ੍ਹੀ, ਬਲਵਿੰਦਰ ਸਿੰਘ ਚੱਬਾ ਖਾਲਿਸਤਾਨ ਸ਼ਹੀਦ ਪ੍ਰਵਾਰ, ਬਲਵਿੰਦਰਪਾਲ ਸਿੰਘ ਤੇ ਸਕੱਤਰ ਦੀ ਸੇਵਾ ਭਾਈ ਸਰਵਣ ਸਿੰਘ ਨੇ ਕੀਤੀ ਤੇ ਸੰਗਤਾਂ ਨੂੰ ਖਾਲਿਸਤਾਨ ਜ਼ਿੰਦਾਬਾਦ ਤੇ ਰਾਜ ਕਰੇਗਾ ਖਾਲਸਾ ਦੇ ਨਾਹਰਿਆ ਜੈਕਾਰਿਆਂ ਨਾਲ ਗਰਮਾਈ ਰਖਿਆ। ਸਭ ਬੁਲਾਰਿਆ ਨੇ ਇਕ ਜ਼ੁਬਾਨ ਭਾਰਤ ਸਰਕਾਰ ਦੀ ਦਰਿੰਦਗੀ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਤੇ ਖਾਲਿਸਤਾਨ ਦੀ ਕਾਇਮੀ ਤੱਕ ਜਦੋ ਜਹਿਦ ਜਾਰੀ ਰਖਣ ਦਾ ਪ੍ਰਣ ਕੀਤਾ ਤੇ ਸਪਸ਼ਟ ਕਿਹਾ ਕਿ ਸਿੱਖ ਕੌਮ ਕੋਲ ਖਾਲਿਸਤਾਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਬਚਿਆ ਤੇ ਸਿੱਖ ਸ਼ਹੀਦਾਂ ਦਾ ਸੁਪਨਾ ਵੀ ਖਾਲਿਸਤਾਨ ਦੀ ਕਾਇਮੀ ਸੀ।

ਬਾਪੂ ਸੂਰਤ ਸਿੰਘ ਖਾਲਸਾ ਦੁਆਰਾ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਜਾ ਰਹੇ ਸੰਘਰਸ਼ ਦੀ ਸਭ ਬੁਲਾਰਿਆਂ ਨੇ ਪ੍ਰਸ਼ੰਸਾ ਕੀਤੀ ਤੇ ਅਮਨਮਈ ਲੋਕਤੰਤਰੀ ਜਦੋਜਹਿਦ ਦਾ ਸ਼ਮਰਥਨ ਕਰਦਿਆਂ ਬਾਪੂ ਸੂਰਤ ਸਿੰਘ ਨਾਲ ਕੀਤੇ ਜਾ ਰਹੇ ਅਣ ਮਨੁੱਖੀ ਵਰਤਾਉ ਦੀ ਭਰਪੂਰ ਨਿਖੇਧੀ ਕੀਤੀ। ਨੌਜਵਾਨ ਅਮਰੀਕੀ ਨੌਜਵਾਨਾਂ ਨੇ ਇਸ ਮੁਜ਼ਾਹਰੇ ਵਿਚ ਸਰਗਰਮ ਭੂਮਿਕਾ ਨਿਭਾ ਕੇ ਦੱਸ ਦਿਤਾ ਕਿ ਸਾਡੇ ਬਜ਼ੁਰਗਾਂ ਦੇ ਸੰਤ ਸਿਪਾਹੀ ਦੇ ਮਹਾਨ ਵਿਰਸੇ ਨੂੰ ਪੀੜ੍ਹੀ ਦਰ ਪੀੜ੍ਹੀ ਭਵਿਖ ਵੱਲ ਤੋਰਿਆ ਜਾਵੇਗਾ।

ਰੋਸ ਪ੍ਰਦਰਸ਼ਨ ਵਿਚ ਭਾਈ ਕੁਲਵੰਤ ਸਿੰਘ ਖੈਰਾ ਦਾ ਪਰਵਾਰ, ਸਿੱਖ ਯੂਥ ਆਫ ਅਮਰੀਕਾ ਦੇ ਸੀਨੀਅਰ ਵਾਇਸ ਪ੍ਰਧਾਨ ਭਾਈ ਮਨਜੀਤ ਸਿੰਘ ਬਰਾੜ ਦਾ ਸਾਰਾ ਪਰਵਾਰ, ਫਤਹਿ ਸਪੋਰਟਸ ਕਲਬ ਦੇ ਭਾਈ ਸੰਦੀਪ ਸਿੰਘ ਦਾ ਸਾਰਾ ਪ੍ਰਵਾਰ, ਭਾਈ ਭਾਗਦੀਪ ਸਿੰਘ ਪ੍ਰਵਾਰ, ਭਾਈ ਹਰਸਿਮਰਨ ਸੰਗਰਾਮ ਸਿੰਘ ਪਰਵਾਰ, ਸਿੱਖ ਯੂਥ ਆਫ ਅਮਰੀਕਾ ਦੇ ਸੀਨੀਅਰ ਮੈਂਬਰ ਭਾਈ ਜਸਜੀਤ ਸਿੰਘ ਤੇ ਉਨਾਂ ਦੇ ਸਾਥੀ।

ਭਾਈ ਜਗਤਾਰ ਸਿੰਘ ਅਨੰਦਪੁਰੀ ਤੇ ਸਾਥੀ, ਭਾਈ ਦਵਿੰਦਰ ਸਿੰਘ ਮਰਸਡ ਦਾ ਸਮੂਹ ਪਰਵਾਰ। ਪੰਜਾਬੀ ਟੈਕਸੀ ਐਸੋਸੀਏਸ਼ਨ ਸੈਨ ਫਰਾਂਸਿਸਕੋ ਨੇ ਇਸ ਰੋਸ ਮੁਜ਼ਾਹਰੇ ਵਿਚ ਸਰਗਰਮੀ ਨਾਲ ਸ਼ਿਕਰਤ ਕੀਤੀ।

ਲੰਗਰ, ਚਾਹ ਪਾਣੀ ਦੀ ਸੇਵਾ ਸਦਾ ਵਾਸਤੇ ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਹੋਈ।

# ਸ਼ਹੀਦ ਊਧਮ ਸਿੰਘ ਅਤੇ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਦਿਵਸ 1 ਅਗਸਤ, 2015 ਨੂੰ ਫਰਿਜਨੋ ਵਿਚ

**ਫਰਿਜ਼ਨੋ–** ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਨੇ ਪੰਜਾਬ ਸਰਕਾਰ ਵਲੋਂ ਦੇਸ਼ ਭਗਤ ਗਦਰੀ ਸੂਰਬੀਰਾ ਦੀਆਂ ਆਜ਼ਾਦੀ ਲਈ ਕੀਤੀਆ ਬੇਮਿਸਾਲ ਕੁਰਬਾਨੀਆ ਦੀ ਬੇਹੁਰਮਤੀ ਕਰਨ ਦੀ ਸ਼ਖਤ ਸਬਦਾਂ ਵਿਚ ਨਿੰਦਿਆ ਕੀਤੀ ਹੈ। ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੀ ਫਰਿਜ਼ਨੋ ਵਿਚ ਹੋਈ ਇਕ ਮੀਟਿੰਗ ਵਿਚ ਪਾਸ ਕੀਤੇ ਇਕ ਮਤੇ ਵਿਚ ਕਿਹਾ ਕਿ ਗਦਰ ਪਾਰਟੀ ਦਾ ਇਤਿਹਾਸ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦਾ ਇਕ ਸੁਨਿਹਰੀ ਪੰਨਾ ਹੈ ਅਤੇ ਇਸੇ ਗਦਰ ਪਾਰਟੀ ਦੇ ਸ਼ਹੀਦਾ ਨੂੰ ਭਾਰਤ ਸਰਕਾਰ ਨੇ ਸਨਮਾਨਤ ਕੀਤਾ ਹੈ, ਸੰਸਾਰ ਭਰ ਵਿਚ ਵਸਦੇ ਭਾਰਤੀ ਉਨਾਂ ਸ਼ਹੀਦਾ ਦੀਆਂ ਸ਼ਤਬਦੀਆ ਮਨਾ ਕੇ ਉਸ ਲੋਕ ਪੱਖੀ ਸੋਚ ਦਾ ਅਹਿਦ ਲੈ ਰਹੇ ਹਨ, ਉਥੇ ਪੰਜਾਬ ਦਾ ਆਬਕਾਰੀ ਵਿਭਾਗ ਗਦਰ ਪਾਰਟੀ ਦੇ ਨਾਂ ਨੂੰ ਸਮਾਜ ਵਿਰੋਧੀ ਵਸਤਾਂ ਅਤੇ ਅਮਲਾਂ ਨਾਲ ਰਲਗੱਡ ਕਰਕੇ ਲੋਕਾਂ ਲਈ ਮਰ ਮਿਟਣ ਵਾਲਿਆ ਨਾਲ ਕੋਝਾ ਮਜਾਕ ਕਰ ਰਿਹਾ ਹੈ। ਫੋਰਮ ਨੇ ਪੰਜਾਬ ਸਰਕਾਰ ਨੂੰ ਇਸ ਅਮਲ ਨੂੰ ਵਾਪਸ ਲੈਣ ਲਈ ਆਖਦਿਆ ਲੋਕਾਂ ਨੂੰ ਇਹੋ ਜਿਹੀਆ ਸ਼ਰਾਰਤਾ ਪ੍ਰਤੀ ਜਾਗਰੂਕ ਹੋਣ ਦਾ ਸੱਦਾ ਦਿਤਾ। ਇਹ ਮਤਾ ਪੰਜਾਬ ਸਰਕਾਰ ਨੂੰ ਭੇਜਿਆ



ਜਾਵੇਗਾ।

ਫੋਰਮ ਨੇ ਸ਼ਹੀਦ ਊਧਮ ਸਿੰਘ ਸੁਨਾਮ ਅਤੇ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਦਿਵਸ ਪਹਿਲੀ ਅਗਸਤ ਨੂੰ ਇੰਡੀਆ ਓਵਨ, ਫਰਿਜਨੋ ਦੇ ਹਾਲ ਵਿਚ ਮਨਾਉਣ ਦਾ ਫੈਸਲਾ ਲਿਆ। ਇਹ ਪ੍ਰੋਗਰਾਮ 1 ਅਗਸਤ 2015 ਨੂੰ 1 ਵਜੇ ਤੋਂ ਸ਼ਾਮ ਦੇ 5 ਵਜੇ ਤੱਕ ਹੋਵੇਗਾ ਅਤੇ ਇਸ ਵਿਚ ਮੁਖ ਤੌਰ ਤੇ ਹਰ ਉਮਰ ਦੇ ਵਿਦਿਆਰਥੀਆ ਦੇ ਭਾਸ਼ਨ ਮੁਕਾਬਲੇ ਕਰਵਾਏ ਜਾਣਗੇ।ਵੱਖ ਵੱਖ ਉਮਰ ਦੇ ਵਿਦਿਆਰਥੀਆ ਨੂੰ ਚਾਰ ਗਰੁਪਾਂ ਵਿਚ ਵੰਡ ਕੇ ਹਰ ਗਰੁਪ ਨੂੰ ਇਕ ਵੱਖਰਾ ਵਿਸ਼ਾ ਦਿਤਾ ਜਾਵੇਗਾ। ਹਰ ਗਰੁਪ ਵਿਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀਆ ਨੂੰ ਵਿਸ਼ੇਸ ਇਨਾਮ ਦਿਤੇ ਜਾਣਗੇ। ਫੋਰਮ ਵਲੋਂ ਬੱਚਿਆ ਅਤੇ ਨੌਜਵਾਨਾਂ ਨੂੰ ਆਪਣੀਆ ਸਟੇਜਾ ਤੋ ਹੋਰ ਸਮਾਂ ਦੇ ਕੇ ਹਰ ਤਰਾਂ ਨਾਲ ਉਤਸ਼ਾਹਤ ਕਰਨ ਦੇ ਅਹਿਦ ਹੇਠ ਸ਼ੁਰੂ ਭਾਸ਼ਨ ਮੁਕਾਬਲਿਆਂ ਦੀ ਲੜੀ ਵਿਚ ਇਹ ਮੁਕਾਬਲੇ ਤੀਜੀ ਵਾਰ ਹੋ ਰਹੇ ਹਨ।ਫੋਰਮ ਨੇ ਸਮੂਹ ਲੋਕਾਂ ਅਤੇ ਅਦਾਰਿਆ ਨੂੰ ਇਸ ਉਦਮ ਵਿਚ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ ਹੈ। ਇਸ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਵਿਦਿਆਰਥੀਆ ਨੂੰ ਆਪਣੇ ਨਾਂ ਰਜਿਸਟਰ ਕਰਵਾਉਣ ਅਤੇ ਮੁਕਾਬਲੇ ਦੇ ਵਿਸ਼ਿਆ ਅਤੇ ਨਿਯਮਾ ਦੀ ਜਾਣਕਾਰੀ ਲੈਣ ਲਈ ਫੋਰਮ ਦੀ ਈਮੇਲ Forum@Gmail.Com ਰਾਹੀ ਤਾਲਮੇਲ ਕਰਨ ਦੀ ਅਪੀਲ ਕੀਤੀ ਹੈ।

# ਸੰਤ ਰਾਮ ਉਦਾਸੀ ਅਤੇ ਜੈਮਲ ਸਿੰਘ ਪੱਡਾ ਨੂੰ ਸਮਰਪਿਤ ਕਾਵਿ ਸੰਮੇਲਨ 28 ਜੂਨ ਨੂੰ

**ਸਟਾਕਟਨ (ਹਰਜਿੰਦਰ ਪੰਧੇਰ)**

ਬੀਤੇ ਐਤਵਾਰ ਲੈਥਰੋਪ ਵਿਖੇ ਕੈਲੀਫੋਰਨੀਆਂ ਦੀਆਂ ਚਾਰ ਪੰਜਾਬੀ ਸਾਹਿਤਕ ਜਥੇਬੰਦੀਆਂ ਦੇ ਪ੍ਰਤੀਨਿਧੀਆਂ ਦੀ ਇਕ ਸਾਂਝੀ ਬੈਠਕ ਸਫਲਤਾਪੂਰਵਕ ਸੰਪੰਨ ਹੋਈ। ਇਸ ਬੈਠਕ ਦਾ ਮੁੱਖ ਮਨੋਰਥ: 28 ਜੂਨ, 2015 ਨੂੰ ਸਟਾਕਟਨ ਵਿਖੇ ਕਰਵਾਏ ਜਾ ਰਹੇ ਪੰਜਾਬੀ ਕਾਵਿ-ਸੰਮੇਲਨ ਦੇ ਪ੍ਰੋਗਰਾਮ ਦੀ ਰੂਪ ਰੇਖਾ ਉਲੀਕਣਾ ਸੀ। ਇਸ ਬੈਠਕ ਵਿਚ 'ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ' ਦੇ ਸਟਾਕਟਨ ਯੂਨਿਟ ਵੱਲੋਂ ਹਰਜਿੰਦਰ ਪੰਧੇਰ, ਪ੍ਰੋ. ਹਰਭਜਨ ਸਿੰਘ, ਮਨਦੀਪ ਗੋਰਾ, ਪ੍ਰਿੰਸੀਪਲ ਹਰਨੇਕ ਸਿੰਘ, ਮਨਜੀਤ ਕੌਰ ਸੰਧੂ; ਬੇ-ਏਰੀਆ ਤੋਂ ਤਾਰਾ ਸਿੰਘ ਸਾਗਰ; ਫਰਿਜ਼ਨੋ ਤੋਂ ਪਸ਼ੌਰਾ ਸਿੰਘ ਢਿੱਲੋਂ ਤੇ ਮਿਸਿਜ਼ ਢਿਲੋਂ ਦੇ ਇਲਾਵਾ; 'ਵਿਸ਼ਵ ਪੰਜਾਬੀ ਸਾਹਿਤ ਅਕੈਡਮੀ' ਵੱਲੋਂ ਸੁਖਵਿੰਦਰ ਕੰਬੋਜ਼ ਅਤੇ ਕੁਲਵਿੰਦਰ; 'ਪੰਜਾਬੀ ਗੀਤਕਾਰੀ ਮੰਚ ਕੈਲੀਫੋਰਨੀਆ' ਵੱਲੋਂ ਮੱਖਣ ਲੁਹਾਰ ਅਤੇ 'ਕੂਲ ਪੰਜਾਬੀ ਵਿਰਸਾ ਗਰੁੱਪ' ਵੱਲੋਂ ਪਰਮਜੀਤ ਸਿੰਘ ਸ਼ਾਮਲ ਹੋਏ। ਇਸ ਬੈਠਕ ਦੌਰਾਨ ਖੁੱਲ੍ਹੇ ਅਤੇ ਮਿੱਤਰਤਾਪੂਰਵਕ ਮਾਹੌਲ ਵਿਚ ਭਰਪੂਰ ਅਤੇ ਉਸਾਰੂ ਵਿਚਾਰ ਵਟਾਂਦਰਾ ਹੋਇਆ ਅਤੇ ਸਰਵ-ਸੰਮਤੀ ਨਾਲ ਸਮੁੱਚਾ ਪ੍ਰੋਗਰਾਮ ਉਲੀਕਿਆ ਗਿਆ। ਇਸ ਸੰਮੇਲਨ ਦੀ ਸਫਲਤਾ ਲਈ ਸਮੂਹਿਕ ਤੌਰ 'ਤੇ ਯਤਨ ਕਰਨ ਅਤੇ ਹਰ ਸੰਭਵ ਸਹਿਯੋਗ ਦੇਣ ਪ੍ਰਤੀ ਵਚਨਵੱਧਤਾ ਨੂੰ ਵੀ ਪ੍ਰਗਟਾਇਆ ਅਤੇ ਦ੍ਰਿੜਾਇਆ ਗਿਆ।

ਇਹ ਸੰਮੇਲਨ ਪੰਜਾਬੀ ਦੇ ਪ੍ਰਸਿੱਧ ਕਰਾਂਤੀਕਾਰੀ ਗੀਤਕਾਰਾਂ: ਸੰਤ ਰਾਮ ਉਦਾਸੀ ਅਤੇ ਜੈਮਲ ਸਿੰਘ ਪੱਡਾ ਨੂੰ ਸਮਰਪਤ ਹੋਵੇਗਾ ਜੋ ਆਪਣੀਆਂ ਸਮੂਹ ਜ਼ਿੰਦਗੀਆਂ ਲੋਕ ਹਿੱਤਾਂ ਦੇ ਲੇਖੇ ਲਾ ਕੇ ਪੰਜਾਬ ਦੀ ਜੁਝਾਰਵਾਦੀ ਸਾਹਿਤਕ ਪਰੰਪਰਾ ਅਤੇ ਇਨਕਲਾਬੀ ਵਿਰਾਸਤ ਵਿਚ ਅਨਮੁੱਲਾ ਯੋਗਦਾਨ ਪਾ ਗਏ। ਇਸ ਸੰਮੇਲਨ ਦੇ ਆਰੰਭ ਵਿਚ ਕੁਝ ਚੋਣਵੇਂ ਇਨਕਲਾਬੀ ਗੀਤਾਂ ਦਾ ਪ੍ਰੋਗਰਾਮ 'ਕੂਲ ਪੰਜਾਬੀ ਵਿਰਸਾ ਗਰੁੱਪ ਸਟਾਕਟਨ' ਦੀ ਪ੍ਰਸਿੱਧ ਸੰਗੀਤਕਾਰ ਜੋੜੀ ਪਰਮਜੀਤ ਸਿੰਘ ਅਤੇ ਰੇਣੂ ਸਿੰਘ ਵੱਲੋਂ ਪੇਸ਼ ਕੀਤਾ ਜਾਵੇਗਾ। ਪ੍ਰਿਤਪਾਲ ਕੌਰ (ਸੰਤ ਰਾਮ ਉਦਾਸੀ ਦੀ ਲੜਕੀ) ਅਤੇ ਕੁਝ ਹੋਰ ਗੀਤਕਾਰ ਵੀ ਸੰਤ ਰਾਮ ਉਦਾਸੀ ਅਤੇ ਜੈਮਲ ਸਿੰਘ ਪੱਡਾ ਦੇ ਗੀਤ ਗਾਉਣਗੇ।



**(ਖੱਬਿਉਂ- ਸੱਜੇ) ਮਨਜੀਤ ਕੌਰ ਸੰਧੂ, ਮਿਸਿਜ਼ ਢਿੱਲੋਂ, ਪਸ਼ੌਰਾ ਸਿੰਘ ਢਿੱਲੋਂ, ਪ੍ਰਿੰਸੀਪਲ ਹਰਨੇਕ ਸਿੰਘ, ਪ੍ਰੋ. ਹਰਭਜਨ ਸਿੰਘ, ਕੁਲਵਿੰਦਰ, ਸੁਖਵਿੰਦਰ ਕੰਬੋਜ, ਸਦਿਤਾ (ਮਨਦੀਪ ਗੋਰੇ ਦੀ ਬੇਟੀ), ਤਾਰਾ ਸਿੰਘ ਸਾਗਰ, ਪਰਮਜੀਤ ਸਿੰਘ, ਹਰਜਿੰਦਰ ਪੰਧੇਰ (ਫੋਟੋ- ਮਨਦੀਪ ਗੋਰਾ)**

ਇਸ ਤੋਂ ਬਾਅਦ ਪਹਿਲੇ ਸੈਸ਼ਨ ਦਾ ਆਰੰਭ ਇਸ ਸੰਮੇਲਨ ਦੇ ਮੁੱਖ ਮੇਜ਼ਬਾਨ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਸਟਾਕਟਨ ਯੂਨਿਟ ਦੇ ਪ੍ਰਧਾਨ ਹਰਜਿੰਦਰ ਪੰਧੇਰ ਵਲੋਂ ਸਮੂਹ ਸਰੋਤਿਆਂ ਨੂੰ ਨਿੱਘੀ ਜੀ ਆਇਆਂ ਆਖਦਿਆਂ ਕੀਤਾ ਜਾਵੇਗਾ। ਇਸ ਉਪਰੰਤ ਪ੍ਰਸਿੱਧ ਗ਼ਜ਼ਲਗੋ ਜਸਵਿੰਦਰ (ਜਿਨ੍ਹਾਂ ਨੂੰ ਉਹਨਾਂ ਦੀ ਪੁਸਤਕ 'ਅਗਰਬੱਤੀ' ਲਈ ਭਾਰਤੀ ਸਾਹਿਤ ਅਕੈਡਮੀ ਵਲੋਂ ਸਰਬੋਤਮ ਇਨਾਮ ਨਾਲ ਸਨਮਾਨਿਆ ਗਿਆ ਹੈ) "ਜੁਝਾਰਵਾਦੀ ਅਤੇ ਇਨਕਲਾਬੀ ਪੰਜਾਬੀ ਕਵਿਤਾ ਦੇ ਸਾਹਿਤਕ ਯੋਗਦਾਨ ਅਤੇ ਲੋਕ-ਪੱਖੀ ਮਹੱਤਵ" ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਇਸ ਦੌਰਾਨ ਡਾ. ਸੁਰਜੀਤ ਬਰਾੜ ਅਤੇ ਮਹਿੰਦਰਪਾਲ ਧਾਲੀਵਾਲ ਦੁਆਰਾ ਸੰਪਾਦਤ ਨਿਬੰਧ ਸੰਗ੍ਰਹਿ "ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ" ਲੋਕ ਅਰਪਣ ਕੀਤਾ ਜਾਵੇਗਾ। ਇਸ ਸੰਗ੍ਰਹਿ ਵਿਚ ਪੰਜਾਬੀ ਦੇ ਪ੍ਰਸਿੱਧ ਲੇਖਕਾਂ, ਚਿੰਤਕਾਂ ਅਤੇ ਵਿਦਵਾਨਾਂ ਦੇ 23 ਅਲੋਚਨਾਤਮਕ ਲੇਖ ਸ਼ਾਮਲ ਕੀਤੇ ਗਏ ਹਨ। ਦੂਸਰੇ ਸੈਸ਼ਨ ਦਾ ਆਰੰਭ ਗ਼ਜ਼ਲ ਗਾਇਨ ਨਾਲ ਹੋਵੇਗਾ। ਪਰਮਜੀਤ ਸਿੰਘ ਅਤੇ ਰੇਣੂ ਸਿੰਘ ਵੱਲੋਂ ਦੁਸ਼ਅੰਤ ਕੁਮਾਰ ਅਤੇ ਜਸਵਿੰਦਰ ਦੀਆਂ ਕੁਝ ਚੋਣਵੀਆਂ ਗ਼ਜ਼ਲਾਂ ਪੇਸ਼ ਕੀਤੀਆਂ ਜਾਣਗੀਆਂ। ਇਸ ਤੋਂ ਮਗਰੋਂ ਦੋ ਖੋਜ ਪੇਪਰ ਪੜ੍ਹੇ ਜਾਣਗੇ। ਪਹਿਲਾ ਪੇਪਰ: 'ਅਮਰੀਕਨ ਪੰਜਾਬੀ ਕਵਿਤਾ ਦਾ ਗਲੋਬਲੀ ਪਰਿਪੇਖ' ਡਾ. ਮੋਹਨ ਸਿੰਘ ਤਿਆਗੀ (Assistant Professor, Dept. of Punjabi Literary Studies, Punjabi University Patiala) ਵੱਲੋਂ ਅਤੇ ਦੂਸਰਾ ਪੇਪਰ: 'ਅਮਰੀਕੀ ਪੰਜਾਬੀ ਕਵਿਤਾ ਦੇ ਪਰਵਾਸੀ ਸਰੋਕਾਰ' ਡਾ. ਸੁਹਿੰਦਰ ਬੀਰ ਸਿੰਘ (Senior Professor, Guru Nanak Dev University, Amritsar) ਵੱਲੋਂ ਪੇਸ਼ ਕੀਤਾ ਜਾਵੇਗਾ। ਇਹਨਾਂ ਪੇਪਰਾਂ ਬਾਰੇ ਉਸਾਰੂ ਵਿਚਾਰ ਵਟਾਂਦਰੇ ਦਾ ਸਵਾਗਤ ਕੀਤਾ ਜਾਵੇਗਾ। ਪ੍ਰਸਿੱਧ ਪੰਜਾਬੀ ਕਵੀ ਅਜਮੇਰ ਰੋਡੇ ਅਤੇ ਕਹਾਣੀਕਾਰ ਅਮਰਜੀਤ ਚਾਹਲ (ਦੋਵੇਂ ਸਰੀ, ਕੈਨੇਡਾ) ਵਿਸ਼ੇਸ਼ ਮਹਿਮਾਨਾਂ ਵਜੋਂ ਹਿੱਸਾ ਲੈਣਗੇ ਅਤੇ ਕੈਨੇਡੀਅਨ ਪੰਜਾਬੀ ਕਵਿਤਾ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਤੀਸਰੇ ਸੈਸ਼ਨ ਦੌਰਾਨ ਪਸ਼ੌਰਾ ਸਿੰਘ ਢਿਲੋਂ ਦਾ ਕਾਵਿ ਸੰਗ੍ਰਹਿ 'ਦੀਵਾ ਬਲੇ ਸਮੁੰਦਰੋਂ ਪਾਰ' ਲੋਕ ਅਰਪਣ ਕੀਤਾ ਜਾਵੇਗਾ। ਇਸਦੇ ਨਾਲ ਹੀ ਕਵੀ ਦਰਬਾਰ ਸ਼ੁਰੂ ਹੋ ਜਾਵੇਗਾ। ਇਸ ਵਿਚ ਹਾਜ਼ਰ ਗ਼ਜ਼ਲਗੋ, ਕਵੀ ਅਤੇ ਗੀਤਕਾਰ ਆਪਣੀਆਂ ਤਾਜ਼ਾ-ਤਰੀਨ ਰਚਨਾਵਾਂ ਨਾਲ ਸਰੋਤਿਆਂ ਦਾ ਮਨੋਰੰਜਨ ਕਰਨਗੇ। ਦੁਪਹਿਰ ਦੇ ਖਾਣੇ ਦੀ ਛੁੱਟੀ ਦੌਰਾਨ ਪ੍ਰੋ. ਹਰਭਜਨ ਸਿੰਘ ਵੱਲੋਂ ਪੰਜਾਬੀ ਕਿਤਾਬਾਂ ਦੀ 'ਸੇਲ' ਲਾਈ ਜਾਵੇਗੀ। ਇਹ ਸੰਮੇਲਨ: 28 ਜੂਨ (ਦਿਨ ਐਤਵਾਰ) ਨੂੰ ਰਾਇਲ ਇੰਡੀਅਨ ਕੁਜ਼ੀਨ, 7610 ਪੈਸੇਫਿਕ ਐਵਨਿਊ, ਸਟਾਕਟਨ, ਕੈਲੀਫੋਰਨੀਆ 95209 (Royal Indian cuisine, 7610 Pacific Ave, Stockton, CA 95209) ਦੇ ਹਾਲ ਵਿਚ ਸਵੇਰੇ ਗਿਆਰਾਂ ਵਜੇ ਸ਼ੁਰੂ ਹੋ ਕੇ ਸ਼ਾਮ ਸਮਾਪਤੀ ਤੱਕ ਚਲੇਗਾ। ਇਸ ਸੰਮੇਲਨ ਦੀਆਂ ਪ੍ਰਬੰਧਕ ਜਥੇਬੰਦੀਆਂ ਵੱਲੋਂ ਸਮੂਹ ਸਾਹਿਤਕਾਰਾਂ ਨੂੰ ਇਸ ਵਿਚ ਆਪਣੀਆਂ ਨਵੀਆਂ ਰਚਨਾਵਾਂ ਨਾਲ ਸਿਰਜਨਾਤਮਕ ਯੋਗਦਾਨ ਪਾਉਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਇਸ ਦੇ ਨਾਲ ਹੀ ਸਮੂਹ ਸਾਹਿਤ ਪ੍ਰੇਮੀਆਂ ਨੂੰ ਵੀ ਹੁੰਮ ਹੁਮਾ ਕੇ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਸਮੂਹ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਗਿਆਰਾਂ ਵਜੇ ਤੋਂ ਪਹਿਲਾਂ ਪਹਿਲਾਂ ਪਹੁੰਚ ਕੇ ਇਸ ਸੰਮੇਲਨ ਨੂੰ ਸਫਲ ਬਣਾਉਣ ਵਿਚ ਸਰਗਰਮ ਹਿੱਸਾ ਪਾਉਣ ਲਈ ਅਸੀਂ ਉਨ੍ਹਾਂ ਦੇ ਤਹਿ-ਦਿਲੋਂ ਧੰਨਵਾਦੀ ਹੋਵਾਂਗੇ। ਖਾਣ ਪੀਣ ਅਤੇ ਚਾਹ ਪਾਣੀ ਦਾ ਉਚਿਤ ਪ੍ਰਬੰਧ ਹੋਵੇਗਾ।

**ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ;**
**ਵਿਸ਼ਵ ਪੰਜਾਬੀ ਸਾਹਿਤ ਅਕੈਡਮੀ। ਪੰਜਾਬੀ ਗੀਤਕਾਰੀ ਮੰਚ ਕੈਲੀਫੋਰਨੀਆ; ਕੂਲ ਪੰਜਾਬੀ ਵਿਰਸਾ ਗਰੁੱਪ ਸਟਾਕਟਨ।**

# ਗਿੱਲ ਇੰਸ਼ੋਰੈਂਸ ਵੱਲੋਂ ਕੰਪਨੀ ਦੀ ਨਵੀ ਐਡ ਦੀ ਸੀ ਡੀ ਰਿਲੀਜ਼!





**ਫਰਿਜ਼ਨੋ (ਕੈਲੇਫੋਰਨੀਆਂ) (ਨੀਟਾ ਮਾਛੀਕੇ/ ਕੁਲਵੰਤ ਧਾਲੀਆਂ)** ਕੈਲੇਫੋਰਨੀਆਂ ਵਿੱਚ ਇੰਨਸ਼ੋਰੈਨਸ ਦੀ ਦੁਨੀਆਂ ਦੇ ਮਸ਼ਹੂਰ ਨਾਮ ਅਵਤਾਰ ਗਿੱਲ ਅਤੇ ਹੈਰੀ ਗਿੱਲ ਜਿਹੜੇ ਕਿ ਘਰਾਂ, ਕਾਰਾ, ਟਰੱਕਾ, ਸਟੋਰਾ ਅਤੇ ਖੇਤਾ ਦੀ ਇੰਸ਼ੋਰੈਂਸ ਗਿੱਲ ਇੰਸ਼ੋਰੈਂਸ ਦੇ ਬੈਨਰ ਹੇਠ ਲੰਮੇ ਸਮੇਂ ਤੋਂ ਕਰਦੇ ਆ ਰਹੇ ਹਨ। ਪਿਛਲੇ ਕਈ ਦਿਨਾਂ ਤੋਂ ਫਰਿਜ਼ਨੋ ਏਰੀਏ ਵਿੱਚ ਇਹਨਾਂ ਦੀ ਨਵੀਂ ਕਾਰੋਬਾਰੀ ਮਸ਼ਹੂਰੀ ਬਣਾਉਣ ਲਈ ਪੰਜਾਬ ਤੋਂ ਹਾਸਰਸ ਕਲਾਕਾਰ ਜਸਵਿੰਦਰ ਭੱਲਾ ਅਤੇ ਬਾਲ ਮਕੰਦ ਸ਼ਰਮਾਂ ਪਹੁੰਚੇ ਹੋਏ ਸਨ। ਅਤੇ ਇਸ ਪੂਰੀ ਐਡ ਦੀ ਵੀਡੀਓ ਗ੍ਰਾਫੀ ਮੋਗਾ ਵੀਡੀਓ ਵਾਲੇ ਅਜੀਤ ਗਿੱਲ ਨੇ ਕੀਤੀ। ਲੰਘੇ ਸੋਮਵਾਰ ਇਸ ਐਡ ਦੀ ਸੀਡੀ ਦੀ ਘੁੰਡ ਚੁਕਾਈ ਅਵਤਾਰ ਗਿੱਲ ਦੇ ਗ੍ਰਹਿ ਵਿੱਖੇ ਇੱਕ ਸ਼ਾਨਦਾਰ ਡਿਨਰ ਪਿੱਛੋ ਪ੍ਰਭਾਵਸ਼ਾਲੀ ਸਮਾਰੋਹ ਦੌਰਾਨ ਕੀਤੀ ਗਈ। ਇਸ ਮੌਕੇ ਹਾਸਰਸ ਕਲਾਕਾਰ ਬਾਲ ਮੁਕੰਦ ਸ਼ਰਮਾਂ ਅਤੇ ਜਸਵਿੰਦਰ ਭੱਲੇ ਤੋਂ ਬਿਨਾਂ ਚਰਨਜੀਤ ਸਿੰਘ ਬਾਠ, ਕੰਨਵਰ ਬਾਠ, ਜਗਰੂਪ ਸਿੰਘ ਗਿੱਲ, ਅਮਰਜੀਤ ਪੱਪੂ (ਮਹਾਰ), ਕੇਵਲ ਗਿੱਲ, ਰੈਪੀ ਗਿੱਲ (ਮੇਜਰ ਟਰੱਕਿੰਗ), ਕੁਲਵਿੰਦਰ ਗਿੱਲ, ਰਾਜ ਬੀਸਲਾ, ਡਾ. ਦਲਪਿੰਦਰ ਸੰਧੂ, ਸਰਬਜੀਤ ਗਿੱਲ, ਜੁਗਿੰਦਰ ਸਿੰਘ ਰਾਏ, ਡਾ. ਨਿਰਮਲ ਬਰਾੜ, ਬਹਾਦਰ ਸਿੰਘ ਮਾਹਲ, ਸਿੰਦਰਪਾਲ ਸਹੋਤਾ, ਪਾਲ ਸਹੋਤਾ, ਟੋਨੀ ਗਿੱਲ ਅਦਿ ਸੱਜਣ ਸ਼ਾਮਲ ਸਨ।

ਇਸ ਮੌਕੇ ਅਵਤਾਰ ਗਿੱਲ ਨੇ ਆਏ ਮਹਿਮਾਨਾਂ ਦਾ ਸ਼ੁਕਰੀਆਂ ਅਦਾ ਕੀਤਾ ਅਤੇ ਪੱਤਰਕਾਰਾ ਦੇ ਰੂਬਰੂ ਹੁੰਦਿਆਂ ਕਿਹਾ ਕਿ ਅਸੀ ਸਮੂਹ ਪੰਜਾਬੀ ਭਾਈਚਾਰੇ ਦਾ ਗਿੱਲ ਇੰਸ਼ੋਰੈਂਸ ਦੀਆਂ ਸੇਵਾਵਾਂ ਤੇ ਭਰੋਸਾ ਕਰਨ ਲਈ ਤਹਿ ਦਿਲੋਂ ਧੰਨਵਾਦ ਕਰਦੇ ਹਾਂ। ਉਹਨਾਂ ਕਿਹਾ ਕਿ ਬਹੁਤ ਜਲਦ ਇਹ ਨਵੀਂ ਐਡ ਜਸ ਪੰਜਾਬੀ ਅਤੇ ਪੀ ਟੀ ਸੀ ਪੰਜਾਬੀ ਟੀਵੀ ਚੈਨਲਾਂ ਤੇ ਨਜ਼ਰ ਆਵੇਗੀ ਅਤੇ ਰੇਡੀਓਜ ਅਤੇ ਅਖਬਾਰਾਂ ਵਿੱਚ ਵੀ ਗਿੱਲ ਇੰਨਸ਼ੋਰੈਨਸ ਦੀ ਐਡ ਨਵੇਂ ਸਟਾਇਲ ਅਤੇ ਰੰਗਲੇ ਪ੍ਰੈਂਟਾਂ ਵਿੱਚ ਨਜ਼ਰ ਆਵੇਗੀ।

## ਪਰਵਾਸੀ ਪੰਜਾਬੀਆਂ ਦੇ ਕਤਲ ਤੇ ਅਗਵਾ ਕਰਨ ਲਈ ਪੰਜਾਬ ਸੁਰੱਖਿਅਤ ਸਥਾਨ- ਚਾਹਲ

**ਚੰਡੀਗੜ/ਮਿਲਪੀਟਸ (ਕੈਲੀਫੋਰਨੀਆ)** ਇੰਗਲੈਂਡ ਵਿਚ ਹੋਟਲਾਂ ਦਾ ਕਾਰੋਬਾਰ ਕਰ ਰਹੇ ਸ: ਰਣਜੀਤ ਸਿੰਘ ਪੁਆਰ ਨੂੰ ਪੰਜਾਬ ਵਿਚ ਕਤਲ ਕਰ ਦੇਣ ਦੀਆਂ ਖਬਰਾਂ ਦੇ ਕਾਰਣ ਜਿਥੇ ਪਰਵਾਸੀ ਪੰਜਾਬੀ ਭਾਈਚਾਰਾ ਗਮ ਤੇ ਅਫਸੋਸ ਵਿਚ ਹੈ ਉਥੇ ਇਸ ਦਰਦਨਾਕ ਕਤਲ ਦੀ ਖਬਰ ਸੁਣ ਕੇ ਸਮੁਚੇ ਪਰਵਾਸੀ ਪੰਜਾਬੀ ਭਾਈਚਾਰੇ ਵਿਚ ਗੁਸੇ ਦੀ ਲਹਿਰ ਦੌੜ ਗਈ ਹੈ।ਇਸ ਗਲ ਦੀ ਜਾਣਕਾਰੀ ਦਿੰਦਿਆਂ ਅਜ ਇਥੇ ਪਰਵਾਸੀ ਪੰਜਾਬੀਆਂ ਦੀ ਭਲਾਈ ਲਈ ਕੰਮ ਕਰ ਰਹੀ ਸੰਸਥਾ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਨੇ ਸ: ਰਣਜੀਤ ਸਿੰਘ ਪੁਆਰ ਦੇ ਕਤਲ ਉਪਰ ਦੁਖ ਪਰਗਟ ਕਰਦਿਆਂ ਕਿਹਾ ਕਿ ਉਹਨਾਂ ਨੂੰ ਇਸ ਗਲ ਦੀ ਸਮਝ ਨਹੀਂ ਆਉਂਦੀ ਕਿ ਪਰਵਾਸੀ ਪੰਜਾਬੀਆਂ ਉਪਰ ਜਾਨਲੇਵਾ ਹਮਲੇ ਕਰਨ,ਉਹਨਾਂ ਨੂੰ ਅਗਵਾ ਜਾਂ ਕਤਲ ਕਰਨ ਲਈ ਮੁਜਰਿਮਾਂ ਵਲੋਂ ਪੰਜਾਬ ਨੂੰ ਹੀ ਆਪਣੀ ਥਾਂ ਚੁਣਨਾ ਪਸੰਦ ਕਿਉਂ ਕੀਤਾ ਜਾ ਰਿਹਾ ਹੈ। ਸ: ਚਾਹਲ ਨੇ ਕਿਹਾ ਕਿ ਸ਼ਾਇਦ ਅਜਿਹੇ ਮੁਜਰਿਮ ਪੰਜਾਬ ਨੂੰ ਪਰਵਾਸੀ ਪੰਜਾਬੀਆਂ ਉਪਰ ਹਮਲੇ ਕਰਨ ਲਈ ਸਭ ਤੋਂ ਜਿਆਦਾ ਸੁਰੱਖਿਅਤ ਸਥਾਨ ਸਮਝ ਰਹੇ ਹਨ। ਸ: ਚਾਹਲ ਨੇ ਇਸ ਕਤਲ ਲਈ ਜਾਂਚ ਕਰ ਰਹੀਆਂ ਏਜੰਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਗਲ ਨੂੰ ਵੀ ਆਪਣੀ ਜਾਂਚ ਦੇ ਘੇਰੇ ਵਿਚ ਲਿਆਉਣ ਕਿ ਸ: ਰਣਜੀਤ ਸਿੰਘ ਪੁਆਰ ਦੇ ਕਤਲ ਪਿਛੇ ਕਿਸੇ ਸ਼ਕਤੀਸ਼ਾਲੀ ਸਿਆਸੀ ਆਗੂ ਜਾਂ



ਸਰਕਾਰੀ ਅਧਿਕਾਰੀ ਦਾ ਹੱਥ ਤਾਂ ਨਹੀਂ ਕਿਉਂਕਿ ਇਹੋ ਜਿਹੇ ਹਾਈ ਪਰੋਫਾਈਲ ਆਦਮੀ ਦਾ ਕਤਲ ਕੋਈ ਸਧਾਰਣ ਵਿਅਕਤੀ ਨਹੀਂ ਕਰ ਸਕਦਾ।ਸ: ਚਾਹਲ ਨੇ ਮ੍ਰਿਤਕ ਦੇ ਪਰਿਵਾਰ ਨਾਲ ਦੁਖ ਤੇ ਅਫਸੋਸ ਦਾ ਪਰਗਟਾਵਾ ਕਰਦਿਆਂ ਕਿਹਾ ਕਿ ਅਜ ਭਾਵੇਂ ਦੁਨੀਆਂ ਦੀ ਕੋਈ ਤਾਕਤ ਪਰਿਵਾਰ ਲਈ ਸ: ਰਣਜੀਤ ਸਿੰਘ ਪੁਆਰ ਦੀ ਥਾਂ ਭਰ ਨਹੀਂ ਸਕਦਾ ਪਰ ਸਮੁਚਾ ਪੰਜਾਬੀ ਭਾਈਚਾਰਾ ਇਸ ਦੁਖ ਦੀ ਘੜੀ ਵਿਚ ਦੁਖੀ ਪਰਿਵਾਰ ਦੇ ਨਾਲ ਖੜਾ ਹੈ

## ਕਾਂਗਰਸ ਨੇ ਅੰਬੇਡਕਰ ਨੂੰ ਕਿਉਂ ਨਹੀਂ ਦਿੱਤਾ ਭਾਰਤ ਰਤਨ: ਪ੍ਰਸਾਦ



**ਨਵੀਂ ਦਿੱਲੀ–** ਕਾਂਗਰਸ ਉਪ ਪ੍ਰਧਾਨ ਰਾਹੁਲ ਗਾਂਧੀ ਦੇ ਬਾਬਾ ਸਾਹੇਬ ਭੀਮਾਰਓ ਅੰਬੇਡਕਰ ਦੀ ਜਨਮਸਥਲੀ ਮਹੂ ਜਾਣ 'ਤੇ ਕੇਂਦਰੀ ਸੰਚਾਰ ਤੇ ਟੈਕਨਾਲੋਜੀ ਮੰਤਰੀ ਰਵਿਸ਼ੰਕਰ ਪ੍ਰਸਾਦ ਨੇ ਅੱਜ ਸਵਾਲ ਕੀਤਾ ਕਿ ਦੇਸ਼ 'ਚ ਕਾਂਗਸਰਸ ਦੇ 58 ਸਾਲ ਦੇ ਸ਼ਾਸਨਕਾਲ ਦੌਰਾਨ ਉਨ੍ਹਾਂ ਨੂੰ ਭਾਰਤ ਰਤਨ ਨਾਲ ਸਨਮਾਨਿਤ ਕਿਉਂ ਨਹੀਂ ਕੀਤਾ ਗਿਆ। ਪ੍ਰਸਾਦ ਨੇ ਆਪਣੇ ਮੰਤਰਾਲੇ 'ਚ ਇਕ ਸਾਲ ਦੀਆਂ ਉਪਲਬੱਧੀਆਂ ਦੀ ਜਾਣਕਾਰੀ ਦੇਣ ਲਈ ਆਯੋਜਿਤ ਪੱਤਰਕਾਰ ਸੰਮੇਲਨ 'ਚ ਪੱਤਰਕਾਰਾਂ ਦੇ ਸਵਾਲਾਂ 'ਤੇ ਕਿਹਾ ਕਿ ਕਾਂਗਰਸ ਉਪ ਪ੍ਰਧਾਨ ਦਾ ਹੁਣ ਬਾਬਾ ਸਾਹੇਬ ਦੇ ਪ੍ਰਤੀ ਲਗਾਅ ਵਧ ਗਿਆ ਹੈ ਪਰ ਮੈਂ ਉਨ੍ਹਾਂ ਤੋਂ ਇਕ ਸਵਾਲ ਪੁੱਛਣਾ ਚਾਹਾਂਗਾ ਕਿ ਦੇਸ਼ 'ਤੇ 58 ਸਾਲ ਤੱਕ ਸ਼ਾਸਨ ਕਰਨ ਵਾਲੀ ਕਾਂਗਰਸ ਦੀ ਸਰਕਾਰਾਂ ਨੇ ਅੰਬੇਡਕਰ ਨੂੰ ਭਾਰਤ ਰਤਨ ਨਾਲ ਸਨਮਾਨਿਤ ਕਿਉਂ ਨਹੀਂ ਕੀਤਾ।

## ਪੰਥ ਪ੍ਰਸਿਧ ਕਥਾਵਾਚਕ ਭਾਈ ਪ੍ਰਮਜੀਤ ਸਿੰਘ ਜੀ ਉਤਰਾਖੰਡ ਨੇ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਕਥਾ ਦੁਆਰਾ ਸੰਗਤਾ ਨੂੰ ਨਿਹਾਲ ਕੀਤਾ!

**ਫਰਿਜ਼ਨੋ (ਕੈਲੇਫੋਰਨੀਆਂ)**
**ਨੀਟਾ ਮਾਛੀਕੇ, ਕੁਲਵੰਤ ਧਾਲੀਆਂ**

ਇੰਟਰਨੈਂਸ਼ਨਲ ਗੁਰਮਿਤ ਪ੍ਰਚਾਰ ਸੁਸਾਇਟੀ ਦੇ ਸਰਗਰਮ ਮੈਂਬਰ ਭਾਈ ਪ੍ਰਮਜੀਤ ਸਿੰਘ ਉਤਰਾਖੰਡ ਜਿਹੜੇ ਕਿ ਮਾਨਵਤਾ ਦੇ ਹਿੱਤਾ ਲਈ ਸਮਾਜਿਕ ਕਾਰਜ ਕਰਨ ਕਰਕੇ ਚਰਚਾ ਵਿੱਚ ਰਹਿੰਦੇ ਹਨ, ਉਹ ਅੱਜ-ਕੱਲ ਫਰਿਜ਼ਨੋ ਸ਼ਹਿਰ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਸ਼ਾਮ ਦੇ ਦੀਵਾਨਾਂ ਵਿੱਚ ਹਾਜ਼ਰੀ ਭਰਕੇ ਸੰਗਤਾ ਨੂੰ ਕਥਾ ਦੁਆਰਾ ਗੁਰੂ ਸ਼ਬਦ ਨਾਲ ਜੋੜ ਰਹੇ ਹਨ। ਕੰਮ ਦੇ ਦਿਨਾਂ ਦੇ ਬਾਵਜੂਦ ਵੀ ਕਾਫੀ ਗਿਣਤੀ ਵਿੱਚ ਸੰਗਤਾ ਨੇ ਭਾਈ ਸਹਿਬ ਦੇ ਦੀਵਾਨਾ ਵਿੱਚ ਹਾਜ਼ਰੀ ਭਰਕੇ ਉਹਨਾਂ ਦੇ ਵਡਮੁਲੇ ਵਿਚਾਰਾ ਦਾ ਲਾਹਾ ਲਿਆ। ਉਹਨਾਂ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਲੰਘੇ



ਹਫਤੇ ਮੰਗਲਵਾਰ ਤੋਂ ਲੈਕੇ ਸ਼ਨੀਵਾਰ ਤੱਕ ਕਥਾ ਕਰਕੇ ਸੰਗਤ ਨੂੰ ਵਹਿਮਾ ਭਰਮਾ ਤੋਂ ਉਪਰ ਉਠ ਕੇ, ਦੇਹਧਾਰੀ ਪਖੰਡੀ ਸਾਧਾਂ ਦਾ ਪੱਲ੍ਹਾ ਛੱਡਕੇ ਗੁਰੂ ਗ੍ਰੰਥ ਸਹਿਬ ਦੇ ਲੜ ਲੱਗਣ ਦੀ ਪੁਰਜ਼ੋਰ ਅਪੀਲ ਕਰਦਿਆ ਸੰਗਤ ਨੂੰ ਇੱਕ ਪਲੇਟ-ਫਾਰਮ ਤੇ ਇਕੱਠੇ ਹੋਕੇ ਸਿੱਖ ਮਸਲੇ ਵਿਚਾਰਨ ਦੀ ਗੱਲ ਗੱਲ ਕਹੀ। ਇਥੇ ਇਹ ਗੱਲ ਜ਼ਿਕਰਯੋਗ ਹੈ ਕਿ ਕੁਝ ਮਹੀਨੇ ਪਹਿਲਾ ਜਿਹੜਾ ਫਰਿਜ਼ਨੋ ਤੋਂ ਕਪੜਿਆ ਨਾਲ ਭਰਿਆ ਕੰਟੇਨਰ ਭਾਰਤ ਵਿੱਚ ਵਸਦੇ ਲੋੜਵੰਦ ਲੋਕਾ ਤੱਕ ਪਹੁੰਚਾਇਆ ਗਿਆ ਸੀ, ਉਹ ਵੀ ਭਾਈ ਪ੍ਰਮਜੀਤ ਸਿੰਘ ਉਤਰਾਖੰਡ ਦੇ ਉਪਰਾਲੇ ਸਦਕੇ ਹੀ ਕਾਰਜ਼ ਨੇਪਰੇ ਚੜਿਆ ਸੀ..! ਇਹਨਾਂ ਦੀਵਾਨਾ ਦੌਰਾਨ ਗੁਰੂ ਘਰ ਦੇ ਮੁਖ ਸੇਵਾਦਾਰ ਭਾਈ ਮਲਕੀਤ ਸਿੰਘ ਨੇ ਵੀ ਆਪਣੇ ਵਿਚਾਰ ਸੰਗਤਾ ਨਾਲ ਸਾਝੇ ਕੀਤੇ।

## ਬ੍ਰਿਟੇਨ 'ਚ ਨਸਲੀ ਹਮਲੇ 'ਚ ਜਾਨ ਗੁਆਉਣ ਵਾਲੇ ਸਿੱਖ ਦੇ ਪਰਿਵਾਰ ਨੂੰ 10 ਸਾਲਾਂ ਬਾਅਦ ਆਏਗਾ ਸੁੱਖ ਦਾ ਸਾਹ



**ਲੰਡਨ–** ਇੰਗਲੈਂਡ ਵਿਚ 10 ਸਾਲ ਪਹਿਲਾਂ ਬੇਰਹਿਮੀ ਨਾਲ ਕਤਲ ਕੀਤੇ ਗਏ ਸਿੱਖ ਨੌਜਵਾਨ ਕੁਲਵਿੰਦਰ ਬੌਬ ਸਿੰਘ ਦੇ ਮਾਮਲੇ ਵਿਚ ਪੁਲਸ ਦੇ ਹੱਥ ਹੁਣ ਜਾ ਕੇ ਇਕ ਹੋਰ ਕਾਮਯਾਬੀ ਲੱਗੀ ਹੈ। ਮਾਨਚੈਸਟਰ ਦੇ ਇਲਾਕੇ ਚੈਥਮ ਹਿਲ ਵਿਚ ਅਪ੍ਰੈਲ, 2004 ਨੂੰ ਬੌਬ ਸਿੰਘ ਨੂੰ ਬੁਰੀ ਤਰ੍ਹਾਂ ਕੁੱਟਿਆ ਸੀ, ਜਿਸ ਵਿਚ ਉਹ ਬੁਰੀ ਤਰ੍ਹਾਂ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ ਅਤੇ 16 ਦਿਨਾਂ ਤੱਕ ਹਸਪਤਾਲ ਵਿਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜਨ ਤੋਂ ਬਾਅਦ ਉਸ ਦੀ ਮੌਤ ਹੋ ਗਈ। ਇਸ ਮਾਮਲੇ ਵਿਚ ਪੁਲਸ ਨੇ ਦੋ ਗ੍ਰਿਫਤਾਰੀਆਂ ਕੀਤੀਆਂ ਪਰ ਮਾਮਲੇ ਦਾ ਮੁੱਖ ਦੋਸ਼ੀ ਫਰਾਰ ਸੀ, ਜਿਸ ਨੂੰ ਕੱਲ੍ਹ ਪੁਲਸ ਨੇ ਗ੍ਰਿਫਤਾਰ ਕਰ ਲਿਆ ਤੇ ਕੁਲਵਿੰਦਰ ਬੌਬ ਸਿੰਘ ਦੇ ਪਰਿਵਾਰ ਦੇ ਸਾਹ ਵਿਚ ਸਾਹ ਆਇਆ। ਬੌਬ ਸਿੰਘ ਆਪਣੇ ਪਿੱਛੇ ਪਤਨੀ ਤੇ ਬੱਚਿਆਂ ਨੂੰ ਛੱਡ ਗਿਆ ਸੀ।

ਇਸ ਮਾਮਲੇ ਵਿਚ ਨਵੰਬਰ 2005 ਵਿਚ ਮਾਨਜਿਨ ਸਿਮੀ ਸੀਮਾਜ ਅਤੇ ਐਮੀਰਜਾਨ ਹੇਸਾਜ ਨੂੰ 2010 ਵਿਚ ਕੈਦ ਦੀ ਸਜ਼ਾ ਸੁਣਾਈ ਗਈ ਸੀ, ਜਦੋਂ ਕਿ ਇਸ ਮਾਮਲੇ ਵਿਚ ਇਕ ਕੁਰਤੀ ਨਾਂ ਦਾ ਵਿਅਕਤੀ ਫਰਾਰ ਸੀ। 10 ਸਾਲਾਂ ਤੋਂ ਅਲਫਰਿਡ ਕੁਰਤੀ ਦੀ ਤਲਾਸ਼ ਕਰ ਰਹੀ ਪੁਲਸ ਦੇ ਹੱਥ ਕੱਲ੍ਹ ਉਸ ਸਮੇਂ ਸਫਲਤਾ ਲੱਗੀ, ਜਦੋਂ ਉਸ ਨੂੰ ਆਇਰਲੈਂਡ ਤੋਂ ਗ੍ਰਿਫਤਾਰ ਕਰ ਲਿਆ ਗਿਆ। ਉਸ ਨੂੰ ਡਬਲਿਨ ਹਾਈਕੋਰਟ ਵਿਚ ਪੇਸ਼ ਕਰਕੇ ਰਿਮਾਂਡ 'ਤੇ ਲੈ ਲਿਆ ਗਿਆ।

## ਦਿੱਲੀ ਦੇ ਸਿੱਖ ਪ੍ਰਾਜੈਕਟ ਲਈ ਇੱਕਲਾ ਅਮਰੀਕੀ ਸਿੱਖ ਦੇਵੇਗਾ 10 ਲੱਖ ਡਾਲਰ ਦਾ ਯੋਗਦਾਨ

**ਨਿਊਯਾਰਕ–** ਭਾਰਤੀ ਮੂਲ ਦਾ ਅਮਰੀਕੀ ਹੋਟਲ ਮਾਲਕ ਸੰਤ ਸਿੰਘ ਛਤਵਾਲ ਭਾਰਤ ਵਿਚ ਸਿੱਖੀ ਦੇ ਪ੍ਰਚਾਰ ਲਈ 10 ਲੱਖ ਡਾਲਰ ਦਾ ਅਨਮੁੱਲਾ ਯੋਗਦਾਨ ਦੇਣਗੇ। ਦਿੱਲੀ ਦੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਅਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਦੀ ਅਗਵਾਈ ਵਿਚ 'ਮੂਲ ਪ੍ਰਾਜੈਕਟ' ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਪ੍ਰਾਜੈਕਟ ਵਿਚ 50 ਤੋਂ 60 ਲੱਖ ਡਾਲਰਾਂ ਦਾ ਖਰਚਾ ਆਵੇਗਾ। ਇਸ ਪ੍ਰਾਜੈਕਟ ਦੇ ਅਧੀਨ ਸਿੱਖ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਤੇ ਆਧੁਨਿਕ ਤਕਨੀਕ ਰਾਹੀਂ ਸਿੱਖ ਇਤਿਹਾਸ ਦੀਆਂ ਕਹਾਣੀਆਂ ਦਿਖਾ ਕੇ ਭਾਰਤੀ ਨੌਜਵਾਨਾਂ ਅਤੇ ਵਿਦੇਸ਼ਾਂ ਵਿਚ ਵੱਸਦੇ ਸਿੱਖ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਜਾਵੇਗਾ।

ਇਸ ਪ੍ਰਾਜੈਕਟ ਵਿਚ ਆਡੀਟੋਰੀਅਮ, ਡਿਜੀਟਲ ਖੋਜ ਲਾਈਬ੍ਰੇਰੀ ਅਤੇ ਅਜਾਇਬਘਰ ਆਦਿ ਸ਼ਾਮਲ ਹੋਣਗੇ। ਦਿੱਲੀ ਦੇ ਗੁਰਦੁਆਰਾ ਰਕਾਬਗੰਜ ਸਾਹਿਬ ਵਿਚ ਇਸ 'ਤੇ ਕੰਮ ਚੱਲ ਰਿਹਾ ਹੈ।



## ਸਿੱਖਾਂ ਨੇ ਹੁਣ ਫੇਸਬੁੱਕ ਨੂੰ ਲਿਆ ਕਰੜੇ ਹੱਥੀ, ਕਟਹਿਰੇ 'ਚ ਖਿੱਚਿਆ

**ਨਿਊਯਾਰਕ–** ਅਮਰੀਕਾ ਸਥਿਤ ਇਕ ਸਿੱਖ ਮਨੁੱਖੀ ਅਧਿਕਾਰ ਸੰਗਟਨ ਨੇ ਭਾਰਤ ਵਿਚ ਉਸ ਦੇ ਪੇਜ 'ਤੇ ਕਥਿਤ ਰੂਪ ਨਾਲ ਭਾਰਤ ਸਰਕਾਰ ਦੇ ਕਹਿਣ 'ਤੇ ਪਾਬੰਦੀ ਲਗਾਏ ਜਾਣ 'ਤੇ ਕਰੜੇ ਹੱਥੀਂ ਲੈਂਦਿਆਂ, ਫੇਸਬੁੱਕ ਨੂੰ ਕਟਹਿਰੇ ਵਿਚ ਖਿਚ ਲਿਆ ਹੈ। ਸਿੱਖ ਫਾਰ ਜਸਟਿਸ ਨੇ ਕੈਲੀਫੋਰਨੀਆ ਅਮਰੀਕੀ ਜ਼ਿਲਾ ਅਦਾਲਤ ਵਿਚ ਮੁਕੱਦਮਾ ਦਾਇਰ ਕੀਤਾ ਹੈ ਅਤੇ ਕਿਹਾ ਹੈ ਕਿ ਫੇਸਬੁੱਕ ਨੂੰ ਭਾਰਤ ਵਿਚ ਐਸ. ਐਫ. ਜੇ. 'ਤੇ ਲੱਗੀ ਰੋਕ ਨੂੰ ਹਟਾਉਣਾ ਚਾਹੀਦਾ ਹੈ। ਸੰਗਠਨ ਦੇ ਨਾਲ ਹੀ ਅਦਾਲਤ ਨੂੰ ਇਹ ਹੁਕਮ ਦੇਣ ਦੀ ਅਪੀਲ ਕੀਤੀ ਹੈ ਕਿ ਫੇਸਬੁੱਕ ਨੂੰ ਉਸ ਦੇ ਪੇਜ ਦੇ ਸੰਬੰਧ ਵਿਚ ਬਾਰਤ ਸਰਕਾਰ ਦੇ ਨਾਲ ਹੋਏ ਹਰ ਤਰ੍ਹਾਂ ਦੇ ਪੱਤਰ ਵਿਵਹਾਰ ਨੂੰ ਪੇਸ਼ ਕਰਨਾ ਚਾਹੀਦਾ ਹੈ। ਐਸ. ਐਫ. ਜੇ. ਨੇ ਕਿਹਾ ਹੈ ਕਿ ਅਦਾਲਤ ਫੇਸਬੁੱਕ ਨੂੰ ਭਵਿੱਖ ਵਿਚ ਸੰਗਠਨ ਦੇ ਪੇਜ 'ਤੇ ਪਾਬੰਦੀ ਲਗਾਉਣ ਤੋ ਰੋਕਣ ਦੇ ਹੁਕਮ ਦੇਣ ਲਈ ਵੀ ਕਿਹਾ ਹੈ। ਇਸ ਮੁਕੱਦਮੇ ਦੇ ਸੰਬੰਧ ਵਿਚ ਫੇਸਬੁੱਕ ਕੋਲ ਆਪਣਾ ਜਵਾਬ ਦਾਖਲ ਕਰਨ ਲਈ 15 ਦਿਨਾਂ ਦਾ ਸਮਾਂ ਹੈ।

## ਦਿੱਲੀ ਸਰਕਾਰ ਅਤੇ ਨਜੀਬ ਦੇ ਵਿਚ ਫਿਰ ਛਿੜੀ 'ਜੰਗ'

**ਨਵੀਂ ਦਿੱਲੀ–** ਦਿੱਲੀ ਸਰਕਾਰ ਅਤੇ ਉਪ ਰਾਜਪਾਲ ਨਜੀਬ ਜੰਗ ਦੇ ਵਿਚ ਪਿਛਲੇ ਕੁਝ ਸਮੇਂ ਤੋਂ ਚੱਲ ਰਹੀ 'ਜੰਗ' 'ਚ ਇਕ ਹੋਰ ਤਾਜ਼ਾ ਵਿਵਾਦ ਜੁੜ ਗਿਆ ਹੈ ਜੋ ਭ੍ਰਿਸ਼ਟਾਚਾਰ ਨਿਰੋਧਕ ਬਿਊਰੋ (ਏ.ਸੀ.ਬੀ) 'ਚ ਬਿਹਾਰ ਦੇ ਅਧਿਕਾਰੀਆਂ ਦੀ ਨਿਯੁਕਤੀ ਨੂੰ ਲੈ ਕੇ ਹੈ।

ਸੂਤਰਾਂ ਮੁਤਾਬਕ ਕੇਜਰੀਵਾਲ ਸਰਕਾਰ ਨੇ ਆਪਣੀ ਏ.ਸੀ.ਬੀ ਲਈ ਬਿਹਾਰ ਤੋਂ 6 ਪੁਲਸ ਅਧਿਕਾਰੀਆਂ ਨੂੰ ਨਿਯੁਕਤ ਕਰਨ ਦਾ ਫੈਸਲਾ ਕੀਤਾ ਹੈ ਅਤੇ ਇਨਾਂ 'ਚ ਕੁਝ ਅਧਿਕਾਰੀਆਂ ਨ ਆਪਣੀ ਡਿਊਟੀ



ਜੁਆਇੰਨ ਵੀ ਕਰ ਲਈ ਹੈ ਪਰ ਜੰਗ ਦੇ ਦਫਤਰ ਨੇ ਇਕ ਬਿਆਨ ਜਾਰੀ ਕਰਕੇ ਇਨਾਂ ਨਿਯੁਕਤੀਆਂ 'ਤੇ ਇਤਰਾਜ਼ ਜਤਾਇਆ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਏ.ਸੀ.ਬੀ ਉਪਰਾਜਪਾਲ ਦੇ ਅਧੀਨ ਹੈ ਅਤੇ ਇਸ 'ਚ ਨਿਯੁਕਤੀ ਲਈ ਉਪਰਾਜਪਾਲ ਤੋਂ ਮਨਜ਼ੂਰੀ ਨਹੀਂ ਲਈ ਗਈ ਹੈ। ਇਸ ਦੌਰਾਨ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਉਪਰਾਜਪਾਲ ਵਲੋਂ ਏ.ਸੀ.ਬੀ 'ਚ ਅਧਿਕਾਰੀਆਂ ਦੀ ਨਿਯੁਕਤੀ ਨੂੰ ਗਲਤ ਦੱਸਣ 'ਤੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ।

# ਮਦਰਾਸ ਦੇ ਪੈਰੀਆਰ- ਅੰਬੇਦਕਰਵਾਦੀ ਸੰਗਠਨ ਤੇ ਨਜਾਇਜ਼ ਪਾਬੰਦੀ




**ਚੇਨਈ–** ਵੈਸੇ ਤਾਂ ਉੱਚ ਸਿੱਖਿਆ ਸੰਸਥਾਵਾਂ ਵੱਡੀ ਸੋਚ ਅਤੇ ਖੁੱਲ੍ਹੇ ਮਾਹੌਲ ਦੇ ਲਈ ਜਾਣੀਆਂ ਜਾਂਦੀਆਂ ਹਨ, ਪਰ ਆਈ ਆਈ ਟੀ ਮਦਰਾਸ ਵਿਚ ਵਿਦਿਆਰਥੀਆਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਵੀ ਅਧਿਕਾਰ ਨਹੀਂ ਹੈ। ਆਈ ਆਈ ਟੀ ਮਦਰਾਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਨ ਦੇ ਕਥਿਤ ਦੋਸ਼ ਵਿਚ ਆਈ ਆਈ ਟੀ-ਮਦਰਾਸ ਨੇ ਦਲਿਤ ਵਿਦਿਆਰਥੀਆਂ ਦੇ ਇਕ ਫੋਰਮ ਅੰਬੇਦਕਰ ਪੈਰੀਆਰ ਸਟੂਡੈਂਟ ਸਰਕਲ (ਏ ਪੀ ਐਸ ਸੀ) ਤੇ ਪਾਬੰਦੀ ਲਗਾ ਦਿੱਤੀ ਹੈ।

ਆਈ ਆਈ ਟੀ ਦੇ ਵਿਦਿਆਰਥੀਆਂ ਨੇ ਅਪ੍ਰੈਲ 2014 ਵਿਚ ਅੰਬੇਦਕਰ ਪੈਰੀਆਰ ਸਟੂਡੈਂਟ ਸਰਕਲ ਨਾਂ ਦਾ ਇਕ ਡਿਸਕਸ਼ਨ ਫੋਰਮ ਬਣਾਇਆ ਸੀ। ਇਸ ਫੋਰਮ ਦੇ ਜ਼ਰੀਏ ਚੁੱਕੇ ਜਾਣ ਵਾਲੇ ਮੁੱਦੇ ਕਾਲਜ ਦੇ ਕੱਟੜਪੰਥੀ ਧੜੇ ਨੂੰ ਚੁਭਣ ਲੱਗੇ, ਜਿਸ ਤੋਂ ਬਾਅਦ ਇਸ ਫੋਰਮ ਤੇ ਪਾਬੰਦੀ ਲਗਾ ਦਿੱਤੀ ਹੈ। ਹੈਰਾਨੀ ਇਹ ਕਿ ਪਾਬੰਦੀ ਤੋਂ ਪਹਿਲਾਂ ਵਿਦਿਆਰਥੀਆਂ ਦੇ ਇਸ ਸੰਗਠਨ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਵੀ ਨਹੀਂ ਦਿੱਤੀ ਗਿਆ।

ਇਸ ਫੋਰਮ ਦੇ ਬਾਰੇ ਕਿਸੇ ਨੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਨੂੰ ਸ਼ਿਕਾਇਤ ਭੇਜੀ ਸੀ ਅਤੇ ਇਸ ਦੇ ਜ਼ਰੀਏ ਐਸ ਸੀ.- ਐਸ ਟੀ. ਸਟੂਡੈਂਟਸ ਨੂੰ ਇਕੱਠਾ ਕਰਕੇ ਗਊ ਮਾਸ ਤੇ ਪਾਬੰਦੀ ਅਤੇ ਹਿੰਦੀ ਦੇ ਇਸਤੇਮਾਲ ਨੂੰ ਲੈ ਕੇ ਮੋਦੀ ਸਰਕਾਰ ਦੀਆਂ ਨੀਤੀਆਂ ਦੇ ਖਿਲਾਫ ਮਾਹੌਲ ਬਣਾਇਆ ਜਾ ਰਿਹਾ ਹੈ। ਸਿਮਰਤੀ ਇਰਾਨੀ ਦੇ ਇਸ ਮੰਤਰਾਲੇ ਵੱਲੋਂ ਆਈ ਆਈ ਟੀ ਮਦਰਾਸ ਨੂੰ ਚਿੱਠੀ ਲਿਖ ਕੇ ਇਸ ਬਾਰੇ ਆਪਣਾ ਪੱਖ ਰੱਖਣ ਦੇ ਲਈ ਕਿਹਾ ਗਿਆ ਸੀ। ਇਕ ਅੰਗਰੇਜ਼ੀ ਅਖ਼ਬਾਰ ਵਿਚ ਛਪੀ ਖ਼ਬਰ ਮੁਤਾਬਕ ਇਸ ਸਬੰਧ ਵਿਚ ਕੇਂਦਰ ਸਰਕਾਰ ਵਿਚ ਅੰਡਰ ਸੈਕਟਰੀ ਪ੍ਰਿਸਕਾ ਮੈਥਿਊ ਵੱਲੋਂ 15 ਮਈ ਨੂੰ ਇਕ ਪੱਤਰ ਭੇ-ਜਿਆ ਗਿਆ ਸੀ। ਪੱਤਰ ਵਿਚ ਕਿਹਾ ਗਿਆ ਸੀ ਕਿ 'ਅੰਬੇਦਕਰ ਪੈਰੀਆਰ ਸਟੂਡੈਂਟਸ ਸਰਕਲ 'ਦੁਆਰਾ ਵੰਡੇ ਜਾ ਰਹੇ ਪੈਂਫਲਟ ਨੂੰ ਲੈ ਕੇ ਆਈ ਆਈ ਟੀ ਮਦਰਾਸ ਦੇ ਵਿਦਿਆਰਥੀਆਂ ਵੱਲੋਂ ਲਗਾਤਾਰ ਸ਼ਿਕਾਇਤਾਂ ਮਿਲ ਰਹੀਆਂ ਹਨ। ਇਸਦੀਆਂ ਕੁਝ ਕਾਪੀਆਂ ਭੇਜੀਆਂ ਜਾ ਰਹੀਆਂ ਹਨ। ਇਸ ਸਬੰਧ ਵਿਚ ਜਿੰਨਾ ਜਲਦੀ ਹੋ ਸਕੇ, ਸੰਸਥਾ ਆਪਣਾ ਪੱਖ ਮੰਤਰਾਲੇ ਦੇ ਸਾਹਮਣੇ ਰੱਖੇ।

ਮੰਤਰਾਲੇ ਤੋਂ ਪੱਤਰ ਜਾਰੀ ਹੋਣ ਤੋਂ ਬਾਅਦ 24 ਮਈ ਨੂੰ ਆਈ ਆਈ ਟੀ ਡੀਨ (ਸਟੂਡੈਂਟਸ) ਸ਼ਿਵਕੁਮਾਰ ਐਮ ਸ੍ਰੀਨਿਵਾਸਨ ਨੇ ਦਲਿਤ ਸਟੂਡੈਂਟਸ ਸੰਗਠਨ ਦੇ ਕੋ-ਆਰਡੀਨੇਟਰ ਨੂੰ ਮੇਲ ਭੇਜ ਕੇ ਉਹਨਾਂ ਨੂੰ ਆਪਣੀਆਂ ਗਤੀਵਿਧੀਆਂ ਰੋਕਣ ਲਈ ਕਿਹਾ, ਦਲਿਤ ਸੰਗਠਨ ਦਾ ਦੋਸ਼ ਹੈ ਕਿ ਐਚ ਆਰ ਡੀ ਮੰਤਰਾਲੇ ਦਾ ਪੱਤਰ ਆਉਣ ਤੋਂ ਬਾਅਦ ਹੀ ਆਈ ਆਈ ਟੀ ਨੇ ਪਾਬੰਦੀ ਲਗਾਈ ਹੈ।

ਸ਼ਿਕਾਇਤਾਂ ਦੇ ਪਿੱਛੇ ਕੱਟੜ ਪੰਥੀ ਸੰਗਠਨਾਂ ਦਾ ਹੱਥ ਦੱਸਿਆ ਜਾ ਰਿਹਾ ਹੈ। ਦੋਸ਼ ਹੈ ਕਿ ਪਾਬੰਦੀ ਲਗਾਉਣ ਤੋਂ ਪਹਿਲਾਂ ਸੰਸਥਾ ਦੀ ਕੋਈ ਦਲੀਲ ਤੱਕ ਨਹੀਂ ਸੁਣੀ ਗਈ। ਏ ਪੀ ਐਸ ਦੇ ਇਕ ਮੈਂਬਰ ਦਾ ਕਹਿਣਾ ਹੈ, ਅਸੀਂ ਇਸ ਤੇ ਇਤਰਾਜ਼ ਦਰਜ ਕਰਵਾਉਂਦੇ ਹਾਂ ਕਿ ਸਾਨੂੰ ਆਪਣੀ ਸਫਾਈ ਦਾ ਮੌਕਾ ਦਿੱਤੇ ਬਿਨਾਂ ਈ ਸਰਕਲ ਨੂੰ ਨਜਾਇਜ਼ ਐਲਾਨ ਦਿੱਤਾ ਗਿਆ ਹੈ।

# ਦਲਿਤਾਂ 'ਤੇ ਅੱਤਿਆਚਾਰ ਬੰਦ ਕਰਨ ਲਈ ਪਾਰਲੀਮੈਂਟ ਵਿਚ ਬਿਲ ਲਿਆਓ

## ਸੋਨੀਆ ਗਾਂਧੀ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਪੱਤਰ ਲਿਖ ਕੇ ਕੀਤੀ ਬੇਨਤੀ

**ਨਵੀਂ ਦਿੱਲੀ–** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਭਾਰਤ ਵਿਚ ਦਲਿਤਾਂ ਤੇ ਹੁੰਦੇ ਅੱਤਿਆਚਾਰਾਂ ਦੀ ਰੋਕਥਾਮ ਲਈ ਸੰਸਦ ਦੇ ਮੌਨਸੂਨ ਸੈਸ਼ਨ ਵਿਚ ਵਿਸ਼ੇਸ਼ ਬਿਲ ਲਿਆਉਣ ਦੀ ਮੰਗ ਕੀਤੀ ਹੈ। ਉਹਨਾਂ ਇਸ ਸਮੱਸਿਆ ਵੱਲ ਪ੍ਰਧਾਨ ਮੰਤਰੀ ਦਾ ਧਿਆਨ ਦਿਵਾਉਂਦਿਆਂ ਕਿਹਾ ਕਿ ਇਹ ਬਹੁਤ ਜ਼ਰੂਰੀ ਹੈ ਕਿ ਹਰੇਕ ਦੇ ਲਈ ਬਰਾਬਰ ਦਾ ਨਿਆਂ ਹੋਵੇ ਅਤੇ ਕਿਸੇ ਵੀ ਕਿਸਮ ਦਾ ਵਿਤਕਰਾ ਕਾਨੂੰਨ ਮੁਤਾਬਕ ਪੂਰਨ ਵਰਜਿਤ ਹੋਵੇ ਅਤੇ ਇਸ ਦੀ ਸਖ਼ਤ ਸਜ਼ਾ ਦਿੱਤੀ ਜਾਵੇ। ਉਹਨਾਂ ਦਲਿਤਾਂ ਉਤੇ ਭਾਜਪਾ ਦੀਆਂ ਸਰਕਾਰਾਂ ਵਾਲੇ ਸੂਬਿਆਂ ਰਾਜਸਥਾਨ ਅਤੇ ਮਹਾਰਾਸ਼ਟਰ ਦਾ ਹਵਾਲਾ ਦਿੰਦਿਆਂ ਕਿਹਾ ਕਿ ਐਨ ਡੀ. ਏ ਸਰਕਾਰ ਨੇ ਯੂ. ਪੀ. ਏ. ਸਰਕਾਰ ਦੁਆਰਾ ਦਲਿਤਾਂ ਤੇ ਅੱਤਿਆਚਾਰ ਰੋਕਣ ਲਈ ਤਿਆਰ ਕੀਤੇ ਬਿਲ ਨੂੰ ਰੋਕ ਦਿੱਤਾ ਹੈ। ਉਹਨਾਂ ਦਾ ਇਹ ਬਿਆਨ ਕਾਂਗਰਸ ਵਾਈਸ ਪ੍ਰਧਾਨ ਰਾਹੁਲ ਗਾਂਧੀ ਦੁਆਰਾ ਮੱਧ ਪ੍ਰਦੇਸ਼ ਦੇ ਮਹੂ ਵਿਖੇ ਡਾ. ਅੰਬੇਦਕਰ ਦੇ ਜਨਮ ਅਸਥਾਨ ਤੇ ਪਹੁੰਚਣ ਤੋਂ ਇਕ ਦਿਨ ਬਾਅਦ ਦਿੱਤਾ ਹੈ। ਸ੍ਰੀ ਰਾਹੁਲ ਗਾਂਧੀ ਡਾ. ਅੰਬੇਦਕਰ ਦੇ ਜਨਮ ਸਥਾਨ ਤੇ ਉਹਨਾਂ ਦੇ ਪਿੰਡ ਵਿਚ ਡਾ. ਅੰਬੇਦਕਰ ਦੇ 125ਵੇਂ ਜਨਮ ਦਿਨ ਦੇ ਸਮਾਰੋਹ ਵਿਚ ਸ਼ਾਮਲ ਹੋਣ ਲਈ ਪਹੁੰਚੇ ਸਨ। ਇਸ ਮੌਕੇ ਰਾਹੁਲ ਗਾਂਧੀ ਨੇ ਕਿਹਾ ਸੀ ਕਿ ਭਾਜਪਾ ਦੀ ਸਰਕਾਰ ਐਚ ਸੀ ਅਤੇ ਐਸ ਟੀ ਭਾਈਚਾਰੇ ਦੇ ਲੋਕਾਂ ਦੇ ਨਾਲ ਵਿਤਕਰਾ ਕਰ ਰਹੀ ਹੈ।



ਸੋਨੀਆ ਗਾਂਧੀ ਨੇ ਮੋਦੀ ਨੂੰ ਲਿਖੇ ਪੱਤਰ ਵਿਚ ਕਿਹਾ ਕਿ ਭਾਰਤ ਵਿਚ ਦਲਿਤਾਂ ਦੇ ਖਿਲਾਫ ਹਿੰਸਾ ਵਧਦੀ ਜਾ ਰਹੀ ਹੈ। ਰਾਜਸਥਾਨ ਦ ਨਾਗੌਰ ਵਚ ਵਾਪਰੀ ਘਟਨਾ ਇਸ ਦੀ ਗਵਾਹ ਹੈ, ਜਿੱਥੇ 17 ਦਲਿਤਾਂ ਨੂੰ ਟਰੈਕਟਰਾਂ ਨਾਲ ਕੁਚਲ ਦਿੱਤਾ ਗਿਆ। ਚਾਰ ਦਲਿਤਾਂ ਦੀ ਇਸ ਦਰਮਿਆਨ ਮੌਤ ਹੋ ਗਈ। ਇਸ ਤੋਂ ਤਿੰਨ ਮਹੀਨੇ ਪਹਿਲਾਂ ਵੀ ਇਥੇ ਜ਼ਿਲ੍ਹੇ ਵਿਚ ਤਿੰਨ ਦਲਿਤਾਂ ਨੂੰ ਜਿਉਂਦੇ ਸਾੜ ਦਿੱਤਾ ਗਿਆ ਸੀ।

ਉਹਨਾਂ ਕਿਹਾ ਕਿ ਇਕੱਲਾ ਰਾਜਸਥਾਨ ਨਹੀਂ ਬਲਕਿ ਦਲਿਤਾਂ ਦੇ ਖਿਲਾਫ ਭਾਰਤ ਦੇ ਸਾਰੇ ਸੂਬਿਆਂ ਵਿਚ ਵਿਤਕਰਾ ਹੁੰਦਾ ਹੈ। ਉਹਨਾਂ ਮਹਾਰਾਸ਼ਟਰ ਵਿਚ ਸ਼ਿਰਡੀ ਵਿਚ ਵਾਪਰੀ ਘਟਨਾ ਦਾ ਹਵਾਲਾ ਦਿੰਦਿਆਂ ਕਿਹਾ ਕਿ ਇੱਥੇ ਇਕ ਦਲਿਤ ਨੌਜਵਾਨ ਦੀ ਹੱਤਿਆ ਇਸ ਕਾਰਨ ਕਰ ਦਿੱਤੀ ਕਿਉਂਕਿ ਉਸ ਦੇ ਮੋਬਾਇਲ ਦੀ ਰਿੰਗਟੋਨ ਡਾ. ਅੰਬੇਦਕਰ ਦੇ ਗੀਤ ਦੀ ਸੀ। ਉਹਨਾਂ ਪੱਤਰ ਵਿਚ ਕਿਹਾ ਕਿ ਅਜਿਹੀਆਂ ਘਟਨਾਵਾਂ ਦੀ ਜਾਂਚ ਵੀ ਨਿਰਪੱਖ ਤਰੀਕੇ ਨਾਲ ਨਹੀਂ ਹੋ ਰਹੀ, ਜੋ ਕਿ ਕਾਨੂੰਨ ਦੀ ਉਲੰਘਣਾ ਹੈ। ਉਹਨਾਂ ਯੂ. ਪੀ. ਏ. ਸਰਕਾਰ ਦਾ ਹਵਾਲਾ ਦਿੰਦਿਆਂ ਕਿਹਾ ਕਿ ਅਸੀਂ ਇਸ ਕਰਕੇ ਅਧਿਆਦੇਸ਼ ਲਿਆਂਦਾ ਸੀ ਅਤੇ ਦਲਿਤਾਂ ਤੇ ਅੱਤਿਆਚਾਰ ਬੰਦ ਕਰਵਾਏ ਸਨ।

# ਸੱਤਾ ਦੇ ਘਮੰਡ ਵਿਚ ਭਾਰਤੀ ਜਨਤਾ ਪਾਰਟੀ ਵਿਰੋਧੀ ਸੁਰਾਂ ਨੂੰ ਦਬਾਉਣਾ ਚਾਹੁੰਦੀ ਹੈ- ਸੁਮਨ

**ਫਗਵਾੜਾ (ਬੀ ਕੇ ਰੱਤੂ)–** ਅੰਬੇਡਕਰ ਸੈਨਾ ਮੂਲ ਨਿਵਾਸੀ ਵਲੋਂ ਸਥਾਨਕ ਹਰਗੋਬਿੰਦ ਨਗਰ ਸਥਿਤ ਅੰਬੇਡਕਰ ਪਾਰਕ ਤੋਂ ਜੀ.ਟੀ. ਰੋਡ ਤਕ ਕੇਂਦਰੀ ਮੰਤਰੀ ਸੰਮ੍ਰਿਤੀ ਇਰਾਨੀ ਦੇ ਖਿਲਾਫ ਰੋਸ ਮੁਜਾਹਰਾ ਕਰਕੇ ਜੋਰਦਾਰ ਨਾਅਰੇਬਾਜੀ ਕੀਤੀ। ਜੀ.ਟੀ. ਰੋਡ ਵਿਖੇ ਸੰਮ੍ਰਿਤੀ ਇਰਾਨੀ ਦਾ ਪੁਤਲਾ ਵੀ ਫੂਕਿਆ ਗਿਆ। ਇਸ ਮੌਕੇ ਸੈਨਾ ਦੇ ਸੂਬਾ ਪ੍ਰਧਾਨ ਹਰਭਜਨ ਸੁਮਨ ਨੇ ਕਿਹਾ ਕਿ ਆਈ.ਆਈ.ਟੀ. ਚੇਨਈ ਦੀ ਵਿਦਿਆਰਥੀ ਜੱਥੇਬੰਦੀ ਅੰਬੇਡਕਰ ਪੇਰੀਅਰ ਸਟਡੀ ਸਰਕਲ ਗਰੁਪ ਨੂੰ ਬੈਨ ਕਰਕੇ ਕੇਂਦਰੀ ਮੰਤਰੀ ਸੰਮ੍ਰਿਤੀ ਇਰਾਨੀ ਨੇ ਭਾਰਤ ਦੀ ਲੋਕਤੰਤਰ ਪਰੰਪਰਾ ਦਾ ਘਾਣ ਕੀਤਾ ਹੈ ਜਿੱਥੇ ਕਿ ਸੰਵਿਧਾਨ ਨੇ ਸਭ ਨੂੰ ਆਪਣੀ ਗੱਲ ਕਹਿਣ ਦਾ ਅਧਿਕਾਰ ਦਿੱਤਾ ਹੈ। ਵਿਦਿਆਰਥੀਆਂ ਦੀ ਉਕਤ ਜੱਥੇਬੰਦੀ ਵਲੋਂ ਕੇਂਦਰ ਦੀ ਮੋਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦੀਆਂ ਲੋਕ ਮਾਰੂ ਨੀਤੀਆਂ ਖਿਲਾਫ ਆਵਾਜ ਚੁੱਕੀ ਜਾ ਰਹੀ ਸੀ ਜੋ ਕਿ ਮੋਦੀ ਸਰਕਾਰ ਨੂੰ ਪਸੰਦ ਨਹੀਂ ਆਈ। ਉਹਨਾਂ ਕਿਹਾ ਕਿ ਸੱਤਾ ਦੇ ਘਮੰਡ ਵਿਚ ਭਾਰਤੀ ਜਨਤਾ ਪਾਰਟੀ ਵਿਰੋਧੀ ਸੁਰਾਂ ਨੂੰ ਦਬਾਉਣਾ ਚਾਹੁੰਦੀ ਹੈ ਪਰ ਅਜਿਹਾ ਹਰਗਿਜ਼ ਨਹੀਂ ਹੋਣ ਦਿੱਤਾ ਜਾਵੇਗਾ। ਦਲਿਤ ਸਮਾਜ ਦੇ ਐਸ.ਸੀ./ਬੀ.ਸੀ. ਵਿਦਿਆਰਥੀਆਂ ਦੀ ਉਕਤ ਜੱਥੇਬੰਦੀ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੀ ਵਿਚਾਰਧਾਰਾ ਦੇ ਪ੍ਰਸਾਰ ਅਤੇ ਪ੍ਰਚਾਰ ਲਈ ਕੰਮ ਕਰਦੀ ਹੈ ਨਾ ਕਿ ਕੋਈ ਅੱਤਵਾਦੀ ਸੰਗਠਨ ਹੈ ਜਿਸਨੂੰ ਬੈਨ ਕੀਤਾ ਗਿਆ ਹੈ। ਸੁਮਨ ਨੇ ਕਿਹਾ ਕਿ ਆਰ. ਐਸ. ਐਸ. ਦੇ ਗੁਪਤ ਏਜੰਡੇ ਨਾਲ ਇਹ ਦੇਸ਼ ਨਹੀਂ ਚੱਲੇਗਾ ਇਸ ਲਈ ਉਹ ਮੰਗ ਕਰਦੇ ਹਨ ਕਿ ਉਕਤ ਜੱਥੇਬੰਦੀ ਉਪਰ ਲਗਾਇਆ ਗਿਆ ਬੈਨ ਨਾ ਸਿਰਫ ਤੁਰੰਤ ਵਾਪਸ ਲਿਆ ਜਾਵੇ ਬਲਕਿ ਕੇਂਦਰੀ ਮੰਤਰੀ ਸੰਮ੍ਰਿਤੀ ਇਰਾਨੀ ਆਪਣੀ ਇਸ ਗਲਤੀ ਲਈ ਸਰੇਆਮ ਮਾਫੀ ਮੰਗੇ। ਇਸ ਮੌਕੇ ਬਲਵਿੰਦਰ ਬੋਧ, ਜੀਵਨ ਬੋਧ, ਜਸਵਿੰਦਰ ਬੋਧ, ਪਰਮਿੰਦਰ ਬੋਧ, ਪਰਮਿੰਦਰ ਪਲਾਹੀ, ਨਵੀਨ ਬੋਧ, ਜੱਸੀ ਪਹਿਲਵਾਨ, ਪਵਨ ਬੱਧਣ, ਡਾ. ਜਗਦੀਸ਼, ਵਿਨੇ ਬੰਟੀ, ਜਸਵੀਰ ਸਰੋਏ, ਰਵੀ ਪਲਾਹੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਵਰਕਰ ਵੀ ਹਾਜਰ ਸਨ।





# ਆਈ ਆਈ ਟੀ ਮਦਰਾਸ ਨੂੰ ਅਨੁਸੂਚਿਤ ਜਾਤੀ ਕਮਿਸ਼ਨ ਦਾ ਨੋਟਿਸ

ਕੌਮੀ ਅਨੁਸੂਚਿਤ ਜਾਤੀ ਕਮਿਸ਼ਨ (ਐਨ ਸੀ ਐਸ ਸੀ) ਨੇ ਅੰਬੇਦਕਰ ਪੈਰੀਆਰ ਸਟੱਡੀ ਸਰਕਲ ਤੇ ਪਾਬੰਦੀ ਲਗਾਉਣ ਤੇ ਆਈ ਆਈ ਟੀ ਮਦਰਾਸ ਨੂੰ ਨੋਟਿਸ ਭੇਜਿਆ ਹੈ।

ਕਮਿਸ਼ਨ ਦੇ ਪ੍ਰਧਾਨ ਪੀ. ਐਲ. ਪੂਨੀਆ ਨੇ ਇਸ ਮਾਮਲੇ ਦੇ ਲਈ ਸਿੱਧਾ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਥੇ ਹੀ ਭਾਜਪਾ ਨੇ ਇਸ ਤੋਂ ਇਨਕਾਰ ਕਰਦੇ ਹੋਏ ਕਿਹਾ ਹੈ ਕਿ ਵਿਦਿਆਰਥੀ ਸਮੂਹ ਤੇ ਪਾਬੰਦੀ ਦਾ ਫੈਸਲਾ ਸੰਸਥਾ ਦੇ ਪ੍ਰਸ਼ਾਸਨ ਦਾ ਹੈ।

ਐਨ ਸੀ ਐਸ ਸੀ ਪ੍ਰਧਾਨ ਪੀ. ਐਲ ਪੂਨੀਆ ਨੇ ਦੱਸਿਆ ਕਿ ਉਹਨਾਂ ਨੇ ਖੁਦ ਮਾਮਲੇ ਦਾ ਨੋਟਿਸ ਲੈ ਕੇ ਆਈ ਆਈ ਟੀ ਮਦਰਾਸ ਤੋਂ ਜਵਾਬ ਮੰਗਿਆ ਹੈ। ਇਸ ਬਾਰੇ ਅੱਗੇ ਕਾਰਵਾਈ ਕੀਤੀ ਜਾਵੇਗੀ।

ਪੂਨੀਆ ਨੇ ਕਿਹਾ ਕਿ ਨੌਜਵਾਨਾਂ ਨੂੰ ਸਿੱਖਿਆ ਸੰਸਥਾਵਾਂ ਵਿਚ ਬੋਲਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਇਸ ਕਿਸਮ ਦੀਆਂ ਪਾਬੰਦੀਆਂ ਲਗਾਉਣਾ ਇਕ ਤਰ੍ਹਾਂ ਨਾਲ ਉਹਨਾਂ ਦੀ ਆਵਾਜ਼ ਦਬਾਉਣਾ ਹੈ। ਇਹ ਪੂਰੀ ਤਰ੍ਹਾਂ ਗਲਤ ਹੈ।

### ਮੋਦੀ ਦੇ ਦਖਲ ਦੀ ਮੰਗ

ਐਨ ਸੀ ਐਸ ਸੀ ਪ੍ਰਧਾਨ ਪੀ. ਐਲ ਪੂਨੀਆ ਨੇ ਕੇਂਦਰ ਸਰਕਾਰ ਤੇ ਕਮਜ਼ੋਰ ਤਬਕੇ ਦੇ ਪ੍ਰਤੀ ਸੰਵੇਦਨਾ ਹੀਣ ਹੋਣ ਦਾ ਦੋਸ਼ ਲਗਾਉਂਦੇ ਹੋਏ ਦਾਅਵਾ ਕੀਤਾ ਕਿ ਮੋਦੀ ਸਰਕਾਰ ਬਣਨ ਤੋਂ ਬਾਅਦ ਦਲਿਤ ਵਿਰੋਧੀ ਘਟਨਾਵਾਂ ਵੱਧ ਗਈਆਂ ਹਨ। ਆਪਣੀ ਗੱਲ ਰੱਖਣ ਦੇ ਲਈ ਉਹਨਾਂ ਨੇ ਮਈ ਦੀ ਸ਼ੁਰੂਆਤ ਵਿਚ ਰਾਜਸਥਾਨ ਦੇ ਨਾਗੌਰ ਵਿਚ ਹੋਈ ਘਟਨਾ ਦਾ ਜ਼ਿਕਰ ਕੀਤਾ, ਜਿਸ ਵਿਚ ਚਾਰ ਲੋਕਾਂ ਦੀ ਮੌਤ ਹੋ ਗਈ ਸੀ। ਪੂਨੀਆ ਨੇ ਦਲਿਤ ਸੰਗਠਨਾਂ ਨੂੰ ਇਸ ਕਿਸਮ ਦੀਆਂ ਘਟਨਾਵਾਂ ਦੇ ਖਿਲਾਫ ਅੱਗੇ ਆਉਣ ਅਤੇ ਐਨ ਸੀ ਐਸ ਸੀ, ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਕੌਮੀ ਮਹਿਲਾ ਕਮਿਸ਼ਨ ਦੁਆਰਾ ਅਜਿਹੇ ਮਾਮਲਿਆਂ ਨੂੰ ਦੇਖੇ ਜਾਣ ਦੀ ਜ਼ਰੂਰਤ ਦੱਸੀ। ਦੂਜੇ ਪਾਸੇ ਭਾਜਪਾ ਦੇ ਕੌਮੀ ਸਕੱਤਰ ਐਚ. ਰਾਜਾ ਨੇ ਕਿਹਾ ਕਿ ਵਿਦਿਆਰਥੀ ਸਮੂਹ ਤੇ ਪਾਬੰਦੀ ਦੇ ਪਿੱਛੇ ਉਹਨਾਂ ਦੀ ਪਾਰਟੀ ਨਹੀਂ ਹੈ। ਉਹਨਾਂ ਮੁਤਾਬਕ ਆਈ ਆਈ ਟੀ ਨੇ ਸਹੂਲਤਾਂ ਦੀ ਦੁਰਵਰਤੋਂ ਅਤੇ ਨਿਯਮਾਂ ਦੀ ਉਲੰਘਣਾ ਤੇ ਇਹ ਕਾਰਵਾਈ ਕੀਤੀ ਹੈ।

# ਆਰ.ਪੀ.ਆਈ ਵੀ ਹਮਾਇਤ ਵਿਚ ਆਈ

**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਤੇ ਟਿੱਪਣੀ ਕਰਨ ਤੋਂ ਬਾਅਦ ਆਈ ਆਈ ਟੀ ਮਦਰਾਸ ਦੇ ਦਲਿਤ ਵਿਦਿਆਰਥੀਆਂ ਦੇ ਇਕ ਗਰੁੱਪ ਤੇ ਪਾਬੰਦੀ ਲਗਾਉਣ ਦਾ ਮਾਮਲਾ ਤੂਲ ਪਕੜਦਾ ਜਾ ਰਿਹਾ ਹੈ। ਐਨ ਡੀ ਏ ਵਿਚ ਭਾਜਪਾ ਦੀ ਸਹਿਯੋਗੀ ਪਾਰਟੀ ਆਰ ਪੀ ਆਈ ਵੀ ਹੁਣ ਇਸ ਵਿਵਾਦ ਵਿਚ ਕੁੱਦ ਪਈ ਹੈ। ਉਸਨੇ ਅੰਬੇਦਕਰ ਪੈਰੀਆਰ ਸਟੱਡੀ ਸਰਕਲ ਤੇ ਰੋਕ ਲਗਾਉਣ ਦੇ ਫੈਸਲੇ ਦਾ ਵਿਰੋਧ ਕੀਤਾ ਹੈ। ਆਰ ਪੀ ਆਈ ਨੇ ਆਈ ਆਈ ਟੀ ਪ੍ਰਬੰਧਕਾਂ ਦੀ ਇਸ ਕਾਰਵਾਈ ਨੂੰ ਵਿਚਾਰਾਂ ਦੀ ਆਜ਼ਾਦੀ ਤੇ ਹਮਲਾ ਦੱਸਿਆ ਹੈ। ਪਾਰਟੀ ਮੁਖੀ ਰਾਮਦਾਸ ਅਠਾਵਲੇ ਨੇ ਕਿਹਾ ਹੈ ਕਿ ਉਹ ਇਸ ਮੁੱਦੇ ਤੇ ਮਨੁੱਖੀ ਸਰੋਤ ਮੰਤਰੀ ਸਿਮ੍ਰਿਤੀ ਇਰਾਨੀ ਨੂੰ ਮਿਲ ਕੇ ਗੱਲ ਕਰਨਗੇ। ਉਹਨਾਂ ਕਿਹਾ ਕਿ ਪਾਬੰਦੀ ਇਸ ਸਮੱਸਿਆ ਦਾ ਹੱਲ ਨਹੀਂ ਹੈ। ਜੇਕਰ ਵਿਦਿਆਰਥੀਆਂ ਨੇ ਪ੍ਰਧਾਨ ਮੰਤਰੀ ਤੇ ਟਿੱਪਣੀ ਕੀਤੀ ਹੈ ਤਾਂ ਵੀ ਉਹਨਾਂ ਦੇ ਖਿਲਾਫ ਕਾਰਵਾਈ ਨੂੰ ਉਚਿਤ ਨਹੀਂ ਠਹਿਰਾਇਆ ਜਾ ਸਕਦਾ। ਅਠਾਵਲੇ ਦੇ ਮੁਤਾਬਕ ਸਿਮ੍ਰਿਤੀ ਇਰਾਨੀ ਨੂੰ ਖੁਦ ਦਖਲਅੰਦਾਜ਼ੀ ਕਰਕੇ ਇਸ ਮਾਮਲੇ ਨੂੰ ਨਿਪਟਾਉਣਾ ਚਾਹੀਦਾ ਸੀ। ਉਹਨਾਂ ਨੇ ਆਰ. ਪੀ. ਆਈ ਨੂੰ ਐਨ ਡੀ ਏ ਸਰਕਾਰ ਦਾ ਹਿੱਸਾ ਦੱਸਦੇ ਹੋਏ ਕਿਹਾ ਕਿ ਵਿਦਿਆਰਥੀਆਂ ਨੂੰ ਨਕਸਲੀਆਂ ਦਾ ਹਮਦਰਦ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ। ਜੇਕਰ ਅਜਿਹਾ ਸੀ ਤਾਂ ਸਰਕਾਰ ਨੂੰ ਉਹਨਾਂ ਤੇ ਪਾਬੰਦੀ ਲਗਾਉਣ ਦੀ ਬਜਾਏ ਪਹਿਲਾਂ ਇਸਨੂੰ ਸਾਬਤ ਕਰਨਾ ਚਾਹੀਦਾ ਸੀ। ਵਿਦਿਆਰਥੀਆਂ ਦੇ ਪੱਖ ਵਿਚ ਬੋਲਦੇ ਹੋਏ ਕਿਹਾ ਕਿ ਵਿਦਿਆਰਥੀ ਹਰ ਜਗ੍ਹਾ ਸਰਕਾਰ ਦੀ ਆਲੋਚਨਾ ਕਰਦੇ ਹਨ, ਇਸਦਾ ਮਤਲਬ ਇਹ ਨਹੀਂ ਹੈ ਕਿ ਪਾਬੰਦੀ ਲਗਾ ਦਿੱਤੀ ਜਾਵੇ।

ਦੇਸ਼ ਦੁਆਬਾ

# ਭਾਰਤ ਵਿਚ ਦਲਿਤਾਂ ’ਤੇ ਅੱਤਿਆਚਾਰ ਨਿਰੰਤਰ ਜਾਰੀ

ਸਦੀਆਂ ਪੁਰਾਣੀ ਜਾਤੀਵਾਦੀ ਵਿਵਸਥਾ ਦਾ ਜ਼ਹਿਰ ਭਾਰਤ ਵਿਚ ਅੱਜ ਵੀ ਉਸੇ ਤਰ੍ਹਾਂ ਜਾਰੀ ਹੈ। ਭਾਰਤ ਵਿਚ ਦਲਿਤ ਅੰਦੋਲਨ ਅਤੇ ਸੰਵਿਧਾਨ ਵਿਚ ਵਿਵਸਥਾ ਦੇ ਬਾਵਜੂਦ ਸਮਾਜ ਦੀ ਮਾਨਸਿਕਤਾ ਅੱਜ ਵੀ ਉਸੇ ਕਿਸਮ ਦੀ ਬਣੀ ਹੋਈ ਹੈ। ਮਦਰਾਸ ਦੀ ਤਕਨੀਕੀ ਸਿੱਖਿਆ ਦੀ ਵੱਡੀ ਸੰਸਥਾ ਵਿਚ ਪੇਰੀਅਰ ਤੇ ਡਾ. ਅੰਬੇਦਕਰ ਦੇ ਨਾਂ ਤੇ ਬਣੇ ਵਿਦਿਆਰਥੀਆਂ ਦੇ ਸੰਗਠਨ ਉਤੇ ਅਜਿਹੀ ਹੀ ਮਾਨਸਿਕਤਾ ਦਾ ਸ਼ਿਕਾਰ ਹੋਣ ਕਾਰਨ ਪਾਬੰਦੀ ਲਗਾ ਦਿੱਤੀ ਗਈ। ਰਾਜਸਥਾਨ ਦੇ ਨਾਗੌਰ ਵਿਚ ਦਲਿਤਾਂ ਦੀ ਜ਼ਮੀਨ ਹੜੱਪਣ ਲਈ ਉਹਨਾਂ ਨੂੰ ਟਰੈਕਟਰਾਂ ਹੇਠਾਂ ਕੁ-ਚਲਿਆ ਗਿਆ, ਉਹਨਾਂ ਦੀਆਂ ਔਰਤਾਂ ਨਾਲ ਬਲਾਤਕਾਰ ਕੀਤੇ ਗਏ ਅਤੇ ਅਣਮਨੁੱਖੀ ਤਸੀਹੇ ਦਿੱਤੇ ਗਏ, ਇਸੇ ਤਰਾਂ ਪੰਜਾਬ ਦੀਆਂ ਕਈ ਥਾਵਾਂ ਦੇ ਦਲਿਤਾਂ ਦੀਆਂ ਜ਼ਮੀਨਾਂ ਹੜੱਪੀਆਂ ਜਾ ਰਹੀਆਂ ਹਨ। ਭਾਰਤ ਦੇ ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ ਵਰਗੇ ਵੱਡੇ ਸੂਬਿਆਂ ਸਮੇਤ ਮਹਾਰਾਸ਼ਟਰ, ਗੁਜਰਾਤ ਵਿਚ ਹਰ ਰੋਜ਼ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਜਿਹੜੀਆਂ ਦਲਿਤਾਂ ਦੇ ਪ੍ਰਤੀ ਉਸ ਕੋਝੀ ਮਾਨਸਿਕਤਾ ਦਾ ਸਬੂਤ ਹੈ, ਜਿਹੜੀ ਸਦੀਆਂ ਪਹਿਲਾਂ ਹਿੰਦੂਤੱਤਵੀਆਂ ਨੇ ਪੈਦਾ ਕਰਕੇ ਭਾਰਤ ਦੇ ਮੂਲ ਨਿਵਾਸੀਆਂ ਨੂੰ ਸ਼ੂਦਰ ਅਤੇ ਨੀਵੇਂ ਦਰਜੇ ਦੇ ਬਣਾ ਦਿੱਤਾ ਅਤੇ ਆਪ ਉਹਨਾਂ ਤੇ ਰਾਜ ਕਰਨ ਲੱਗ ਪਏ।

ਭਾਰਤ ਵਿਚ ਦਲਿਤਾਂ ਦੀ ਹਾਲਤ ਇਸ ਵਕਤ ਵੀ ਉਸੇ ਤਰ੍ਹਾਂ ਤਰਸਯੋਗ ਬਣੀ ਹੋਈ ਹੈ। ਜ਼ਿਆਦਾਤਰ ਮਜ਼ਦੂਰੀ ਅਤੇ ਮੈਲਾ ਚੁੱਕਣ ਦੇ ਕੰਮ ਹਾਲੇ ਵੀ ਦਲਿਤ ਭਾਈਚਾਰੇ ਦੇ ਲੋਕਾਂ ਦੇ ਹਿੱਸੇ ਵਿਚ ਹੀ ਮੰਨੇ ਜਾਂਦੇ ਹਨ। ਅੱਜ ਵੀ ਦਲਿਤਾਂ ਨੂੰ ਜ਼ਮੀਨ-ਜਾਇਦਾਦ ਅਤੇ ਆਰਥਿਕ ਸਰੋਤਾਂ ਤੋਂ ਦੂਰ ਰੱਖਿਆ ਜਾਂਦਾ ਹੈ। ਵਿਦਿਅਕ ਯੋਗਤਾ ਹੋਣ ਦੇ ਬਾਵਜੂਦ ਵੀ ਦਲਿਤਾਂ ਨੂੰ ਪ੍ਰਸ਼ਾਸਨ ਵਿਚ ਵੀ ਜ਼ਿਆਦਾ ਨੁਮਾਇੰਦਗੀ ਦਰਜ ਨਹੀਂ ਕਰਵਾ ਸਕਦੇ। ਭਾਰਤ ਵਿਚ ਦਲਿਤਾਂ ਦੇ ਲਈ ਰਿਜ਼ਰਵੇਸ਼ਨ ਦੀ ਵਿਵਸਥਾ ਕੀਤੀ ਹੈ, ਪਰ ਇਹ ਰਿਜ਼ਰਵੇਸ਼ਨ ਲਾਗੂ ਤਾਂ ਕੀ ਨਹੀਂ ਕੀਤੀ ਜਾਂਦੀ, ਬਲਕਿ ਉਚ ਜਾਤੀਆਂ ਦੀ ਨਫਰਤ ਦਾ ਕਾਰਨ ਬਣਦੀ ਹੈ। ਪ੍ਰਸ਼ਾਸਨਿਕ ਪੱਧਰ ਤੇ ਉਚੇ ਅਹੁਦਿਆਂ ਤੇ ਹਜ਼ਾਰਾਂ ਪੋਸਟਾਂ ਰਿਜ਼ਰਵ ਕੈ-ਟੇਗਰੀ ਦੀਆਂ ਖਾਲੀ ਪਈਆਂ ਹਨ ਜਾਂ ਉਹਨਾਂ ਨੂੰ ਉਚ ਜਾਤੀਆਂ ਦੇ ਲੋਕਾਂ ਨਾਲ ਭਰ ਦਿੱਤਾ ਗਿਆ ਹੈ।

ਦਲਿਤਾਂ ਦੀ ਇਸ ਮੰਦੀ ਹਾਲਤ ਦੇ ਲਈ ਸਿੱਧੇ ਤੌਰ ਤੇ ਭਾਰਤ ਦਾ ਉਹ ਸਮਾਜ ਜ਼ਿੰਮੇਵਾਰ ਹੈ, ਜਿਹੜੀ ਇਸ ਭਾਈਚਾਰੇ ਨੂੰ ਉਭਰਨ ਨਹੀਂ ਦੇਣਾ ਚਾਹੁੰਦਾ। ਸਿੱਖਿਆ ਪੱਖੋਂ ਪੱਛੜਿਆ ਦਲਿਤ ਵਰਗ ਆਰਥਿਕ ਸਰੋਤਾਂ ਤੱਕ ਘੱਟ ਪਹੁੰਚ ਹੋਣ ਕਾਰਨ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਨਹੀਂ ਦਿਵਾ ਸਕਦਾ। ਇਹੀ ਕਾਰਨ ਹੈ ਕਿ ਰਿਜ਼ਰਵ ਸੀਟਾਂ ਦੇ ਉਤੇ ਦਲਿਤ ਭਾਈਚਾਰੇ ਦੇ ਉਮੀਦਵਾਰਾਂ ਦੀ ਹਮੇਸ਼ਾ ਘਾਟ ਰਹਿੰਦੀ ਹੈ। ਸਿਆਸੀ ਪਾਰਟੀਆਂ ਵਿਚ ਵੀ ਦਲਿਤਾਂ ਨੂੰ ਸਿਰਫ ਵੋਟ ਬੈਂਕ ਦੇ ਲਈ ਹੀ ਲਿਆ ਜਾਂਦਾ ਹੈ। ਦਲਿਤ ਏਕਤਾ ਨੂੰ ਖੰਡਿਤ ਕਰਨ ਲਈ ਭਾਰਤ ਦੀਆਂ ਮਨੂੰਵਾਦੀ ਸਿਆਸੀ ਪਾਰਟੀਆਂ ਕੁਝ ਦਲਿਤਾਂ ਨੂੰ ਪਾਰਟੀ ਵਿਚ ਸ਼ਾਮਲ ਕਰਕੇ ਉਹਨਾਂ ਨੂੰ ਰਿਜ਼ਰਵ ਸੀਟਾਂ ਤੇ ਚੋਣ ਤਾਂ ਲੜਾਉਂਦੀਆਂ ਹਨ ਪਰ ਪਾਰਟੀ ਅਤੇ ਸਰਕਾਰ ਦੇ ਅਹਿਮ ਮੁਕਾਮ ਤੱਕ ਨਹੀਂ ਪਹੁੰਚਣ ਦਿੰਦੀਆਂ। ਭਾਰਤ ਦੀਆਂ ਸਾਰੀਆਂ ਵੱਡੀਆਂ ਪਾਰਟੀਆਂ ਦੀ ਕਮਾਨ ਗੈਰ-ਦਲਿਤਾਂ ਦੇ ਹੱਥ ਵਿਚ ਰਹੀ ਹੈ। ਉਚ ਜਾਤੀਆਂ ਦੇ ਕੰਟਰੋਲ ਵਿਚ ਘਿਰੀਆਂ ਇਹਨਾਂ ਸਿਆਸੀ ਪਾਰਟੀਆਂ ਵਿਚ ਦਲਿਤਾਂ ਨੂੰ ਬਰਾਬਰੀ ਦੇ ਹੱਕ ਦੇਣ ਲਈ ਕੋਈ ਥਾਂ ਨਹੀਂ ਹੈ। ਇਸੇ ਗੰਦੀ ਮਾਨਸਿਕਤਾ ਦੇ ਕਾਰਨ ਹੀ ਦਲਿਤ ਵਰਗ ਦੇ ਲੋਕ ਸਦੀਆਂ ਤੋਂ ਲਿਤਾੜੇ ਅਤੇ ਪਛਾੜੇ ਜਾ ਰਹੇ ਹਨ। ਇਹ ਸੋਚ ਬਦਲਣੀ ਹੁਣ ਅਸੰਭਵ ਜਾਪਣ ਲੱਗੀ ਹੈ, ਇਸ ਕਰਕੇ ਦਲਿਤ ਸ਼ਕਤੀ ਨੂੰ ਆਪਣੇ ਵਿਰਸੇ ਅਤੇ ਆਪਣੇ ਮਹਾਨ ਆਗੂਆਂ ਤੋਂ ਪ੍ਰੇਰਨਾ ਲੈ ਕੇ ਸੰਗਠਿਤ ਹੋਣਾ ਚਾਹੀਦਾ ਹੈ ਤਾਂ ਜੋ ਇਕ ਮਜ਼ਬੂਤ ਸਮਾਜਿਕ ਅਤੇ ਸਿਆਸੀ ਇਕਾਈ ਦਾ ਨਿਰਮਾਣ ਕੀਤਾ ਜਾ ਸਕੇ।

ਭਾਰਤ ਸਰਕਾਰ ਨੂੰ ਮਦਰਾਸ ਵਿਚ ਵਾਪਰੀ ਘਟਨਾ ਤੇ ਤੁਰੰਤ ਧਿਆਨ ਦਿੰਦਿਆਂ ਪੇਰੀਅਰ- ਅੰਬੇਦਕਰ ਸੰਗਠਨ ਤੇ ਪਾਬੰਦੀ ਹਟਾਉਣੀ ਚਾਹੀਦੀ ਹੈ। ਤਾਜ਼ਾ ਘਟਨਾਵਾਂ ਜੋ ਭਾਰਤ ਵਿਚ ਵਾਪਰੀਆਂ ਹਨ, ਉਹਨਾਂ ਨੂੰ ਬੰਦ ਕਰਵਾਇਆ ਜਾਵੇ ਅਤੇ ਸੰਵਿਧਾਨਕ ਤਰੀਕੇ ਨਾਲ ਆਵਾਜ਼ ਉਠਾਉਂਦੀ ਸੰਸਥਾ ਪੇਰੀਅਰ-ਅੰਬੇਦਕਰ ਸੰਗਠਨ ਤੇ ਲੱਗੀ ਪਾਬੰਦੀ ਤੁਰੰਤ ਹਟਾਈ ਜਾਵੇ।

# ਜੇ ਕਿਤੇ ਉਹ ‘ਦੇਵਾ ਸਿੰਘ’ ਹੁੰਦਾ?



ਤਰਲੋਚਨ ਸਿੰਘ ‘ਦੁਪਾਲ ਪੁਰ’
001-408-915-126

ਨੇਪਾਲ ਵਿਚ ਆਏ ਭੂਚਾਲ ਦੀਆਂ ਖ਼ਬਰਾਂ ਪੜ੍ਹਦਿਆਂ ਅਚਾਨਕ ਇਹ ਸਵਾਲ ਮੇਰੇ ਜ਼ਿਹਨ ’ਚ ਉਭਰ ਆਇਆ। ਚੰਡੀਗੜ੍ਹ ਲਾਗੇ ਦੀ ਬੁੜੈਲ ਜੇਲ੍ਹ ਵਿਚੋਂ ਸੁਰੰਗ ਪੁੱਟ ਕੇ ਕਈ ਕੈਦੀ ਭੱਜ ਗਏ ਸਨ। ਬਹੁਤ ਹੀ ਬਰੀਕੀ ਨਾਲ ਇਸ ‘ਜੇਲ੍ਹ ਤੋੜ ਕਾਂਡ’ ਦੀਆਂ ਪਰਤਾਂ ਫੋਲਦਿਆਂ, ਭੱਜਣ ਵਾਲੇ ਕੈਦੀ ਦੀ ਮਦਦ ਦੇ ਇਲਜ਼ਾਮ ਵਿਚ ਹੋਰ ਕਈ ਜਣੇ ਫੜ ਲਏ ਗਏ। ਉਨ੍ਹਾਂ ’ਤੇ ਅਲੱਗ ਮੁਕੱਦਮੇ ਚੱਲ ਰਹੇ ਹਨ। ਜੇਲ੍ਹ ’ਚੋਂ ਭੱਜਣ ਵਾਲੇ ਸਿੱਖ ਪਿਛੋਕੜ ਵਾਲੇ ਕੈਦੀਆਂ ਨੂੰ ਸਾਰੇ ਸਟੇਟਾਂ ਦੀ ਪੁਲਿਸ ਨੇ ਸਾਂਝੀਆਂ ਮੁਹਿੰਮਾਂ ਚਲਾਉਂਦਿਆਂ ਹੌਲੀ ਹੌਲੀ ਮੁੜ ਗ੍ਰਿਫ਼ਤਾਰ ਕਰ ਲਿਆ। ਬਹੁਤ ਮੁਸ਼ਤੈਦੀ ਨਾਲ ਕਾਰਵਾਈ ਕਰਦਿਆਂ ਕੋਈ ਕਿਤਿਉਂ- ਕੋਈ ਕਿਤਿਉਂ ਅੱਗੜ-ਪਿੱਛੜ ਫੜ ਕੇ ਕਾਨੂੰਨ ਦੇ ਹਵਾਲੇ ਕਰ ਦਿੱਤੇ ਗਏ।

ਅਖ਼ਬਾਰੀ ਖ਼ਬਰਾਂ ਮੁਤਾਬਕ ਸਭ ਤੋਂ ਅਖੀਰ ਵਿਚ ਫੜੇ ਗਏ ਇਕ ਸਿੱਖ ਪਿਛੋਕੜ ਵਾਲੇ ਕੈਦੀ ਨੂੰ ਗ੍ਰਿਫ਼ਤਾਰ ਕਰਨ ਲਈ ’ਇੰਟਰਪੋਲ’ ਤੱਕ ਦੀ ਮਦਦ ਲੈਣੀ ਪਈ, ਦੇਸ ਦੀਆਂ ਸੁਰੱਖਿਆ ਫੋਰਸਾਂ ਨੂੰ।

ਰਤਾ ਗਹੁ ਨਾਲ ਅਜਿਹੀਆਂ ਖ਼ਬਰਾਂ ਪੜ੍ਹਨ ਵਾਲਿਆਂ ਨੂੰ ਯਾਦ ਹੋਵੇਗਾ ਕਿ ਉਕਤ ਜੇਲ੍ਹ-ਤੋੜ ਕਾਂਡ ਵਿਚ ਸਿੱਖ ਪਿਛੋਕੜ ਵਾਲੇ ਦੋਸ਼ੀਆਂ ਦੇ ਨਾਲ ਇਕ ਕੈਦੀ ਹੋਰ ਵੀ ਭੱਜ ਗਿਆ ਸੀ। ਨੇਪਾਲ ਨਾਲ ਸਬੰਧਤ ਇਸ ਕੈਦੀ ਨੂੰ ਮੁੜ ਗ੍ਰਿਫਤ ਵਿਚ ਲੈਣ ਬਾਰੇ ਕਦੇ ਵੀ, ਕਿਤੇ ਵੀ ਅਤੇ ਕਿਸੇ ਅਖ਼ਬਾਰ ਵਗੈਰਾ ਵਿਚ ਨਹੀਂ ਪੜ੍ਹਿਆ-ਸੁਣਿਆ। ਕਿਸੇ ਪੁਲਿਸ ਅਫਸਰ ਦੇ ਮੂੰਹੋਂ ਉਸ ਨੇਪਾਲੀ ਬਾਬਤ ਕਦੇ ਕੋਈ ‘ਲੇਪਾ-ਪੋਚੀ ਮਾਰਕਾ’ ਬਿਆਨ-ਸ਼ਿਆਨ ਵੀ ਨਹੀਂ ਸੁਣਿਆ ਕਿ ਅਸੀਂ ਉਸ ਦੀ ਗ੍ਰਿਫ਼ਤਾਰੀ ਦੇ ’ਨੇੜੇ ਪਹੁੰਚਣ’ ਹੀ ਵਾਲੇ ਹਾਂ। ਅਤੇ ਕਦੇ ਉਹਦੀ ਕੋਈ ਉਘ ਸੁੱਘ ਦੇਣ ਵਾਲੇ ਲਈ ਕਿਸੇ ਇਨਾਮ-ਸ਼ਿਨਾਮ ਦੀ ਕਨਸੋਅ ਵੀ ਕਦੇ ਨਹੀਂ ਸੁਣੀ।

ਦੇਸ ਦੇ ਰਾਜਸੀ ਆਗੂਆਂ ਦਾ ਇਹ ਰਟਿਆ ਰਟਾਇਆ ‘ਪ੍ਰਵਚਨ’ ਹੈ ਕਿ ਕਾਨੂੰਨ ਸਭ ਲਈ ਇਕ ਸਮਾਨ ਹੈ ਅਤੇ ਇਹਦੇ (ਕਾਨੂੰਨ ਦੇ) ਹੱਥ ਬੜੇ ਲੰਮੇ ਹੁੰਦੇ ਹਨ। ਇਸ ਤੋਂ ਇਲਾਵਾ ਅਦਾਲਤਾਂ ਵਿਚ ਜੱਜ ਸਾਹਿਬਾਨਾਂ ਦੇ ਮੋਹਰੇ ਇਕ ’ਨਿਆਂ ਦੀ ਮੂਰਤੀ’ ਰੱਖੀ ਹੁੰਦੀ ਹੈ। ਸਾੜ੍ਹੀ ਜਿਹੀ ਲਾ ਕੇ ’ਨਿਆਂ ਦੇਵੀ’ ਹੱਥ ਵਿਚ ਤੱਕੜੀ ਲਈ ਖੜ੍ਹੀ ਹੁੰਦੀ ਹੈ, ਜਿਸ ਦੇ ਦੋਵੇਂ ਛਾਬੇ ਬਰਾਬਰ ਲੈਵਲ ’ਚ ਦਿਖਾਈ ਦਿੰਦੇ ਨੇ। ਜਿਸਦਾ ਮਤਲਬ ਹੈ ਕਿ ਬਿਨਾਂ ਕਿਸੇ ਵਿਤਕਰੇ ਦੇ ਸਭ ਨਾਲ ਇਕ ਸਮਾਨ ਇਨਸਾਫ।

ਇਸ ‘ਨਿਆਏ ਮੂਰਤੀ’ ਦੇ ਅੱਖਾਂ ਉਪਰ ਪੱਟੀ ਵੀ ਬੰਨ੍ਹੀ ਹੋਈ ਹੁੰਦੀ ਹੈ। ਇਹ ਪੱਟੀ ਦੱਸਦੀ ਹੈ ਕਿ ਕਾਨੂੰਨ, ਨਿਆਂ ਕਰਨ ਵੇਲੇ, ਕਿਸੇ ਦਾ ਧਰਮ, ਰੰਗ, ਨਸਲ, ਜਾਤ ਜਾਂ ਪਹਿਰਾਵਾ ਵਗੈਰਾ ਨਹੀਂ ਦੇਖਦਾ। ਪਰ ਉਪਰੋਕਤ ਜੇਲ੍ਹ ਤੋੜ ਕਾਂਡ ਦੇ ਦੋਸ਼ੀਆਂ ਨਾਲ ਨੰਗੀ ਚਿੱਟੀ ਵਿਤਕਰੇ ਬਾਜੀ ਦਿਖਾਈ ਦੇ ਰਹੀ ਹੈ। ਜਿਵੇਂ ਕਿ ਉੱਤੇ ਦੱਸਿਆ ਹੀ ਜਾ ਚੁੱਕਾ ਹੈ ਕਿ ਇਸ ਕਾਂਡ ਦੇ ਸਿੱਖ ਪਿਛੋਕੜ ਵਾਲੇ ਤਾਂ ਸਾਰੇ ਦੋਸ਼ੀ ਫੜੇ ਜਾ ਚੁੱਕੇ ਹਨ, ਪਰ ‘ਦੇਵੀ ਸਿੰਘ’ ਨਾਂ ਵਾਲੇ ਕੈਦੀ ਨੇਪਾਲੀ ਨੂੰ ਸ਼ਾਇਦ ‘ਨਿਆਂ ਮੂਰਤੀ’ ਨੇ ਅੱਖ ਤੋਂ ਜ਼ਰਾ ਪੱਟੀ ਸਰਕਾ ਕੇ ਦੇਖ ਹੀ ਲਿਆ ਹੋਵੇ? ਕਿ ਇਹ ਤਾਂ ’ਵਿਚਾਰਾ ਆਪਣਾ’ ਦੇਵੀ ਸਿੰਘ ਹੈ!

ਜੇ ਕਿਤੇ ਇਹ ਨੇਪਾਲੀ ਦੇਵੀ ਸਿੰਘ ਦੀ ਥਾਂ ‘ਭਾਈ ਦੇਵ ਸਿੰਘ’ ਹੁੰਦਾ, ਫਿਰ ਕਾਨੂੰਨ ਆਪਣੇ ’ਹੱਥਾਂ ਦੀ ਲੰਬਾਈ’ ਜ਼ਰੂਰ ਵਧਾ ਲੈਣੀ ਸੀ!

# ਸ਼ੰਕਾ-ਨਵਿਰਤੀ



ਮੇਘ ਰਾਜ ਮਿੱਤਰ
+91-98887-87440

? ਇਕ ਖਬਰ ਸੀ ਕਿ ਅਮਰੀਕਾ ਦੇ ਫਿਲਾਡਾਲਫੀਆਂ ਇਲਾਕੇ ਦੀ ਰਹਿਣ ਵਾਲੀ ਇਕ ਲੜਕੀ, ਜਿਸ ਦਾ ਕਹਿਣਾ ਹੈ ਕਿ ਉਹ ਸ਼ੀਸ਼ੇ ਅੱਗੇ 35-40 ਮਿੰਟ ਖੜ੍ਹਦੀ ਹੈ ਤਾਂ ਸ਼ੀਸ਼ਾ ਤਿੜਕ ਜਾਂਦਾ ਹੈ ਅਤੇ ਥੋੜ੍ਹੇ ਚਿਰ ਵਿਚ ਹੀ ਟੁੱਟ ਕੇ ਚੂਰ ਚੂਰ ਹੋ ਕੇ ਡਿੱਗ ਪੈਂਦਾ ਹੈ। ਉਸ ਦਾ ਕਹਿਣਾ ਹੈ ਕਿ ਉਹ ਯੂਨਾਨ ਵਿਚ ਸੈਰ ਕਰਨ ਗਈ ਤਾਂ ਉਥੇ ਉਸ ਨੇ ਵੱਡੇ ਵੱਡੇ ਸਤੰਭ ਵੇਖੇ ਉਸ ਤੋਂ ਬਾਅਦ ਹੀ ਇਹ ਘਟਨਾ ਵਾਪਰ ਰਹੀ ਹੈ, ਕੀ ਇਸ ਤਰ੍ਹਾਂ ਹੋ ਸਕਦਾ ਹੈ?

* ਸ਼ੀਸ਼ੇ ਨੂੰ ਤੋੜਨ ਲਈ ਅਸਲ ਵਿਚ ਬਲ ਦੀ ਲੋੜ ਹੁੰਦੀ ਹੈ ਉਹ ਇਹ ਬਲ ਕਿਸ ਊਰਜਾ ਤੋਂ ਪ੍ਰਾਪਤ ਕਰਦੀ ਹੈ। ਇਹ ਸਮਝ ਤੋਂ ਬਾਹਰ ਹੈ। ਮੈਨੂੰ ਯਕੀਨ ਹੈ ਕਿ ਉਹ ਲਾਜ਼ਮੀ ਹੀ ਕਿਸੇ ਨਾ ਕਿਸੇ ਢੰਗ ਨਾਲ ਆਪਣੇ ਹੱਥਾਂ ਦਾ ਇਸਤੇਮਾਲ ਕਰਦੀ ਹੋਵੇਗੀ। ਜਿਸ ਨਾਲ ਸ਼ੀਸ਼ਾ ਟੁੱਟ ਜਾਂਦਾ ਹੈ।

? ਅੱਜਕੱਲ੍ਹ ਕਿਸਾਨ ਨਵੇਂ-ਨਵੇਂ ਟੀਕੇ ਸਬਜ਼ੀਆਂ ਨੂੰ ਲਗਾ ਰਹੇ ਹਨ। ਜਿਨ੍ਹਾਂ ਨਾਲ ਸਬਜ਼ੀਆਂ ਰਾਤੋ-ਰਾਤ ਵੱਡੀਆਂ ਹੋ ਜਾਂਦੀਆਂ ਹਨ। ਕੀ ਇਹਨਾਂ ਨਾਲ ਮਨੁੱਖ ਦੀ ਸਿਹਤ ਨੂੰ ਹਾਨੀ ਹੁੰਦੀ ਹੈ?

* ਇਹ ਟੀਕੇ ਹਾਰਮੋਨਜ਼ ਅਤੇ ਸਟੀਰੋਇਡਜ਼ ਦੇ ਹੁੰਦੇ ਹਨ ਜਿਹੜੇ ਮਨੁੱਖੀ ਸਿਹਤ ਲਈ ਹਾਨੀਕਾਰਕ ਹਨ।

? ਅਸੀਂ ਉਸ ਜਗ੍ਹਾ ਨਹੀਂ ਪਹੁੰਚਦੇ, ਜਿੱਥੇ ਮਨ ਪਹੁੰਚ ਜਾਂਦਾ ਹੈ, ਆਖਿਰ ਮਨ ਹੈ ਕੀ, ਇਸਦੀ ਗਤੀ ਏਨੀ ਤੇਜ਼ ਕਿਉਂ ਹੈ?

* ਮਨ ਨੂੰ ਅਸੀਂ ਦਿਮਾਗ ਦੀਆਂ ਕਲਪਨਾਵਾਂ ਵੀ ਕਹਿ ਸਕਦੇ ਹਾਂ। ਦਿਮਾਗ ਇੱਕ ਪਦਾਰਥ ਹੈ। ਪਦਾਰਥ ’ਚ ਵਾਪਰਦੀਆਂ ਰਸਾਇਣਿਕ ਕਿਰਿਆਵਾਂ ਵਿਚੋਂ ਕੁਝ ਨੂੰ ਅਸੀਂ ਵਿਚਾਰ ਕਹਿ ਸਕਦੇ ਹਾਂ।

? ਜਿਹੜੇ ਸੁਪਨੇ ਅਸੀਂ ਰਾਤ ਨੂੰ ਦੇਖਦੇ ਹਾਂ ਸਵੇਰ ਵੇਲੇ ਉਹ ਭੁੱਲ ਕਿਉਂ ਜਾਂਦੇ ਹਾਂ।

* ਸਾਡੇ ਦਿਮਾਗ ਵਿੱਚ ਬਹੁਤ ਸਾਰੀਆਂ ਪ੍ਰਣਾਲੀਆਂ ਅਜਿਹੀਆਂ ਹਨ, ਜਿਹੜੀਆਂ ਦਿਨ ਰਾਤ ਕੰਮ ਕਰਦੀਆਂ ਰਹਿੰਦੀਆਂ ਹਨ। ਜਿਵੇਂ : ਸਾਹ ਕਿਰਿਆ, ਲਹੂ ਗੇੜ ਪ੍ਰਣਾਲੀ। ਇਸੇ ਤਰ੍ਹਾਂ ਦਿਮਾਗ ਕਦੇ ਨਹੀਂ ਸੌਂਦਾ। ਇਹ ਹਮੇਸ਼ਾ ਕਲਪਨਾਵਾਂ ਕਰਦਾ ਰਹਿੰਦਾ ਹੈ। ਗੂੜ੍ਹੀ ਨੀਂਦ ਵਿੱਚ ਆਏ ਸੁਪਨੇ ਸਾਡੇ ਯਾਦ ਨਹੀਂ ਰਹਿੰਦੇ, ਸਿਰਫ਼ ਕੱਚੀ ਨੀਂਦ ਵਿੱਚ ਆਏ ਸੁਪਨੇ ਯਾਦ ਰਹਿੰਦੇ ਹਨ।

? ਕੁਝ ਲੋਕ ਜਾਨਵਰਾਂ ਨੂੰ ਮਾਰ ਕੇ ਮੀਟ ਬਣਾ ਕੇ ਖਾਂਦੇ ਹਨ। ਕੀ ਇਹ ਠੀਕ ਹੈ। ਇੱਕ ਨਾਸਤਿਕ ਵਿਅਕਤੀ ਲਈ ਮੀਟ ਖਾਣਾ ਠੀਕ ਹੈ ਜਾਂ ਨਹੀਂ।

* ਦੁਨੀਆਂ ਦੇ ਵੱਖ-ਵੱਖ ਦੀਪਾਂ ²ਤੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਦੇ ਖਾਣੇ ਵੱਖ-ਵੱਖ ਹਨ। ਸਮੁੰਦਰੀ ਕਿਨਾਰਿਆਂ ’ਤੇ ਰਹਿਣ ਵਾਲੇ ਬ੍ਰਾਹਮਣ ਵੀ ਮੱਛੀ ਖਾਣ ਤੋਂ ਵਗੈਰ ਜਿਉਂਦੇ ਨਹੀਂ ਰਹਿ ਸਕਦੇ। ਉਂਝ ਵੀ ਸਰੀਰ ਲਈ ਲੋੜੀਂਦੇ ਬਹੁਤ ਸਾਰੇ ਪ੍ਰੋਟੀਨ ਮੀਟ ਵਿਚੋਂ ਪ੍ਰਾਪਤ ਹੁੰਦੇ ਹਨ। ਫ਼ਸਲਾਂ ਵੀ ਜੀਵਾਂ ਦੀ ਤਰ੍ਹਾਂ ਸਾਹ ਲੈਂਦੀਆਂ ਹਨ, ਜਿਉਂਦੀਆਂ ਹਨ ਤੇ ਮਰਦੀਆਂ ਹਨ।

ਇਸ ਲਈ ਮਨੁੱਖ ਨੂੰ ਜਿਉਂਦੇ ਰਹਿਣ ਲਈ ਇਨ੍ਹਾਂ ਤੋਂ ਪ੍ਰਾਪਤ ਖਾਣਿਆਂ ਦੀ ਜ਼ਰੂਰਤ ਹੁੰਦੀ ਹੀ ਹੈ। ਬਹੁਤ ਸਾਰੇ ਨਾਸਤਿਕ ਅਜਿਹੇ ਵੀ ਹੁੰਦੇ ਹਨ ਜਿਹੜੇ ਮੀਟ ਦੀ ਵਰਤੋਂ ਨਹੀਂ ਕਰਦੇ। ਪਰ ਬਹੁਤ ਸਾਰੇ ਧਰਮਾਂ ਵਿੱਚ ਮੀਟ ਖਾਣ ਦੀ ਇਜ਼ਾਜਤ ਵੀ ਹੈ।

? ਕੁਝ ਲੋਕਾਂ ਦੇ ਵਿਚਾਰ ਹਨ ਕਿ ਪੈਸਾ ਕਮਾਉਣਾ ਹੀ ਜ਼ਿੰਦਗੀ ਦਾ ਮੇਨ ਮਕਸਦ ਹੈ ਪਰ ਕੁੱਝ ਲੋਕਾਂ ਦੇ ਵਿਚਾਰ ਹਨ ਕਿ ਜ਼ਿੰਦਗੀ ਦਾ ਮੇਨ ਮਕਸਦ ਲੋਕ ਭਲਾਈ ਦੇ ਕੰਮ ਕਰਨਾ ਹੈ। ਇਸ ਬਾਰੇ ਤੁਹਾਡੇ ਕੀ ਵਿਚਾਰ ਹਨ?

* ਜ਼ਿੰਦਗੀ ਦਾ ਉਦੇਸ਼ ਇਸ ਧਰਤੀ ਨੂੰ ਇਸਦੇ ਲੋਕਾਂ ਅਤੇ ਚੌਗਿਰਦੇ ਸਮੇਤ ਸੁੰਦਰ ਬਣਾਉਣਾ ਹੋਣਾ ਚਾਹੀਦਾ ਹੈ। ਇਸ ਲਈ ਥੋੜ੍ਹੇ ਬਹੁਤ ਪੈਸੇ ਦੀ ਜ਼ਰੂਰਤ ਵੀ ਹੁੰਦੀ ਹੈ। ਸੋ ਨੇਕ ਢੰਗਾਂ ਨਾਲ ਪੈਸਾ ਬਣਾਉਣਾ ਅਤੇ ਲੋਕ ਭਲਾਈ ਲਈ ਵਰਤਣਾ ਜ਼ਰੂਰੀ ਹੈ।

? ਲੰਦਨ ਦੇ ਸਿਡਨੇਹਮ ਇਲਾਕੇ ਵਿਚ ਇੱਕ ਔਰਤ ਯੂਫ਼ੇਮੀਆਂ ਜਾਨਸਨ ਦੀ ਬਹੁਤ ਹੀ ਅਦਭੁਤ ਢੰਗ ਨਾਲ ਮੌਤ ਹੋ ਗਈ ਸੀ ਜਿਸ ਦਾ ਪਤਾ ਨਾ ਹੀ ਪੁਲਿਸ ਲਗਾ ਸਕੀ ਅਤੇ ਨਾ ਹੀ ਅਪਰਾਧ ਸ਼ਾਖਾ ਦੇ ਵਿਗਿਆਨੀ।

ਜਿਸ ਕਮਰੇ ਵਿਚ ਯੂਫ਼ੇਮੀਆਂ ਦੀ ਮੌਤ ਹੋਈ ਸੀ, ਉੱਥੇ ਰਾਖ ਦਾ ਢੇਰ ਪਾਇਆ ਗਿਆ, ਪਰ ਉਸਦੇ ਕੱਪੜੇ ਬਿਲਕੁਲ ਸੁਰੱਖਿਅਤ ਸਨ। ਜਾਂਚ ਦੌਰਾਨ ਪਤਾ ਚੱਲਿਆ ਕਿ ਕਿਤੇ ਕੋਈ ਅਗਨੀ ਵਿਸਫੋਟ ਜਾਂ ਹੋਰ ਕੋਈ ਵੀ ਘਟਨਾ ਨਹੀਂ ਘਟੀ ਸੀ। ਅੱਜ ਤੱਕ ਉਸਦੀ ਮੌਤ ਅਣਸੁਲਝੀ ਪਹੇਲੀ ਬਣੀ ਹੋਈ ਹੈ?

* ਇਸ ਸੁਆਲ ਦਾ ਜੁਆਬ ਤੁਸੀਂ ਤਰਕਸ਼ੀਲ ਸੁਸਾਇਟੀ ਦੁਆਰਾ ਛਾਪੀ ਪੁਸਤਕ ‘ਵਿਗਿਆਨ ਤੇ ਪਰਾਵਿਗਿਆਨ’ ਦੇ ਸਫ਼ਾ 155 ’ਤੇ ਪੜ੍ਹ ਸਕਦੇ ਹੋ। ਤਜ਼ਰਬੇ ਦੇ ਤੌਰ ’ਤੇ ਜੇ ਤੁਸੀਂ ਸੂਰ ਦੇ ਕੁਝ ਮਾਸ ਨੂੰ ਪਲਾਸਟਿਕ ਵਿੱਚ ਲਪੇਟ ਕੇ ਅੱਗ ਲਾ ਦੇਵੋਂ ਤਾਂ ਵੇਖੋਗੇ ਕਿ ਇੱਕ ਸਟੇਜ ’ਤੇ ਇਸ ਦੀ ਚਰਬੀ ਪਿਘਲ ਜਾਵੇਗੀ ਅਤੇ ਆਪਣੇ-ਆਪ ਬਲਣਾ ਸ਼ੁਰੂ ਕਰ ਦੇਵੇਗਾ। ਇਸੇ ਤਰ੍ਹਾਂ ਮਨੁੱਖੀ ਸਰੀਰਾਂ ਨਾਲ ਹੋ ਸਕਦਾ ਹੈ।

? ਬੱਚਿਆਂ ਵਿੱਚ ਵਿਗਿਆਨਕ ਸੂਝ ਪੈਦਾ ਕਰਨ ਲਈ ਅਮਰੀਕਾ ਦੇ ਸਾਇੰਸ ਅਧਿਆਪਕ ਕਿਹੜੀ ਥਰੈਪੀ ਵਰਤਦੇ ਹਨ?

* ਵਿਗਿਆਨਕ ਸੂਝ ਪੈਦਾ ਕਰਨ ਲਈ ਵਿਗਿਆਨਕ ਪੁਸਤਕਾਂ ਅਤੇ ਪ੍ਰੋਯਗਸ਼ਾਲਾਵਾਂ ਦੀ ਲੋੜ ਹੁੰਦੀ ਹੈ। ਪੰਜਾਬ ਵਿਚ ਵਿਗਿਆਨਕ ਸੂਝ ਦੀਆਂ ਪੁਸਤਕਾਂ ਬਹੁਤ ਘੱਟ ਹਨ। ਇਹ ਉਪਰਾਲਾ ਕੁਝ ਹੱਦ ਤੱਕ ਤਰਕਭਾਰਤੀ ਪ੍ਰਕਾਸ਼ਨ ਨੇ ਹੀ ਕੀਤਾ। ਇੱਥੋਂ ਪ੍ਰਯੋਗਸ਼ਾਲਾਵਾਂ ਤਾਂ ਬੰਦ ਹੀ ਰਹਿੰਦੀਆਂ ਹਨ। ਸਰਕਾਰੀ ਸਕੂਲਾਂ ਵਿੱਚ ਬਹੁਤ ਸਾਰੇ ਸਾਇੰਸ ਅਧਿਆਪਕ, ਵਿਗਿਆਨਕ ਸੂਝ ਤੋਂ ਕੋਰੇ ਹੁੰਦੇ ਹਨ। ਕਿਉਂਕਿ ਉਨ੍ਹਾਂ ਨੇ ਆਪਣੀ ਪੜ੍ਹਾਈ ਨੂੰ ਆਪਣੇ ਅਮਲੀ ਜੀਵਨ ਨਾਲ ਨਹੀਂ ਜੋੜਿਆ ਹੁੰਦਾ। ਅਮਰੀਕਾ ਵਿੱਚ ਵਿਗਿਆਨਕ ਪੁਸਤਕਾਂ ਅਤੇ ਪ੍ਰਯੋਗਸ਼ਾਲਾਵਾਂ ਦੀ ਭਰਮਾਰ ਹੈ ਅਤੇ ਅਧਿਆਪਕ ਵੀ ਇਨ੍ਹਾਂ ਗੱਲਾਂ ਨੂੰ ਵਿਦਿਆਰਥੀਆਂ ਦੀ ਰੋਜ਼ਾਨਾ ਜ਼ਿੰਦਗੀ ਨਾਲ ਜੋੜਦੇ ਹਨ।

? ਮੇਰੀ ਯਾਦ ਸ਼ਕਤੀ ਬਹੁਤ ਘੱਟ ਹੈ, ਜੋ ਮੈਂ ਅੱਜ ਯਾਦ ਕਰਦਾ ਹਾਂ, ਕੱਲ ਨੂੰ ਭੁੱਲ ਜਾਂਦਾ ਹਾਂ, ਆਪਣੀ ਯਾਦ ਸ਼ਕਤੀ ਲਈ ਕੀ ਕਰਾਂ?

* ਯਾਦ ਸ਼ਕਤੀ ਦਾ ਸੰਬੰਧ ਦਿਲਚਸਪੀ ਨਾਲ ਹੁੰਦਾ ਹੈ। ਜੇ ਅਸੀਂ ਕਿਸੇ ਵਿਸ਼ੇ ਵਿਚ ਦਿਲਚਸਪੀ ਲੈਂਦੇ ਹਾਂ। ਉਸ ਨਾਲ ਸੰਬੰਧਿਤ ਸਮੱਗਰੀ ਵੀ ਸਾਡੇ ਯਾਦ ਰਹਿੰਦੀ ਹੈ। ਇਸ ਲਈ ਜੇ ਤੁਸੀਂ ਆਪਣੀ ਯਾਦ ਸ਼ਕਤੀ ਵਧਾਉਣਾ ਚਾਹੁੰਦੇ ਹੋ ਤਾਂ ਉਸੇ ਵਿਸ਼ੇ ਵਿਚ ਆਪਣੀ ਦਿਲਚਸਪੀ ਨੂੰ ਵਧਾਓ।

? ਨਵਜੰਮਿਆ ਬੱਚਾ ਆਪਣੇ ਆਪ ਹੀ ਕਦੇ ਹੱਸਦਾ ਹੈ ਅਤੇ ਕਦੇ ਰੋਣ ਵਰਗਾ ਚਿਹਰਾ ਬਣਾ ਲੈਂਦਾ ਹੈ। ਇਸ ਦਾ ਕੀ ਕਾਰਨ ਹੈ।

ਵੱਡੀ ਉਮਰ ਦੀਆਂ ਔਰਤਾਂ ਇਸ ਬਾਰੇ ਕਹਿੰਦੀਆਂ ਹਨ ਕਿ ਕੋਈ ਵਿਹੁ ਮਾਤਾ ਹੈ ਜਿਹੜੀ ਇਸ ਨੂੰ ਹਸਾਉਂਦੀ ਹੈ ਤੇ ਰਵਾਉਂਦੀ ਹੈ।

* ਇਸ ਸਮੇਂ ਬੱਚਾ ਆਪਣੇ ਹਾਵ-ਭਾਵ ਪ੍ਰਗਟ ਕਰਨਾ ਸਿੱਖ ਰਿਹਾ ਹੁੰਦਾ ਹੈ। ਜਿਸਨੂੰ ਬਾਅਦ ਵਿੱਚ ਉਹ ਤਰਤੀਬਬੱਧ ਕਰ ਲੈਂਦਾ ਹੈ। ਵਿਹੁ ਮਾਤਾ ਨਾਲ ਇਸ ਦਾ ਕੋਈ ਸਬੰਧ ਨਹੀਂ ਹੁੰਦਾ।

# ਅਮਰੀਕਾ ’ਚ ਪੰਜਾਬੀ ਦਾ ਇਕ ਹੋਰ ਦਲੇਰ ਕਾਰਨਾਮਾ

ਵਾਸ਼ਿੰਗਟਨ— ਨਿਊਜ਼ੀਲੈਂਡ ਵਿਚ ਹਰਮਨਪ੍ਰੀਤ ਸਿੰਘ ਨੇ ਸੜਕ ਹਾਦਸੇ ਦੇ ਸ਼ਿਕਾਰ ਜ਼ਖਮੀ ਬੱਚੇ ਦੇ ਵਹਿੰਦੇ ਖੂਨ ਨੂੰ ਰੋਕਣ ਲਈ ਆਪਣੀ ਪੱਗ ਲਾਹੀ ਸੀ ਤਾਂ ਇਸ ਵਾਰ ਪੰਜਾਬੀ ਟਰੱਕ ਡਰਾਈਵਰ ਨੇ ਹਾਦਸੇ ਦਾ ਸ਼ਿਕਾਰ ਹੋਏ ਇਕ ਪਿਕਅੱਪ ਟਰੱਕ ਨੂੰ ਡਰਾਈਵਰ ਸਮੇਤ ਅਮਰੀਕਾ ਦੇ ਤਲਾਬ ਵਿਚ ਡੁੱਬਦੇ ਹੋਏ ਦੇਖਿਆ ਤਾਂ ਉਸ ਦੀ ਮਦਦ ਲਈ ਤਲਾਬ ਵਿਚ ਹੀ ਉਤਰ ਗਿਆ।

ਨਰਿੰਦਰ ਸਿੰਘ ਜੈਫਰਸਨ ਬੋਲੀਵੀਅਰਡ ਰੋਡ ਤੇ ਕਲਾਰਕਸਬਰਗ ਰੋਡ ’ਤੇ ਸਵੇਰੇ 9 ਵਜੇ ਆਪਣੇ 18 ਟਾਇਰਾਂ ਵਾਲੇ ਟਰਾਲੇ ਨੂੰ ਲੈ ਕੇ ਜਾ ਰਿਹਾ ਸੀ, ਜਦੋਂ ਇਕ ਪਿਕਅੱਪ ਉਸ ਨੂੰ ਕੱਟਦਾ ਹੋਇਆ ਇਕ ਤਲਾਬ ਵਿਚ ਜਾ ਡਿੱਗਿਆ।

ਮੌਕੇ ’ਤੇ ਮਰਦੇ ਹੋਏ ਡਰਾਈਵਰ ਨੂੰ ਦੇਖ ਕੇ ਪੰਜਾਬੀ ਨਰਿੰਦਰ ਸਿੰਘ ਤਲਾਬ ਵਿਚ ਹੀ ਉੱਤਰ ਗਿਆ ਤੇ ਉਸ ਨੇ 20 ਮਿੰਟਾਂ ਤੱਕ ਪਿਕਅੱਪ ਟਰੱਕ ’ਚ ਫਸੇ ਡਰਾਈਵਰ ਦਾ ਸਿਰ ਫੜ ਕੇ ਪਾਣੀ ਤੋਂ ਬਾਹਰ ਰੱਖਿਆ। ਉਸ ਦੇ ਇਸ ਉਪਰਾਲੇ ਕਾਰਨ ਜਦੋਂ ਬਚਾਅ ਟੀਮ ਮੌਕੇ ’ਤੇ ਪਹੁੰਚੀ ਤਾਂ ਉਸ ਨੇ ਡਰਾਈਵਰ ਨੂੰ ਬਾਹਰ ਜ਼ਿੰਦਾ ਬਾਹਰ ਕੱਢ ਲਿਆ ਤੇ ਇਕ ਵਾਰ ਫਿਰ ਇਕ ਪੰਜਾਬੀ ਦੀ ਦਲੇਰੀ ਕਾਰਨ ਕਿਸੇ ਦੀ ਜਾਨ ਬਚ ਗਈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਬਾਪੂ ਸੂਰਤ ਸਿੰਘ ਖਾਲਸਾ ਦੇ ਸਮਰਥਨ ਵਿਚ ਹੋਈ ਕਾਰ ਰੈਲੀ






**ਫਰੀਮਾਟ (ਬਲਵਿੰਦਰਪਾਲ ਸਿੰਘ ਖਾਲਸਾ)–** ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖਾਂ ਉਤੇ ਮਾਨਸਿਕ ਤਸ਼ੱਦਦ ਕਰ ਰਹੀ ਭਾਰਤੀ ਸਰਕਾਰ ਤੇ ਅਕਾਲੀ ਸਰਕਾਰ ਦੇ ਅਣਮਨੁੱਖੀ ਵਰਤਾਓ ਵਿਰੁੱਧ ਬਾਪੂ ਸੂਰਤ ਸਿੰਘ ਖਾਲਸਾ ਦੁਆਰਾ ਸ਼ੁਰੂ ਕੀਤੀ ਭੁੱਖ ਹੜਤਾਲ 139 ਦਿਨ ਵਿਚ ਸ਼ਾਮਲ ਹੋ ਗਈ ਹੈ ਤੇ ਪੰਜਾਬ ਸਰਕਾਰ ਨੇ ਇਕ ਹੋਰ ਜ਼ੁਲਮ ਕਰਦਿਆਂ ਬਾਪੂ ਜੀ ਨੂੰ ਦੋਬਾਰਾ ਗ੍ਰਿਫਤਾਰ ਕਰ ਲਿਆ ਹੈ। ਉਨਾਂ ਦੀ ਸੇਹਤ ਨਿਤ ਦਿਨ ਮਾੜੀ ਹੋ ਰਹੀ ਹੈ ਪਰ ਸਰਕਾਰ ਬੇਕਸੂਰ ਸਿੱਖਾਂ ਦੀ ਰਿਹਾਈ ਲਈ ਉਤਸੁਕ ਨਹੀਂ।

ਪੰਜਾਬ ਦਾ ਮੁੱਖ ਮੰਤਰੀ ਬਾਦਲ ਡਰਾਮੇ ਕਰ ਰਿਹਾ ਹੈ ਤੇ ਸਜ਼ਾਵਾਂ ਪੂਰੀਆਂ ਚੁੱਕੇ ਸਿੱਖਾਂ ਨੂੰ ਰਿਹਾ ਕਰਨ ਦੀ ਗੱਲ ਤੋਂ ਕੰਨੀ ਕਤਰਾ ਕੇ ਆਰ ਐਸ ਐਸ ਦਾ ਗੁਲਾਮ ਹੋਣ ਕਰਕੇ ਸਿੱਖ ਕੌਮ ਨਾਲ ਗਦਾਰੀ ਕਰ ਰਿਹਾ ਹੈ।

ਸਾਰੇ ਹਾਲਾਤ ਨੂੰ ਵੇਖਦਿਆਂ ਕੈਲੇਫੋਰਨੀਆ ਦੇ ਨੌਜਵਾਨਾਂ ਨੇ ਬਾਪੂ ਜੀ ਦੇ ਸਮਰਥਨ ਤੇ ਚੜ੍ਹਦੀ ਕਲਾ ਵਾਸਤੇ ਇਕ ਕਾਰ ਰੈਲੀ ਦਾ ਪ੍ਰਬੰਧ ਕਰਨ ਬਾਰੇ ਤੇਜ਼ੀ ਨਾਲ ਯੋਜਨਾ ਬਣਾਈ ਤੇ ਇਸ ਬਾਰੇ ਫੈਸਲਾ ਕੀਤਾ ਕਿ ਇਹ ਕਾਰ ਰੈਲੀ ਫਰੀਮਾਂਟ ਵਿਚ ਕੀਤੀ ਜਾਵੇ।ਬਾਪੂ ਸੂਰਤ ਸਿੰਘ ਖਾਲਸਾ ਦੇ ਪਰਵਾਰ ਨਾਲ ਸੰਪਰਕ ਕਰਕੇ ਗੁਰਦੁਆਰਾ ਸਾਹਿਬ ਫਰੀਮਾਂਟ ਵਿਚ ਇਸ ਕਾਰ ਰੈਲੀ ਦਾ ਪ੍ਰਬੰਧ ਕੀਤਾ।ਇਸ ਕਾਰ ਰੈਲੀ ਵਿਚ ਬਾਪੂ ਜੀ ਦੀਆਂ ਦੋ ਬੇਟੀਆਂ ਬੀਬੀ ਮਨਦੀਪ ਕੌਰ ਤੇ ਬੀਬੀ ਬਰਿੰਦਰ ਕੌਰ ਤੇ ਉਨਾਂ ਦੀ ਸਾਥੀ ਬੀਬੀ ਦਮਨਵੀਰ ਕੌਰ ਤੇ ਦੀਪ ਕੌਰ ਨੇ ਹਿੱਸਾ ਲਿਆ ਨੇ ਹਿੱਸਾ ਲਿਆ।ਇਸ ਕਾਰ ਰੈਲੀ ਵਿਚ ਬਹੁਤ ਸਾਰੀਆ ਸੰਗਤਾਂ ਤੇ ਕਾਰਾਂ ਨੇ ਹਿੱਸਾ ਲਿਆ। ਸਟਾਕਟਨ, ਟਰਲਕ, ਮੋਡੈਸਟੋ-ਸੀਰੀਜ਼ ਤੇ ਸੈਕਰਾਮੈਂਟੋ ਤੋਂ ਵੀ ਸੰਗਤਾਂ ਪਹੁੰਚੀਆ। ਬੜੇ ਉਤਸ਼ਾਹ ਨਾਲ ਇਹ ਰੈਲੀ ਸਫਲ ਹੋਈ।

## ਮੈਗੀ ਨੂੰ ਲੈ ਕੇ 'ਨੇਸਲੇ' ਨੂੰ ਲੱਗਾ ਝਟਕਾ

**ਦਿੱਲੀ–** ਮੈਗੀ ਨਿਊਡਲਸ ਨੂੰ ਲੈ ਕੇ ਉੱਠੇ ਵਿਵਾਦ ਦੇ ਮੱਦੇਨਜ਼ਰ ਦੇਸ਼ ਵਿਚ ਖੁਦਰਾ ਕਾਰੋਬਾਰ ਦੀ ਸਭ ਤੋਂ ਵੱਡੀ ਲੜੀ ਚਲਾਉਣ ਵਾਲੇ ਫਿਊਚਰ ਗਰੁੱਪ ਅਤੇ ਸਹਿਕਾਰੀ ਭੰਡਾਰ ਨੇ ਆਪਣੇ ਸਾਰੇ ਸਟੋਰਾਂ ਵਿਚ ਮੈਗੀ ਨਿਊਡਲਸ ਦੀ ਵਿਕਰੀ 'ਤੇ ਰੋਕ ਲਾ ਦਿੱਤੀ ਹੈ। ਕਿਸ਼ੋਰ ਬਿਯਾਨੀ ਸਮੂਹ ਦਾ ਫਿਊਚਰ ਗਰੁੱਪ ਬਿੱਗ ਬਾਜ਼ਾਰ, ਨੀਲਗਿਰੀਸ ਅਤੇ ਜੀਡੇ ਦੇ ਨਾਂ ਤੋਂ ਡਿਟੇਲ ਕਾਰੋਬਾਰ ਵਿਚ ਸਟੋਰ ਚਲਦਾ ਹੈ। ਕੰਪਨੀ ਨੇ ਦੱਸਿਆ ਕਿ ਉੱਤਰ ਪ੍ਰਦੇਸ਼ ਅਤੇ ਕੇਰਲ ਵਿਚ ਮੈਗੀ ਵੇਚਣ ਤੋਂ ਪਹਿਲਾਂ ਹੀ ਰੋਕ ਲਾ ਦਿੱਤੀ ਗਈ ਸੀ।

ਫਿਊਚਰ ਸਮੂਹ ਨੇ ਕਿਹਾ ਕਿ ਉਪਭੋਗਤਾਵਾਂ ਦੇ ਹਿੱਤਾਂ ਅਤੇ ਸਿਹਤ ਨੂੰ ਲੈ ਕੇ ਉੱਠੇ ਸਵਾਲਾਂ ਤੋਂ ਬਾਅਦ ਮੈਗੀ ਨਿਊਡਲਸ 'ਤੇ ਫਿਲਹਾਲ ਸਾਰੇ ਸਟੋਰਾਂ 'ਤੇ ਰੋਕ ਲਾ ਦਿੱਤੀ ਗਈ ਹੈ। ਦਿੱਲੀ 'ਚ ਵੀ ਮੈਗੀ 'ਤੇ ਰੋਕ ਲਾ ਦਿੱਤੀ ਗਈ ਹੈ। ਜਿਸ ਕਾਰਨ ਮੈਗੀ ਦੇ ਸੁਰੱਖਿਆ ਮਾਪਦੰਡਾਂ ਨਾਲ ਜੁੜੇ ਵਿਵਾਦ ਦੇ ਚਲਦੇ ਨੇਸਲੇ ਇੰਡੀਆ ਦਾ ਸ਼ੇਅਰ 'ਚ ਬੁੱਧਵਾਰ-ਨੂੰ 10 ਫੀਸਦੀ ਤੋਂ ਵਧ ਦੀ ਗਿਰਾਵਟ ਦਰਜ ਹੋਈ ਹੈ।

# ਸੈਨ ਫਰਾਂਸਿਸਕੋ ਦੀ ਪੰਜਾਬੀ ਟੈਕਸੀ ਐਸੋਸੀਏਸ਼ਨ ਨੇ ਸੰਗਤਾਂ ਦੇ ਸੁਆਗਤ ਲਈ ਸਾਰੀਆਂ ਤਿਆਰੀਆ ਕੀਤੀਆਂ



**ਸੈਨ ਫਰਾਂਸਿਸਕੋ (ਬਲਵਿੰਦਰਪਾਲ ਸਿੰਘ ਖਾਲਸਾ)** ਸੈਨ ਫਰਾਂਸਿਸਕੋ ਵਰਗੇ ਅੰਤਰਰਾਸ਼ਟਰੀ ਸ਼ਹਿਰ ਵਿਚ ਟੈਕਸੀ ਵਪਾਰ ਨਾਲ ਜੁੜੇ ਸਿੱਖ ਪਰਵਾਰਾਂ ਨੇ 7 ਜੂਨ ਦਿਨ ਐਤਵਾਰ ਨੂੰ ਸ਼ਹਿਰ ਵਿਚ ਸੱਜਣ ਵਾਲੇ ਨਗਰ ਕੀਰਤਨ-ਅਜ਼ਾਦੀ ਮਾਰਚ-ਸਿੱਖ ਪ੍ਰਭੂਸੱਤਾ ਮਾਰਚ ਵਿਚ ਪਹੁੰਚਣ ਵਾਲੀਆਂ ਸੰਗਤਾਂ ਨੂੰ ਜੀ ਆਇਆਂ ਕਹਿਣ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਭਾਈ ਹਰਿੰਦਰ ਸਿੰਘ ਹੈਰੀ, ਭਾਈ ਜਗਪਾਲ ਸਿੰਘ ਤੇ ਭਾਈ ਕੁਲਵੰਤ ਸਿੰਘ ਨੇ ਗੱਲਬਾਤ ਦੌਰਾਨ ਦੱਸਿਆ ਐਸੋਸੀਏਸ਼ਨ ਦੇ ਸਾਰੇ ਸਿੰਘਾਂ ਤੇ ਉਨਾਂ ਦੇ ਪਰਵਾਰਾਂ ਨੇ ਸਵੇਰ ਵੇਲੇ ਕੈਲੇਫੋਨਰੀਆ ਦੇ ਵੱਖ ਵੱਖ ਸ਼ਹਿਰਾਂ ਤੋਂ ਪਹੁੰਚਣ ਵਾਲੀਆਂ ਸਮੂੰਹ ਸੰਗਤਾਂ ਦੇ ਨਾਸ਼ਤੇ ਤੇ ਚਾਹ ਪਾਣੀ ਦੀ ਸੇਵਾ ਲਈ ਪੂਰੀ ਤਿਆਰੀ ਕਰ ਲਈ ਹੈ। ਐਸੋਸੀਏਸ਼ਨ ਦੇ ਮੈਂਬਰਾਂ ਵਿਚ ਭਾਈ ਲਖਵਿੰਦਰ ਸਿੰਘ, ਹਰਿੰਦਰ ਸਿੰਘ ਗਰੇਵਾਲ, ਸਰਬਜੋਤ ਸਿੰਘ ਘੋਤਰਾ, ਦਲਜੀਤ ਸਿੰਘ, ਗੁਰਮੀਤ ਸਿੰਘ, ਜੀਤ ਸਿੰਘ,ਨਿਰਮਲ ਸਿੰਘ,ਹੇਰਾ ਸਿੰਘ,ਬਿਕਰਮ ਸਿੰਘ, ਤਾਰਾ ਸਿੰਘ, ਸੁਰਿੰਦਰ ਸਿੰਘ, ਭੁਪਿੰਦਰ ਸਿੰਘ, ਗਗਨਦੀਪ ਸਿੰਘ, ਇੰਦਰਜੀਤ ਸਿੰਘ, ਸੁਖਵੰਤ ਸਿੰਘ, ਮਨਜੀਤ ਸਿੰਘ, ਸਤਨਾਮ ਸਿੰਘ, ਅਵਤਾਰ ਸਿੰਘ, ਕੁਲਦੀਪ ਸਿੰਘ, ਕਮਲਜੀਤ ਸਿੰਘ ਤੇ ਬਲਦੇਵ ਸਿੰਘ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ
* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।

Call For Special Price
Kashmir S. Thandi
Office: (866) 933-3038
Balhar S. Ranu
Cell: 916-502-7733

Yuba City Ph: 530-419-5058
1816 Main Ave.,
Secramento CA, 95838

ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ

ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।
ਹੋਰ ਜਾਣਕਾਰੀ ਲਈ ਸੰਪਰਕ ਕਰੋ
209-479-0242

# ਸੰਤੋਖ ਤੱਖਰ ਨਹੀਂ ਰਹੇ, ਅੰਤ੍ਰਿਮ ਸਸਕਾਰ 6 ਜੂਨ ਨੂੰ



**ਫਰੀਮਾਂਟ–** ਇਹ ਖਬਰ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਪੰਜਾਬੀ ਭਾਈਚਾਰੇ ਦੀ ਜਾਣੀ ਪਹਿਚਾਣੀ ਸ਼ਖਸੀਅਤ ਸੰਤੋਖ ਸਿੰਘ ਤੱਖਰ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਸਵਰਗ ਸਿਧਾਰ ਗਏ ਹਨ। ਉਹ ਆਪਣੇ ਪਿੱਛੇ ਮਾਤਾ ਹਰਬੰਸ ਕੌਰ, ਪਤਨੀ ਗੁਰਦੇਵ ਕੌਰ, ਪੁੱਤਰ ਜਤਿੰਦਰ ਸਿੰਘ, ਜਸਵਿੰਦਰ ਸਿੰਘ, ਹਰਵਿੰਦ ਸਿੰਘ ਅਤੇ ਪੋਤੇ-ਪੋ-ਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਹਨਾਂ ਦਾ ਅੰਤਿਮ ਅਰਦਾਸ ਦੁਪਹਿਰੇ 1 ਤੋਂ 3 ਵਜੇ ਤੱਕ Chapel of Chimes 32992 Mission Blvd, Hayward, CA 94544 ਵਿਖੇ ਹੋਵੇਗਾ। ਫਿਊਨਰਲ ਹੋਮ ਦਾ ਨੰਬਰ (510-471-3363) ਹੈ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 510-487-5659 ਤੇ ਸੰਪਰਕ ਕੀਤਾ ਜਾ ਸਕਦਾ ਹੈ। ਅੰਤਿਮ ਸਸਕਾਰ ਤੋਂ ਬਾਅਦ ਇਸੇ ਦਿਨ ਅੰਤਿਮ ਅਰਦਾਸ ਤੇ ਭੋਗ ਫਰੀਮਾਂਟ ਗੁਰਦੁਆਰਾ ਸਾਹਿਬ ਵਿਖੇ ਪਵੇਗਾ। ਅਦਾਰਾ 'ਦੇਸ਼ ਦੁਆਬਾ' ਵੱਲੋਂ ਸੰਤੋਖ ਤੱਖਰ ਦੀ ਬੇਵਕਤੀ ਮੌਤ ਤੇ ਤੱਖਰ ਪਰਿਵਾਰ ਦੁੱਖ ਸਾਂਝਾ ਕਰਦਾ ਹੈ।

## ਪੁਲਿਸ ਸਾਂਝ ਕੇਂਦਰ ਬਲਾਚੌਰ ਵੱਲੋਂ ਸਾਹਿਬ ਸਕੂਲ ਵਿਚ ਸੈਮੀਨਾਰ ਆਯੋਜਿਤ ਕੀਤਾ





**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪੁਲਿਸ ਸਾਂਝ ਕੇਂਦਰ ਬਲਾਚੌਰ ਵੱਲੋਂ ਕੇਂਦਰ ਇੰਚਾਰਜ ਪਵਨ ਕੁਮਾਰ ਦੀ ਯੋਗ ਅਗਵਾਈ ਵਿਚ ਅੱਜ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਸਾਹਿਬਾ ਵਿਖੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ ਹਵਲਦਾਰ ਹੁਸਨ ਲਾਲ ਨੇ ਸਕੂਲ ਦੇ ਵਿਦਿਆਰਥੀਆਂ ਤੇ ਸਕੂਲ ਦੇ ਸਟਾਫ ਨੂੰ ਪੁਲਿਸ ਸਾਂਝ ਕੇਂਦਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ। ਸਵੱਛ ਭਾਰਤ ਮੁਹਿੰਮ ਤਹਿਤ ਆਪਣੇ ਆਲੇ ਦੁਆਲੇ ਦੀ ਸਫਾਈ, ਪਲਾਸਟਿਕ ਦੇਬਣੇ ਲਿਫਾਫਿਆਂ ਦੀ ਵਰਤੋਂ ਨੂੰ ਰੋਕਣਾ, ਭਰੂਣ ਹੱਤਿਆ ਤਹਿਤ ਆਪਣੇ ਜੀਅ ਦੀ ਜਾਨ ਜੋਖਿਮ ਵਿਚ ਪਾ ਕੇ ਘਿਨੌਣਾ ਕੰਮ ਕਰਨਾ ਤੇ ਨਸ਼ਿਆਂ ਤੋਂ ਬਚਣ ਵਾਸਤੇ ਵਿਸਥਾਰ ਵਿਚ ਜਾਣਕਾਰੀ ਸਾਂਝੀ ਕੀਤੀ। ਉਹਨਾਂ ਬੱਚਿਆਂ ਨੂੰ ਸਮਝਾਇਆ ਕਿ ਪੜ੍ਹਾਈ ਦੇ ਨਾਲ ਨਾਲ ਆਪਣੇ ਮਾਤਾ-ਪਿਤਾ ਦੀ ਇੱਜਤ ਤੇ ਵੱਡਿਆਂ ਦਾ ਆਦਰ ਕਰਨਾ ਜ਼ਰੂਰੀ ਹੈ। ਇਸ ਮੌਕੇ ਕਾਰਜਕਾਰੀ ਪ੍ਰਿੰਸੀਪਲ ਲੈਂਬਰ ਸਿੰਘ, ਹਰਮੇਸ਼ ਲਾਲ, ਸੁੱਖਪਾਲ ਸਿੰਘ, ਨਿਰਮਲ ਸਿੰਘ, ਅਲਕਾ ਰਾਣੀ, ਮਮਤਾ, ਰਵੀ ਕੁਮਾਰ, ਤਰਲੋਚਨ ਸਿੰਘ, ਅਵਤਾਰ ਸਿੰਘ, ਸੁਰਿੰਦਰ ਸਿੰਘ, ਹਰਜੀਤ ਕੌਰ ਆਦਿ ਵੀ ਹਾਜ਼ਰ ਸਨ।

## ਪ੍ਰਾਈਵੇਟ ਟੈਕਸੀ ਸਰਵਿਸ 'ਊਬਰ' ਕੰਪਨੀ ਲਈ ਨਿਰਧਾਰਤ ਕੀਤੇ ਜਾ ਰਹੇ ਨਿਯਮਾਂ ਉਤੇ ਪੂਰੀ ਦਨੀਆ ਦੀ ਨਿਗ੍ਹਾ

**ਔਕਲੈਂਡ– (ਹਰਜਿੰਦਰ ਸਿੰਘ ਬਸਿਆਲਾ)–** 'ਊਬਰ' ਕੰਪਨੀ ਦੇ ਮੁੱਖ ਨੀਤੀਘਾੜ ਨੇ ਨਿਊਜ਼ੀਲੈਂਡ ਦੇ ਟ੍ਰਾਂਸਪੋਰਟ ਮੰਤਰੀ ਸ੍ਰੀ ਸਾਇਮਨ ਬ੍ਰਿਜਸ ਨੂੰ ਕਿਹਾ ਹੈ ਕਿ ਨਿਊਜ਼ੀਲੈਂਡ ਵੱਲੋਂ 'ਊਬਰ' ਕੰਪਨੀ ਨੂੰ ਮੁੱਖ ਰੱਖ ਕੇ ਨਿਰਧਾਰਤ ਕੀਤੇ ਜਾ ਰਹੇ ਟੈਕਸੀ ਨਿਯਮਾਂ ਉਤੇ ਪੂਰੀ ਦੁਨੀਆ ਦੀ ਨਿਗ੍ਹਾ ਹੈ।

ਜੋ ਵੀ ਇਸ ਦੇਸ਼ ਵਿਚ ਟੈਕਸੀ ਸਰਵਿਸ ਦੇ ਲਈ ਕੀਤਾ ਜਾਵੇਗਾ ਦੂਜੇ ਦੇਸ਼ਾਂ ਦੇ ਟ੍ਰਾਂਸਪੋਰਟ ਵਿਭਾਗ ਵੀ ਉਸ ਦੀ ਸਮੀਖਿਆ ਕਰਨਗੇ। ਊਬਰ ਕੰਪਨੀ ਜਿਸ ਦਾ ਕਈ ਥਾਂ ਵਿਰੋਧ ਵੀ ਹੋਇਆ ਅਤੇ ਬੰਦ ਵੀ ਹੈ ਲਗਾਤਾਰ ਵਿਸ਼ਵ ਦੇ ਵਿਚ ਫੈਲਣ ਲਈ ਉਪਰਾਲੇ ਕਰ ਰਹੀ ਹੈ।

ਊਬਰ ਕੰਪਨੀ ਨਿਊਜ਼ੀਲੈਂਡ ਦੇ ਵਿਚ ਪੂਲ ਸਰਵਿਸ ਦੀ ਸ਼ੁਰੂਆਤ ਕਰਨਾ ਚਾਹੁੰਦੀ ਹੈ ਜਿਸ ਦੇ ਰਾਹੀਂ ਇਕ ਤੋਂ ਜਿਆਦਾ ਪਸੰਜਰ ਰਾਈਡ ਲੈ ਸਕਣ। ਊਬਰ ਕੰਪਨੀ ਅਧਿਕ-ਾਰੀਆਂ ਅਤੇ ਟ੍ਰਾਂਪੋਰਟ ਮੰਤਰੀ ਦਰਮਿਆਲ ਜੋ ਮੀਟਿੰਗ ਹੋਈ ਉਸਦੇ ਸਾਰਥਿਕ ਨਤੀਜੇ ਨਿਕਲਣ ਦੀ ਸੰਭਾਵਨਾ ਹੈ। ਜੋ ਨਤੀਜੇ ਆਉਣ ਵਾਲੇ ਹਨ ਉਹ ਪੂਰੇ ਵਿਸ਼ਵ ਨੂੰ ਧਿਆਨ ਵਿਚ ਰੱਖ ਕੇ ਨਿਕਲਣਗੇ। ਇਸ ਵੇਲੇ ਨਿਊਜ਼ੀਲੈਂਡ ਦੇ ਵਿਚ 1000 ਤੋਂ ਜਿਆਦਾ ਡ੍ਰਾਈਵਰ ਊਬਰ ਟੈਕਸੀ ਰਾਹੀਂ ਰੁਜ਼ਗਾਰ ਵਿਚ ਲੱਗੇ ਹਨ। ਵਰਨਣਯੋਗ ਹੈ ਕਿ ਲੰਡਨ ਦੇ ਵਿਚ ਪਿਛਲੇ ਹਫਤੇ ਊਬਰ ਕੰਪਨੀ ਦੇ ਵਿਰੋਧ ਵਿਚ ਸੜਕਾਂ ਰੋਕੀਆਂ ਗਈਆਂ ਸਨ। ਇਸਦੇ ਉਲਟ ਕੰਪਨੀ ਨੇ ਵੀ ਮੁਕਾਬਲਾ ਕਰਨ ਦੇ ਲਈ ਫੰਡ ਜੁਟਾਉਣਾ ਸ਼ੁਰੂ ਕੀਤਾ ਹੈ। ਕੁਝ ਅਜਿਹੀ ਹੀ ਸਥਿਤੀ ਜਰਮਨੀ, ਸਪੇਨ, ਨੀਦਰਲੈਂਡ ਅਤੇ ਬੈਲਜ਼ੀਅਮ ਦੇ ਵਿਚ ਵੀ ਪੈਦਾ ਹੋਣ ਵਾਲੀ ਹੈ।

## ਹੁਣ ਜਾਪਾਨ 'ਚ ਆਇਆ ਤਬਾਹੀਕੁੰਨ ਭੂਚਾਲ, ਪੂਰਾ ਇਕ ਮਿੰਟ ਹਿਲਦੀਆਂ ਰਹੀਆਂ ਇਮਾਰਤਾਂ

**ਟੋਕੀਓ–** ਨੇਪਾਲ ਤੋਂ ਭਾਰਤ ਤੋਂ ਬਾਅਦ ਇਕ ਵਾਰ ਫਿਰ ਜਾਪਾਨ ਭੂਚਾਲ ਦੇ ਤੇਜ਼ ਝਟਕਿਆਂ ਨਾਲ ਦਹਿਲ ਗਿਆ। ਭੂਚਾਲ ਦੇ ਇਹ ਝਟਕੇ ਬੇਹੱਦ ਜ਼ੋਰਦਾਰ ਸਨ ਅਤੇ ਇਨ੍ਹਾਂ ਦੀ ਤੀਬਰਤਾ ਰਿਕਟਰ ਪੈਮਾਨੇ 'ਤੇ 7.8 ਮਾਪੀ ਗਈ ਹੈ। ਭੂਚਾਲ ਦੇ ਸ਼ਕਤੀਸ਼ਾਲੀ ਹੋਣ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਉਸ ਰਾਜਧਾਨੀ ਟੋਕੀਓ ਵਿਚ ਭੂਚਾਲ ਦੇ ਕਾਰਨ ਕਈ ਇਮਾਰਤਾਂ ਇਕ ਮਿੰਟ ਤੱਕ ਹਿਲਦੀਆਂ ਰਹੀਆਂ। ਇਸ ਦੇ ਨਾਲ ਹੀ ਦਿੱਲੀ ਵਿਚ ਭੂਚਾਲ ਦੇ ਹਲਕੇ ਝਟਕੇ ਵੀ ਮਹਿਸੂਸ ਕੀਤੇ ਗਏ। ਫਿਲਹਾਲ ਜਾਪਾਨ ਵਿਚ ਭੂਚਾਲ ਕਾਰਨ ਹੋਏ ਕਿਸੇ ਤਰ੍ਹਾਂ ਦੇ ਨੁਕਸਾਨ ਦੀ ਕੋਈ ਜਾਣਕਾਰੀ ਨਹੀਂ ਹੈ ਤੇ ਨਾ ਹੀ ਸੁਨਾਮੀ ਆਉਣ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ। ਇਸ ਦੀ ਤੀਬਰਤਾ ਤੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭੂਚਾਲ ਕਿੰਨਾਂ ਖਤਰਨਾਕ ਹੋ ਸਕਦਾ ਹੈ।

## ਪੰਜਾਬ ਅਤੇ ਪੂਰੇ ਭਾਰਤ ਅੰਦਰ ਘੱਟ ਗਿਣਤੀ ਲੋਕਾਂ ਤੇ ਵੱਧ ਰਹੇ ਅੱਤਿਆਚਾਰਾਂ ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ

**ਨਿਊਯਾਰਕ–** ਪੰਜ ਦਰਿਆਵਾਂ ਦੀ ਧਰਤੀ ਗੁਰੂ ਪੀਰਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਪੰਜਾਬ ਅੰਦਰ ਦਿਨ ਪ੍ਰਤੀ ਦਿਨ ਕੋਈ ਨਾ ਕੋਈ ਨਵੀਂ ਘਟਨਾ ਵਾਪਰਦੀ ਹੈ, ਜਿਹੜੀ ਕਿ ਡਿੱਗਦੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੀ ਹੈ। ਪਿਛਲੇ ਦਿਨੀਂ ਅਚਿੰਤਪੁਰਾ ਅੰਮ੍ਰਿਤਸਰ ਵਿਚ ਕਿਵੇਂ ਇਕ ਗਰੀਬ ਪਰਿਵਾਰ ਨੂੰ ਪਿੰਡ ਦੇ ਸਰਪੰਚ ਅਤੇ ਥਾਣੇ ਦੇ ਮੁਨਸ਼ੀ ਨੇ ਮਿਲ ਕੇ ਸ਼ਰੇਆਮ ਬੇਇੱਜ਼ਤ ਕੀਤਾ।



ਕਦੇ ਬੱਸਾਂ ਵਿਚ ਮਾਂ ਧੀ ਨੂੰ ਬਾਹਰ ਸੁੱਟਿਆ ਜਾਂਦਾ ਹੈ, ਕਿਤੇ ਬਾਪ ਆਪਣੀ ਧੀ ਦੀ ਇੱਜਤ ਬਚਾਉਂਦਾ ਗੋਲੀ ਦਾ ਸ਼ਿਕਾਰ ਹੁੰਦਾ ਹੈ, ਕਿਤੇ ਗਰੀਬ ਨੂੰ ਉਹਨਾਂ ਦੇ ਮੁਢਲੇ ਹੱਕਾਂ ਤੋਂ ਪਿੰਡ ਦੇ ਉਹ ਜਾਤੀਏ ਦੂਰ ਰੱਖਦੇ ਹਨ। ਇਹ ਨਿੱਤ ਦਾ ਵਰਤਾਰਾ ਹੁੰਦਾ ਜਾ ਰਿਹਾ ਹੈ। ਰਾਜਸਥਾਨ ਵਿਚ ਟਰੈਕਟਰ ਦੇ ਨਾਲ ਇਕੱਲੇ ਗਰੀਬ ਪਰਿਵਾਰਾਂ ਦੇ ਲੋਕਾਂ ਨੂੰ ਕੁਚਲ ਦਿੱਤਾ ਜਾਂਦਾ ਹੈ। ਮੋਬਾਇਲ ਫੋਨ ਵਿਚ ਰਿੰਗਟੋਨ ਬਾਬਾ ਸਾਹਿਬ ਦੀ ਵੱਜਣ ਕਰਕੇ ਮਾਰਿਆ ਕੁੱਟਿਆ ਜਾਂਦਾ ਹੈ। ਮਦਰਾਸ ਆਈ ਆਈ ਟੀ ਵਿਚ ਡਾ. ਅੰਬੇਦਕਰ ਦੇ ਨਾਂ ਤੇ ਬਣੇ ਸੰਗਠਨ ਤੇ ਇਸ ਕਰਕੇ ਪਾਬੰਦੀ ਲੱਗਦੀ ਹੈ ਕਿ ਉਹ ਮੋਦੀ ਸਰਕਾਰ ਦੀਆਂ ਗਰੀਬ ਮਾਰੂ ਨੀਤੀਆਂ ਦਾ ਵਿਰੋਧ ਕਰਦੇ ਹਨ। ਕਿਸਾਨ ਮਜ਼ਦੂਰ ਖੁਦਕੁਸ਼ੀਆਂ ਕਰ ਰਿਹਾ ਹੈ।

ਇਹਨਾਂ ਸਾਰੀਆਂ ਘਟਨਾਵਾਂ ਨੂੰ ਦੇਖਦੇ ਹੋਏ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਅਤੇ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾ ਇਟੀ ਸਟੇਟ ਸਰਕਾਰਾਂ ਤੇ ਕੇਂਦਰ ਸਰਕਾਰਾਂ ਤੋਂ ਮੰਗ ਕਰਦੀ ਹੈ ਕਿ ਭਾਰਤੀ ਸੰਵਿਧਾਨ ਦੀਆਂ ਧਾਰਾਵਾਂ ਦੇ ਤਹਿਤ ਇਹਨਾਂ ਸਾਰੇ ਲੋਕਾਂ ਤੇ ਬਣਦੀ ਕਾਰਵਾਈ ਕਰਕੇ ਇਹਨਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ ਤਾਂ ਜੋ ਆਉਣ ਵਾਲੇ ਸਮੇਂ ਵਿਚ ਦੂਜੇ ਲੋਕਾਂ ਨੂੰ ਸਬਕ ਮਿਲ ਸਕੇ।

## ਸਾਇਨਾ, ਕਸ਼ਯਪ ਜਿੱਤੇ, ਸਿੰਧੂ ਹਾਰੀ



**ਜਕਾਰਤਾ–** ਵਿਸ਼ਵ ਦੀ ਨੰਬਰ ਇਕ ਖਿਡਾਰਨ ਭਾਰਤ ਦੀ ਸਾਇਨਾ ਨੇਹਵਾਲ ਤੇ ਪੁਰਸ਼ਾਂ ਵਿਚ ਰਾਸ਼ਟਰਮੰਡਲ ਖੇਡਾਂ ਦੇ ਸੋਨ ਤਮਗਾ ਜੇਤੂ ਪਰੂਪੱਲੀ ਕਸ਼ਯਪ ਆਪਣੇ-ਆਪਣੇ ਸਿੰਗਲਜ਼ ਮੁਕਾਬਲੇ ਜਿੱਤ ਕੇ ਬੁੱਧਵਾਰ ਨੂੰ ਇਥੇ 8 ਲੱਖ ਡਾਲਰ ਦੀ ਇਨਾਮੀ ਰਾਸ਼ੀ ਵਾਲੇ ਇੰਡੋਨੇਸ਼ੀਆ ਓਪਨ ਸੁਪਰ ਸੀਰੀਜ਼ ਬੈਡਮਿੰਟਨ ਟੂਰਨਾਮੈਂਟ ਦੇ ਦੂਜੇ ਦੌਰ 'ਚ ਪਹੁੰਚ ਗਏ ਪਰ ਪੀ. ਵੀ. ਸਿੰਧੂ ਪਹਿਲੇ ਹੀ ਦੌਰ ਵਿਚ ਹਾਰ ਕੇ ਬਾਹਰ ਹੋ ਗਈ। ਦੂਜਾ ਦਰਜਾ ਸਾਇਨਾ ਨੇ ਮਹਿਲਾ ਸਿੰਗਲਜ਼ ਦੇ ਪਹਿਲੇ ਦੌਰ ਵਿਚ ਥਾਈਲੈਂਡ ਦੀ ਨਿਚਾਓਨ ਜਿੰਦਾਪੋਨ ਨੂੰ 35 ਮਿੰਟ ਵਿਚ ਲਗਾਤਾਰ ਸੈੱਟਾਂ ਵਿਚ 21-16, 21-18 ਨਾਲ ਹਰਾ ਕੇ ਦੂਜੇ ਦੌਰ ਵਿਚ ਜਗ੍ਹਾ ਬਣਾਈ, ਜਦਕਿ ਪੁਰਸ਼ ਸ਼ਟਲਰ ਤੇ ਰਾਸ਼ਟਰਮੰਡਲ ਖੇਡਾਂ ਦੇ ਸੋਨ ਤਮਗਾ ਜੇਤੂ ਕਸ਼ਯਪ ਨੇ ਥਾਈਲੈਂਡ ਦੇ ਤਾਨੋਂਗਸਾਕ ਸਾਇਨਸੋਮਬੂਨਸੂਕ ਨੂੰ 29 ਮਿੰਟ ਵਿਚ 21-17, 21-7 ਨਾਲ ਖਤਮ ਕਰਦੇ ਹੋਏ ਪਹਿਲੇ ਦੌਰ ਦਾ ਮੁਕਾਬਲਾ ਜਿੱਤਿਆ।

## ਟੈਕਸੀ ਦਾ ਕਿਰਾਇਆ ਨਹੀਂ ਦਿੱਤਾ ਤਾਂ ਜੱਜ ਨੇ ਸੁਣਾਈ 50 ਕਿਲੋਮੀਟਰ ਪੈਦਲ ਚੱਲਣ ਦੀ ਸਜ਼ਾ

**ਓਹਾਇਓ–** ਅਮਰੀਕਾ ਦੀ ਇਕ ਅਦਾਲਤ ਨੇ ਟੈਕਸੀ ਦਾ ਕਿਰਾਇਆ ਨਾ ਦੇਣ ਦੇ ਮਾਮਲੇ ਵਿਚ ਦਿਲਚਸਪ ਫੈਸਲਾ ਸੁਣਾਇਆ ਹੈ। ਕੋਰਟ ਨੇ ਦੋਸ਼ੀ ਨੂੰ 50 ਕਿ-ਲੋਮੀਟਰ ਪੈਦਲ ਚੱਲਣ ਦੀ ਸਜ਼ਾ ਸੁਣਾਈ ਹੈ। ਇਹ ਉਨੀ ਹੀ ਦੂਰੀ ਹੈ ਜੋ ਦੋਸ਼ੀ ਨੇ ਬਿਨਾਂ ਕਿਰਾਇਆ ਦਿੱਤੇ ਤਹਿ ਕੀਤੀ ਸੀ। ਇਹ ਦੂਰੀ ਉਸਨੇ ਦੋ ਦਿਨ ਵਿਚ ਪੂਰੀ ਕਰਨੀ ਹੈ। ਦੋਸ਼ੀ ਨੇ ਚੱਲਣਾ ਵੀ ਆਰੰਭ ਕਰ ਦਿੱਤਾ। ਮਾਮਲਾ ਓਹਾਇਓ ਦੇ ਕੁਈਨਸਲੈਂਡ ਦਾ ਹੈ। ਜੱਜ ਨੇ ਦੋਸ਼ੀ ਔਰਤ ਵਿਕਟੋਰੀਆ ਨੂੰ ਦੋ ਵਿਕਲਪ ਦਿੱਤੇ ਸਨ। ਪਹਿਲਾਂ ਇਹ ਕਿ 60 ਦਿਨ ਜੇਲ੍ਹ ਵਿਚ ਕੱਟੋ ਜਾਂ ਫਿਰ ਜਿੰਨੀ ਦੂਰੀ ਦੇ ਲਈ ਟੈਕਸੀ ਲਈ ਸੀ, ਉਨੀ ਦੂਰੀ ਪੈਦਲ ਚੱਲੋ। ਔਰਤ ਨੇ ਜੇਲ੍ਹ ਜਾਣ ਦੀ ਥਾਂ ਪੈਦਲ ਚੱਲਣਾ ਉਚਿਤ ਸਮਝਿਆ। ਦਰਅਸਲ ਵਿਕਟੋਰੀਆ ਬਾਸਕੋਮ ਨੇ ਕਲੀਵਲੈਂਡ ਤੋਂ ਪੈਨਸਿਲਵਿਨ ਜਾਣਾ ਸੀ। ਇਹਨਾਂ ਦੋਵੇਂ ਸ਼ਹਿਰਾਂ ਵਿਚਕਾਰ ਦੂਰੀ 50 ਕਿਲੋਮੀਟਰ ਹੈ। ਵਿਕਟੋਰੀਆ ਨੇ ਇਸ ਸਫਰ ਦੇ ਲਈ ਟੈਕਸੀ ਮੰਗਵਾਈ। ਵਿਕਟੋਰੀਆ ਦੇ ਦੋ ਦੋਸਤ ਵੀ ਉਸ ਦੇ ਨਾਲ ਸਨ। ਕਲੀਵਲੈਂਡ ਵਿਚ ਜਿਵੇਂ ਹੀ ਟੈਕਸੀ ਵਿਕਟੋਰੀਆ ਦੇ ਘਰ ਪਹੁੰਚੀ ਤਾਂ ਉਹ ਸਿੱਧਾ ਉਤਰ ਕੇ ਤੁਰਦੀ ਬਣੀ। ਥੋੜ੍ਹੀ ਦੇਰ ਬਾਅਦ ਉਥੇ ਟੈਕਸੀ ਵਾਲਾ ਵਿਕਟੋਰੀਆ ਦੇ ਕੋਲ ਕਿਰਾਇਆ ਲੈਣ ਗਿਆ। ਉਸਨੇ ਕਿਰਾਇਆ ਦੇਣ ਤੋਂ ਇਨਕਾਰ ਕਰ ਦਿੱਤਾ। ਤਿੱਖੀ ਝੜੱਪ ਤੋਂ ਬਾਅਦ ਪੁਲਿਸ ਨੇ ਡਰਾਈਵਰ ਨੂੰ ਬੁਲਾ ਲਿਆ ਅਤੇ ਮਾਮਲਾ ਦਰਜ ਕਰ ਦਿੱਤਾ। ਵਿਕਟੋਰੀਆ ਨੇ ਅਦਾਲਤ ਵਿਚ ਦਲੀਲ ਦਿੱਤੀ ਕਿ ਉਸਨੂੰ ਦੋ ਦੋਸਤਾਂ ਨੇ ਕਿਰਾਇਆ ਦੇਣ ਦਾ ਵਾਅਦਾ ਕੀਤਾ ਸੀ ਜੋ ਉਹਨਾਂ ਨੇ ਨਹੀਂ ਦਿੱਤਾ ਅਤੇ ਡ੍ਰਾਈਵਰ ਨੇ ਮੈਨੂੰ ਦੋਸ਼ੀ ਬਣਾ ਦਿੱਤਾ। ਇਸ ਦਲੀਲ ਨੂੰ ਖਾਰਜ ਕਰਦੇ ਹੋਏ ਅਦਾਲਤ ਨੇ ਕਿਹਾ ਕਿ ਜਦੋਂ ਟੈਕਸੀ ਤੁਸੀਂ ਬੁਲਾਈ ਸੀ ਤਾਂ ਤੁਹਾਡਾ ਫਰਜ਼ ਸੀ ਕਿ ਟੈਕਸੀ ਡ੍ਰਾਈਵਰ ਨੂੰ ਕਿਰਾਇਆ ਦਿੰਦੇ।



## ਸ਼ਾਨਦਾਰ ਨਤੀਜਾ ਰਹਿਣ ਤੇ ਪ੍ਰਿੰਸੀਪਲ ਨੂੰ ਪਿੰਡ ਵਾਸੀਆਂ ਨੇ ਦਿੱਤੀ ਕਾਰ

**ਫਤਿਹਪੁਰ (ਰਾਜਸਥਾਨ)–** ਇੱਥੋਂ ਦੇ ਪਿੰਡ ਢਾਂਡਣ ਦੇ ਸਰਕਾਰੀ ਸਕੂਲ ਦਾ ਨਤੀਜਾ ਇਸ ਵਾਰ !00 ਫੀਸਦੀ ਰਹਿਣ ਤੇ ਪਿੰਡ ਦੇ ਲੋਕਾਂ ਨੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ। ਪਿੰਡ ਦ ੇਲੋਕਾਂ ਨੇ ਪ੍ਰਿੰਸੀਪਲ ਭਾਗੀਰਥਮਲ ਮਹਿਚਾ ਨੂੰ ਇਕ ਆਲਟੋ ਕਾਰ ਤੋਹਫੇ ਵਜੋਂ ਦਿੱਤੀ। ਤਿੰਨ ਸਾਲ ਤੱਕ ਪੈਟਰੋਲ ਅਤੇ ਰਿਪੇਅਰਿੰਗ ਦਾ ਖਰਚਾ ਵੀ ਪਿੰਡ ਵਾਸੀ ਦੇਣਗੇ। ਇਸ ਤੋਂ ਇਲਾਵਾ 22 ਅਧਿਆਪਕਾਂ ਨੂੰ 40 ਗ੍ਰਾਮ ਚਾਂਦੀ ਦੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

ਸਰਪੰਚ ਜਗਦੀਸ਼ ਸ਼ਰਮਾ ਨੇ ਦੱਸਿਆ ਕਿ ਸਕੂਲ ਵਿਚ ਤਿੰਨ ਸਾਲ ਪਹਿਲਾਂ ਆਏ ਪ੍ਰਿੰਸੀਪਲ ਮਹਿਚਾ ਨੇ ਨਵੇਂ ਪ੍ਰਯੋਗ ਕੀਤੇ। ਇਸ ਵਿਚ ਸਿੱਖਿਆ ਦਾ ਪੱਧਰ ਸੁਧਰਿਆ। ਸਾਲ 2011 ਵਿਚ 325 ਵਿਦਿਆਰਥੀ ਸਨ, ਹੁਣ 1150 ਹਨ। ਸਾਇੰਸ-ਆਰਟਸ ਦਾ ਨਤੀਜਾ 100 ਫੀਸਦੀ ਆਇਆ।

ਬੱਚਿਆਂ ਨੂੰ ਲਿਆਉਣ ਦੇ ਲਈ ਪਿੰਡ ਵਾਸੀਆਂ ਦੀ ਮਦਦ ਨਾਲ ਪ੍ਰਾਈਵੇਟ ਸਕੂਲ ਵਾਂਗ ਬੱਸ, ਜੀਪ ਅਤੇ ਆਟੋ ਦਾ ਇੰਤਜ਼ਾਮ ਕੀਤਾ। ਸਰਕਾਰ ਨੇ ਅਧਿਆਪਕ ਨਹੀਂ ਲਗਾਏ ਤਾਂ ਪਿੰਡ ਵਾਸੀਆਂ ਨੇ ਆਪਣੇ ਪੈਸਿਆਂ ਨਾਲ 6 ਅਧਿਆਪਕ ਲਗਾਏ। ਸਕੂਲ ਵਿਚ ਹੋਸਟਲ ਦੀ ਸਹੂਲਤ ਵੀ ਹ ਅਤੇ ਰਾਤ ਦੀਆਂ ਕਲਾਸਾਂ ਦੀ ਵੀ ਪ੍ਰਬੰਧ ਕੀਤਾ ਗਿਆ ਹੈ।

# ਨਾਟਕ "ਉਮਰਾਂ ਲੰਘੀਆਂ ਪੱਬਾਂ ਭਾਰ" ਦਾ ਸਫ਼ਲ ਮੰਚਨ

## ਦਰਸ਼ਕਾਂ ਤੇ ਪਿਆ ਸਾਕਾਰਆਤਮਕ ਪ੍ਰਭਾਵ

**ਫੇਅਰਫੀਲਡ- (ਦੇਸ਼ ਦੁਆਬਾ ਬਿਓਰੋ)** 'ਪੰਜਾਬ ਲੋਕ ਰੰਗ' ਗਰੁੱਪ ਦੇ ਸਮਰੱਥ ਲੇਖਕ, ਨਾਟਕਕਾਰ ਤੇ ਨਿਰਦੇਸ਼ਕ ਸੁਰਿੰਦਰ ਸਿੰਘ ਧਨੋਆ ਵਲੋਂ ਰਚਿਤ ਨਾਟਕ 'ਉਮਰਾਂ ਲੰਘੀਆਂ ਪੱਬਾਂ ਭਾਰ' ਦਾ ਸਫਲ ਮੰਚਨ Fairfield Centre of Creative Arts ਵਿਖੇ ਕਰਵਾਇਆ ਗਿਆ। ਇੰਡੀਅਨ ਕੇਅਰ ਐਸੋਸੀਏਸ਼ਨ ਫੇਅਰ ਫੀਲਡ (ਕੈਲੇਫੋਰਨੀਆ) ਵਲੋਂ ਕਰਵਾਏ ਗਏ ਸਮਾਗਮ ਵਿਚ ਪੰਜਾਬ ਲੋਕ ਰੰਗ ਗਰੁੱਪ ਵਲੋਂ ਨਾਟਕ ਉਮਰਾਂ ਲੰਘੀਆਂ ਪੱਬਾਂ ਭਾਰ ਪੇਸ਼ ਕੀਤਾ ਗਿਆ। ਇਸ ਨਾਟਕ ਦੀ ਪੇਸ਼ਕਾਰੀ ਲਈ ਕੀਤੇ ਗਏ ਆਯੋਜਨ ਵਿੱਚ ਇਸ ਐਸੋਸਏਸ਼ਨ ਦੇ ਪ੍ਰਧਾਨ ਸਤਿੰਦਰਪਾਲ ਸਿੰਘ, ਉਪ ਪ੍ਰਧਾਨ ਅਮੀਤਪਾਲ, ਸੈਕਟਰੀ ਹਰਜਿੰਦਰ ਸਿੰਘ ਧਾਮੀ, ਸਹਾਇਕ ਸਕੱਤਰ ਕਰਨਜੀਤ ਸਿੰਘ ਔਲਖ਼, ਖਜ਼ਾਨਚੀ ਹੁਸ਼ਿਆਰ ਸਿੰਘ ਡੱਡਵਾਲ, ਸਹਾਇਕ ਖਜ਼ਾਨਚੀ ਦੇਸ਼ਦੀਪ ਤੱਖਰ, ਅਟਾਰਨੀ ਸ਼ਸੀਪਾਲ ਆਦਿ ਦਾ ਵਿਸ਼ੇਸ਼ ਯੋਗਦਾਨ ਰਿਹਾ। ਪੰਜਾਬ ਲੋਕ ਰੰਗ ਵਲੋਂ ਖੇਡਿਆ ਗਿਆ ਇਹ ਨੌਵਾਂ ਨਾਟਕ ਸੀ। ਇਸ ਤੋਂ ਪਹਿਲਾਂ ਅੱਠ ਨਾਟਕਾਂ ਦਾ ਸਫਲ ਮੰਚਨ ਕੀਤਾ ਜਾ ਚੁੱਕਾ ਹੈ। ਤਿੰਨ ਘੰਟੇ ਦੇ ਇਸ ਨਾਟਕ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਕੀਲ ਕੇ ਬਿਠਾਈ ਰੱਖਿਆ।

ਸੁਰਿੰਦਰ ਸਿੰਘ ਧਨੋਆ ਦੀ ਨਿਰਦੇਸ਼ਨਾ ਹੇਠ ਤਿਆਰ ਕੀਤੇ ਇਸ ਨਾਟਕ ਵਿੱਚ ਕਲਾਕਾਰਾਂ ਵਲੋਂ ਬਾਖੂਬੀ ਅਭਿਨੈ ਕਰ ਕੇ ਅਤੇ ਪਾਤਰਾਂ ਦੇ ਕਿਰਦਾਰ ਵਿੱਚ ਵਿਲੀਨ ਹੋ ਕੇ ਕੀਤੀ ਗਈ ਪੇਸ਼ਕਾਰੀ ਯਾਦਗਾਰੀ ਬਣ ਗਈ। ਇਸ ਤਰਾਸਦਿਕ ਨਾਟਕ ਵਿੱਚ ਪੇਸ਼ ਵਿਦੇਸ਼ਾਂ ਦੀ ਧਰਤੀ ਤੇ ਸੰਘਰਸ਼ ਦੀ ਦਾਸਤਾਨ ਸਭ ਨੂੰ ਆਪਣੀ ਹੀ ਮਹਿਸੂਸ ਹੋਈ। ਸੁਰਿੰਦਰ ਧਨੋਆ ਇੱਕ ਮੰਝਿਆ ਹੋਇਆ ਨਾਟਕਕਾਰ ਹੈ ਜਿਸ ਨੇ ਪੰਜਾਬੀ ਰੰਗ ਮੰਚ ਨੂੰ ਵਿਦੇਸ਼ੀ ਧਰਤੀ ਤੇ ਸੰਜੀਵ ਰੱਖਣ ਦੀ ਅਣਥੱਕ ਘਾਲਣਾ ਘਾਲੀ ਹੈ। ਲੋਕਾਂ ਦੀਆਂ ਵਿਦੇਸ਼ਾਂ ਵਿਚ ਆਪਣੀ ਕਿਸਮ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਨ ਵਿਚ ਆਪਣਾ ਸਾਹਿਤ ਤੇ ਕਲਾ ਖੇਤਰ ਵਿੱਚ ਭਰਵਾਂ ਯੋਗਦਾਨ ਪਾਇਆ ਹੈ।

ਇਸ ਨਾਟਕ ਵਿਚ ਆਪਣੇ ਦੇਸ਼ ਦੀਆਂ ਪਰਿਵਾਰਕ ਅਤੇ ਆਰਥਿਕ ਪ੍ਰਸਥਿਤੀਆਂ, ਮੁਕੱਦਮੇਬਾਜ਼ੀ, ਬੇਕਾਰੀ ਅਤੇ ਹੋਰ ਕਾਰਨਾਂ ਕਰਕੇ ਵਿਦੇਸ਼ ਜਾਣ ਦਾ ਰਾਹ ਚੁਣਿਆਂ ਜਾਂਦਾ ਹੈ। ਇਸ ਦੌਰਾਨ ਜੋ ਦੁੱਖਾਂ, ਤਕਲੀਫਾਂ ਦਾ ਸਾਹਮਣਾ ਕਰਕੇ ਵਿਦੇਸ਼ ਪਹੁੰਚਿਆ ਜਾਂਦਾ ਹੈ। ਫਿਰ ਉਹ ਵਿਅਕਤੀ ਕਿਸ ਤਰ੍ਹਾਂ ਸੰਘਰਸ਼ਮਈ ਜ਼ਿੰਦਗੀ ਬਤੀਤ ਕਰਕੇ ਆਪਣੇ ਪਰਿਵਾਰ ਦਾ ਜੀਵਨ ਪੱਧਰ ਉੱਚਾ ਚੁੱਕਦਾ ਹੈ। ਪਰ ਉਹ ਸਵਾਰਥੀ ਹੋ ਕੇ ਆਪੋ ਆਪਣੇ ਕੰਮਾਂ 'ਚ ਰੁੱਝ ਜਾਂਦੇ ਹਨ। ਉਸ ਦਾ ਔਖੀ ਘੜੀ ਵਿਚ ਸਾਥ ਦੇਣ ਤੋਂ ਮੁਨਕਰ ਹੋ ਜਾਂਦੇ ਹਨ। ਇਸ ਸਥਿਤੀ ਦਾ ਝੰਬਿਆ ਹੋਇਆ ਵਿਅਕਤੀ ਬੜੇ ਔਖੇ ਹਾਲਾਤਾਂ ਵਿੱਚ ਵਿਚਰਦਾ ਹੈ। ਇਸ ਸੰਘਰਸ਼ ਦੌਰਾਨ ਵਕੀਲਾਂ ਅਤੇ ਮੀਡੀਏ ਦੇ ਨਾਕਾਰਆਤਮਕ ਪੱਖ ਵੀ ਕਟਾਖਸ਼ ਦੇ ਰੂਪ ਪੇਸ਼ ਕੀਤੇ ਗਏ ਹਨ। ਇਸ ਦੌਰਾਨ ਇੱਕ ਗੁਆਂਢੀ ਦੇਸ਼ ਦਾ ਇੱਕ ਅਣਜਾਣ ਵਿਅਕਤੀ ਜੋ ਉਸ ਦੇ ਦੁਖ ਸੁਖ ਵਿਚ ਸ਼ਰੀਕ ਹੋ ਕੇ ਉਸ ਦਾ ਆਪਣਿਆਂ ਨਾਲੋਂ ਵੱਧ ਸਾਥ ਦਿੰਦਾ ਹੈ, ਉਸ ਦੀ ਭੂਮਿਕਾ ਇਸ ਨਾਟਕ ਵਿਚ ਇੱਕ ਸੁਖਦ ਅਹਿਸਾਸ ਪੈਦਾ ਕਰਦੀ ਹੈ।


ਨਾਟਕ ਉਮਰਾਂ ਲੰਘੀਆਂ ਪੱਬਾਂ ਭਾਰ ਦੀ ਟੀਮ

ਨਾਟਕ ਦੀ ਪੇਸ਼ਕਾਰੀ ਵਿਚ ਇੰਨੀ ਰਵਾਨੀ ਤੇ ਲੜੀਬੱਧਤਾ ਸੀ ਕਿ ਕੋਈ ਵੀ ਦਰਸ਼ਕ ਇਸ ਨੂੰ ਵਿਚਾਲੇ ਛੱਡ ਕੇ ਇਸ ਦੇ ਕਿਸੇ ਵੀ ਭਾਗ ਨੂੰ ਦੇਖੇ ਬਿਨਾਂ ਉੱਠਣਾ ਆਪਣੇ ਜ਼ਿੰਦਗੀ ਦੀ ਕੋਈ ਜ਼ਰੂਰੀ ਵਸਤ ਖੋਹ ਜਾਣ ਵਾਂਗ ਮਹਿਸੂਸ ਕਰਦਾ ਸੀ। ਇਸ ਨਾਟਕ ਦੇ ਕਲਾਕਾਰ ਅਮਰੀਕਾ ਵਿੱਚ ਆਪੋ ਆਪਣੇ ਕਾਰੋਬਾਰ ਵਿੱਚੋਂ ਇਸ ਖੇਤਰ ਵਿਚ ਆਪਣੀਆਂ ਵਿਸ਼ੇਸ਼ ਤੌਰ ਤੇ ਸੇਵਾਵਾਂ ਦੇ ਰਹੇ ਹਨ। ਇਨ੍ਹਾਂ ਵਿਚ ਇੰਜੀਨੀਅਰ ਅਤੇ ਹੋਰ ਉੱਚ ਯੋਗਤਾ ਪ੍ਰਾਪਤ ਨੌਕਰੀ ਪੇਸ਼ਾ ਵਿਅਕਤੀ ਸ਼ਾਮਲ ਹਨ। ਇਸ ਨਾਟਕ ਵਿਚ ਮੁੱਖ ਕਿਰਦਾਰ ਗੁਰਮੀਤ ਦੀ ਭੂਮਿਕਾ ਅਮ੍ਰਿਤਪਾਲ ਸਰਾਂ ਨੇ, ਗੁਰਮੀਤ ਦੀ ਪਤਨੀ ਦੀ ਭੂਮਿਕਾ ਸਵ: ਕੁਲਦੀਪ ਮਾਣਕ ਦੀ ਲੜਕੀ ਸ਼ਕਤੀ ਮਾਣਕ, ਉਸ ਦੀ ਮਾਤਾ ਦੀ ਭੂਮਿਕਾ ਜਸਵਿੰਦਰ ਧਨੋਆ, ਅਲੀ ਸ਼ੇਰ, ਸ਼ਰਮਾ ਅਤੇ ਟਰੈਵਲ ਏਜੰਟ ਦੀ ਭੂਮਿਕਾ ਸੋਨੂੰ ਰਾਣਾ, ਸੁੱਖੀ ਤੇ ਮਲਕੀਨਾ ਦਾ ਰੋਲ ਰਮਨੀਤ ਚੌਧਰੀ, ਮੈਂਦੀ ਦਾ ਮੋਨਿਕਾ ਉੱਪਲ, ਮੋਨਾ ਦਾ ਜਸਵਿੰਦਰ ਸੱਗੀ, ਕਰਨਵੀਰ ਦੀ ਭੂਮਿਕਾ ਕਨਵਰ ਸਰਾਂ ਨੇ ਨਿਭਾਈ ਇਸ ਤੋਂ ਇਲਾਵਾ ਪਾਲੀ ਧਨੌਲਾ, ਡਿੰਪਲ ਬੈਂਸ, ਸੇਵਾ ਸਿੰਘ ਸਰਾਂ, ਦਰਸ਼ਨ ਔਜਲਾ, ਸੋਨੀਆਂ ਚੇਰਾ, ਸੰਦੀਪ ਨੇ ਆਪੋ ਆਪਣੀ ਭੂਮਿਕਾ ਬਾਖ਼ੂਬੀ ਨਿਭਾਈ। ਸਟੇਜ ਮੈਨੇਜਰ, ਕਾਸਟਿਊਮ ਡਰੈਸਰ ਲਵੀ ਸਰਾਂ ਪਤਨੀ ਅਮ੍ਰਿਤਪਾਲ ਸਰਾਂ ਨੇ ਕਲਾਕਾਰਾਂ ਦੇ ਕਿਰਦਾਰ ਮੁਤਾਬਕ ਉਨ੍ਹਾਂ ਦੇ ਲਿਬਾਸ ਤਿਆਰ ਕੀਤੇ। ਨਾਟਕ ਵਿਚ ਸਾਊਂਡ ਇੰਦਰਜੀਤ ਸਿੰਘ ਅਤੇ ਲਾਇਟ ਰਾਹੀਂ ਵਿਵੇਕ ਨੇ ਨਾਟਕ ਨੂੰ ਮਾਕੂਲ ਮਾਹੌਲ ਵਿੱਚ ਪੇਸ਼ ਕਰਨ ਲਈ ਆਪਣਾ ਯੋਗਦਾਨ ਪਾਇਆ। ਸਟੇਜ ਦੇ ਪਿਛੋਕੜ ਵਿੱਚ ਹੁੰਦੀਆਂ ਸਰਗਰਮੀਆਂ ਵਿਚ ਸੁੱਖੀ ਚੀਮਾ, ਜਸਵੀਰ ਸੋਹੀ ਨੇ ਆਪਣਾ ਯੋਗਦਾਨ ਪਾਇਆ। ਸਟੇਜ ਸਕੱਤਰ ਦੀ ਭੂਮਿਕਾ ਹਰਜਿੰਦਰ ਧਾਮੀ ਨੇ ਨਿਭਾਈ। ਨਾਟਕ ਤੋਂ ਉਪਰੰਤ ਸੱਤੀ ਅਤੇ ਚੀਮਾ ਗਾਇਕ ਕਲਾਕਾਰਾਂ ਨੇ ਗੀਤਾਂ ਦੀ ਛਹਿਬਰ ਲਾਈ।

ਨਾਟਕ ਦੀ ਸਫਲ ਪੇਸ਼ਕਾਰੀ ਦੌਰਾਨ ਮੁੱਖ ਮਹਿਮਾਨ ਦੇ ਤੌਰ ਤੇ ਸਾਨਫਰਾਸਿਸਕੋ ਕੈਲੇਫੋਰਨੀਆਂ ਵਿੱਚ ਭਾਰਤੀ ਜਨਰਲ ਆਫਿਸ ਕਾਊਂਸਲ ਤੋਂ ਕਾਊਂਸਲੇਟ ਕੇ. ਵੈਂਕਟ ਰਮਨ ਵੀ ਪਹੁੰਚੇ। ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਆਪਣੀ ਸੇਵਾ ਦੌਰਾਨ ਪੰਜਾਬੀ ਭਾਈਚਾਰੇ ਨਾਲ ਹੋਈ ਜਾਣ ਪਛਾਣ ਅਤੇ ਨਾਟਕ ਦੇ ਆਯੋਜਨ ਦਾ ਵਿਸ਼ੇਸ਼ ਪ੍ਰਭਾਵ ਕਬੂਲਿਆ। ਇਸ ਮੌਕੇ ਸਵ: ਲਾਹੌਰੀ ਰਾਮ ਕਮਿਸ਼ਨਰ ਦੇ ਲੜਕੇ ਜਗਦੇਵ ਰਾਮ, ਅਜੇਪਾਲ ਰਾਮ ਅਤੇ ਸ਼੍ਰੀ ਗੁਰੂ ਰਵਿਦਾਸ ਸਭਾ ਦੇ ਚੇਅਰਮੈਨ ਫਕੀਰਾ ਮਹਿਮੀ, ਪ੍ਰਧਾਨ ਰਮੇਸ਼ ਸੁਮਨ, ਸਾਬਕਾ ਪ੍ਰਧਾਨ ਸ਼ਲਿੰਦਰ ਭਾਟੀਆ, ਉੱਘੇ ਕਾਰੋਬਾਰੀ ਮੇਜਰ ਭਾਟੀਆ, ਜੀਨਾ ਭਾਟੀਆ, ਅਭਿਸ਼ੇਕ ਨਾਰਕੇ ਅਤੇ ਹੋਰ ਸ਼ਖ਼ਸੀਅਤਾਂ ਵਿਸ਼ੇਸ਼ ਤੌਰ ਤੇ ਹਾਜ਼ਰ ਹੋਈਆਂ। ਦਰਸ਼ਕਾਂ ਵਲੋਂ ਇਸ ਨਾਟਕ ਰਾਹੀਂ ਦਿੱਤਾ ਸੁਨੇਹਾ ਆਪਣੀਆਂ ਯਾਦਾਂ ਦਾ ਹਿੱਸਾ ਬਣਾ ਕੇ ਸਾਂਭਣ ਦਾ ਪ੍ਰਣ ਨਾਟਕ ਤੋਂ ਬਾਅਦ ਹੁੰਦੀ ਚਰਚਾ ਵਿਚ ਸੁਣਨ ਨੂੰ ਮਿਲਿਆ। "ਦੇਸ਼ ਦੁਆਬਾ" ਵੱਲੋਂ ਸਭਾ ਅਤੇ ਨਾਟਕ ਦੀ ਟੀਮ ਨੂੰ ਵਧੀਆ ਪੇਸ਼ਕਾਰੀ ਲਈ ਵਧਾਈ ਦਿੱਤੀ ਜਾਂਦੀ ਹੈ।




ਫਰਿਜ਼ਨੋ ਸਿਟੀ ਕਾਲਜ ਦੀ ਸਾਬਕਾ ਪ੍ਰਧਾਨ ਅਤੇ ਵਿਦਿਆਰਥੀ ਸੁਖਵਿੰਦਰ ਕੌਰ ਨੂੰ ਬੀਤੀ 14 ਮਈ ਨੂੰ ਟੋਨੀ ਕੈਂਟ ਪ੍ਰੈਜ਼ੀਡੈਂਟਸ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਡੀਨਜ਼ ਮੈਡਲਨ ਰੈਕੁਗਨਾਈਜੇਸ਼ਨ ਸਮਾਰੋਹ ਦਰਮਿਆਨ ਦਿੱਤਾ ਗਿਆ। ਸੁਖਵਿੰਦਰ ਕੌਰ ਨੂੰ ਇਸ ਇਨਾਮ ਦੇ ਨਾਂਲ 500 ਡਾਲਰ ਦੀ ਸਕਾਰਲਸ਼ਿਪ ਵੀ ਦਿੱਤੀ ਗਈ ਹੈ। ਸੁਖਵਿੰਦਰ ਕੌਰ 2005 ਵਿਚ ਭਾਰਤ ਤੋਂ ਅਮਰੀਕਾ ਆਈ ਸੀ। ਉਸ ਨੇ ਅਮਰੀਕਾ ਵਿਚ ਪੜ੍ਹਨ ਦੌਰਾਨ ਬਹੁਤ ਸੰਘਰਸ ਕੀਤਾ। ਇੱਥੋਂ ਉਸ ਨੇ ਰੇਡੀਓਲਾਜਿਕ ਤਕਨੀਕ ਪ੍ਰੋਗਰਾਮ ਵਿਚ ਹਿੱਸਾ ਲਿਆ ਅਤੇ ਪੰਜ ਸਾਲ ਪੜ੍ਹਾਈ ਕੀਤੀ। ਉਹ ਪਿੱਛੇ ਆਪਣੇ ਤਿੰਨ ਬੱਚਿਆਂ ਨੂੰ ਪੜ੍ਹਨ ਲਈ ਭਾਰਤ ਆਪਣੇ ਮਾਪਿਆਂ ਕੋਲ ਭੇਜ ਦਿੱਤਾ। ਉਸ ਨੇ ਇਸ ਸਾਲ ਸਾਇੰਸ ਦੀ ਡਿਗਰੀ ਪ੍ਰਾਪਤ ਕਰ ਲਈ ਹੈ ਅਤੇ ਗ੍ਰੈਜੂਏਟ ਹੋ ਗਈ ਹੈ।

# ਅਦਾਲਤ ਨੇ ਟਾਈਟਲਰ ਵਿਰੁੱਧ ਦੋਸ਼ਾਂ 'ਤੇ ਸੀ. ਬੀ. ਆਈ. ਤੋਂ ਮੰਗਿਆ ਜਵਾਬ

**ਨਵੀਂ ਦਿੱਲੀ-** ਦਿੱਲੀ ਦੀ ਇਕ ਅਦਾਲਤ ਨੇ ਕਾਂਗਰਸ ਨੇਤਾ ਜਗਦੀਸ਼ ਟਾਈਟਲਰ 'ਤੇ 1984 ਦੇ ਸਿੱਖ ਵਿਰੋਧੀ ਦੰਗਾ ਮਾਮਲੇ ਵਿਚ ਗਵਾਹਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ਾਂ 'ਤੇ ਸੀ. ਬੀ. ਆਈ. ਤੋਂ ਜਵਾਬ ਮੰਗਿਆ ਹੈ। ਇਸ ਮਾਮਲੇ ਵਿਚ ਸੀ. ਬੀ. ਆਈ. ਨੇ ਮਾਮਲਾ ਬੰਦ ਕਰਨ ਦੀ ਰਿਪੋਰਟ ਦਾਇਰ ਕੀਤੀ ਹੈ। ਐਡੀਸ਼ਨਲ ਮੁੱਖ ਮੈਟਰੋਪੋਲੀਟਨ ਮੈਜਿਸਟ੍ਰੇਟ ਐਸ. ਪੀ. ਐਸ. ਲਾਲੇਰ ਨੇ ਏਜੰਸੀ ਵਲੋਂ ਦੰਗਾ ਮਾਮਲਿਆਂ ਵਿਚ ਅੱਗੇ ਦੀ ਜਾਂਚ ਦੌਰਾਨ ਜੇਲ ਵਿਚ ਬੰਦ ਕਾਰੋਬਾਰੀ ਅਭਿਸ਼ੇਕ ਵਰਮਾ ਦੇ ਦਰਜ ਬਿਆਨ 'ਤੇ ਸੀ. ਬੀ. ਆਈ. ਨੂੰ ਜਵਾਬ ਦੇਣ ਨੂੰ ਕਿਹਾ ਹੈ।

ਟਾਈਟਲਰ ਵਿਰੁੱਧ ਮਾਮਲੇ ਵਿਚ ਸੀ. ਬੀ. ਆਈ. ਵਲੋਂ ਮਾਮਲਾ ਬੰਦ ਕਰਨ ਦੀ ਰਿਪੋਰਟ ਦਾਇਰ ਕਰਨ ਦੇ ਸਬੰਧ ਵਿਚ ਦਲੀਲਾਂ 'ਤੇ ਸੁਣਵਾਈ ਕਰਨ ਵਾਲੀ ਅਦਾਲਤ ਨੇ ਹੁਣ ਇਸ ਮਾਮਲੇ ਦੀ ਸੁਣਵਾਈ ਦੀ ਅਗਲੀ ਤਾਰੀਖ 26 ਜੂਨ ਤੈਅ ਕੀਤੀ ਹੈ।

ਸੁਣਵਾਈ ਦੌਰਾਨ ਦੰਗਾ ਪੀੜਤਾਂ ਦੀ ਅਗਵਾਈ ਕਰਨ ਵਾਲੇ ਸੀਨੀਅਰ ਵਕੀਲ ਐਚ. ਐਸ. ਫੂਲਕਾ ਨੇ ਅਦਾਲਤ ਨੂੰ ਦੱਸਿਆ ਕਿ ਵਰਮਾ ਨੇ ਆਪਣੇ ਬਿਆਨ ਵਿਚ ਸੀ. ਬੀ. ਆਈ. ਨੂੰ ਦੱਸਿਆ ਕਿ ਟਾਈਟਲਰ ਨੇ ਕਥਿਤ ਤੌਰ 'ਤੇ ਇਸ ਮਾਮਲੇ ਵਿਚ ਮੁੱਖ ਗਵਾਹ ਸੁਰਿੰਦਰ ਕੁਮਾਰ ਗ੍ਰੰਥੀ ਨਾਲ ਸੌਦੇਬਾਜ਼ੀ ਕੀਤੀ ਸੀ। ਵਰਮਾ ਨੇ ਸੀ. ਬੀ. ਆਈ. ਨੂੰ ਦੱਸਿਆ ਕਿ ਸੌਦੇਬਾਜ਼ੀ ਅਧੀਨ ਸੁਰਿੰਦਰ ਜਿਸ ਦੀ ਮੌਤ ਹੋ ਚੁੱਕੀ ਹੈ, ਨੂੰ ਭਾਰੀ ਰਕਮ ਦਿੱਤੀ ਗਈ ਸੀ ਅਤੇ ਉਸ ਦੇ ਪੁੱਤਰ ਨਰਿੰਦਰ ਸਿੰਘ ਨੂੰ ਵਿਦੇਸ਼ ਵਿਚ ਵਸਾ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਨਰਿੰਦਰ 'ਤੇ ਇਸ ਗੱਲ ਲਈ ਦਬਾਅ ਪਾਇਆ ਕਿ ਉਹ ਆਪਣੇ ਪਿਤਾ ਸੁਰਿੰਦਰ 'ਤੇ ਜਗਦੀਸ਼ ਟਾਈਟਲਰ ਦੇ ਪੱਖ 'ਚ ਬਿਆਨ ਬਦਲਣ ਲਈ ਦਬਾਅ ਪਾਉਣ।

# ਭਾਰਤੀ ਮੂਲ ਦੇ ਬੱਚਿਆਂ ਨੇ ਲਗਾਤਾਰ ਅੱਠਵੀ ਵਾਰ ਮਾਰੀ ਬਾਜ਼ੀ




**ਵਾਸ਼ਿੰਗਟਨ—** ਭਾਰਤੀ ਮੂਲ ਦੇ ਅਮਰੀਕੀ ਬੱਚਿਆਂ ਨੇ ਸਾਲਾਨਾ 'ਸਕ੍ਰਿਪਸ ਨੈਸ਼ਨਲ ਸਪੈ-ਲਿੰਗ ਬੀ' ਮੁਕਾਬਲੇ 'ਚ ਆਪਣਾ ਦਬਦਬਾ ਬਰਕਰਾਰ ਰਖਦੇ ਹੋਏ ਲਗਾਤਾਰ ਅੱਠਵੇਂ ਸਾਲ ਇਹ ਮੁਕਾਬਲਾ ਜਿੱਤ ਲਿਆ ਹੈ। ਵਨਿਆ ਸ਼ਿਵਸ਼ੰਕਰ ਅਤੇ ਗੋਕੁਲ ਵੈਂਕਟਾਚਲਮ ਇਸ ਦੇ ਸਾਂਝੇ ਰੂਪ 'ਚ ਜੇਤੂ ਚੁਣੇ ਗਏ ਹਨ। ਪਿਛਲੇ ਅੱਠ ਸਾਲ ਤੋਂ ਲਗਾਤਾਰ ਭਾਰਤੀ ਮੂਲ ਦੇ ਬੱਚੇ ਇਹ ਮੁਕਾਬਲਾ ਜਿੱਤਦੇ ਆ ਰਹੇ ਹਨ। 2014 'ਚ ਵੀ ਇਸ ਮੁਕਾਬਲੇ 'ਚ ਦੋ ਭਾਰਤੀ ਬੱਚਿਆਂ, ਸ਼੍ਰੀਰਾਮ ਹਠਵਾਰ ਅਤੇ ਅਨਸੁਨ ਸੁਜਾਏ ਨੇ ਸਾਂਝੇ ਰੂਪ 'ਚ ਜਿੱਤ ਹਾਸਿਲ ਕੀਤੀ ਸੀ। ਓਕਲਾਹੋਮ ਦੇ ਭਾਰਤੀ-ਅਮਰੀਕੀ ਕੇਲ ਸ਼ੇਫਰ ਰੇ ਤੀਜੇ ਸਥਾਨ 'ਤੇ ਰਹੇ। 14 ਸਾਲਾ ਗੋਕੁਲ ਵੈਂਕਟਚਲਮ ਮਿਸੂਰੀ ਦੇ ਸੈਂਟ ਲੁਈ ਅਤੇ 13 ਸਾਲਾ ਵਨਿਆ ਸ਼ਿਵਸ਼ੰਕਰ ਕੰਸਾਸ ਦੀ ਰਹਿਣ ਵਾਲੇ ਹਨ।

ਗੋਕੁਲ ਅਤੇ ਵਨਿਆ ਦੋਵੇਂ ਸਪੈਲਿੰਗ ਬੀ 'ਚ ਪਹਿਲਾਂ ਨੀ ਸ਼ਾਮਿਲ ਹੋ ਚੁੱਕੇ ਹਨ। ਵਨਿਆ 2010 ਅਤੇ 2012 'ਚ ਇਸ ਮੁਕਾਬਲੇ 'ਚ 10ਵਾਂ ਸਥਾਨ ਹਾਸਿਲ ਕੀਤਾ ਸੀ। ਉਨ੍ਹਾਂ ਦੀ ਭੈਣ ਕਾਵਿਆ 2009 ਦੀ ਜੈਤੂ ਸੀ। ਉਥੇ ਹੀ ਗੋਕੁਲ 2012 'ਚ 10ਵੇਂ ਅਤੇ 2013 'ਚ 19ਵੇਂ ਸਥਾਨ 'ਤੇ ਸਨ। ਇਸ ਸਾਲ ਦੇ ਜੇਤੂਆਂ ਨੂੰ ਪੁਰਸਕਾਰ ਦੇ ਰੂਪ 'ਚ 35 ਹਜ਼ਾਰ ਡਾਲਰ (ਕਰੀਬ 22 ਲੱਖ ਰੁਪਏ) ਦੀ ਨਕਦ ਰਾਸ਼ੀ) ਦਿੱਤੀ ਗਈ।

ਵਨਿਆ ਨੇ ਕਿਹਾ ਕਿ ਇਹ ਕਿਸੇ ਸੁਪਨੇ ਦੇ ਸੱਚ ਹੋਣ ਵਰਗਾ ਹੈ। ਉਹ ਕਾਫੀ ਸਮੇਂ ਤੋਂ ਇਹ ਖਿਤਾਬ ਜਿੱਤਣ ਲਈ ਮਿਹਨਤ ਕਰ ਰਹੀ ਸੀ।

ਵਨਿਆ ਨੇ ਇਹ ਅਵਾਰਡ ਆਪਣੀ ਸਵਰਗੀ ਦਾਦੀ ਨੂੰ ਸਮਰਪਿਤ ਕੀਤਾ ਹੈ। ਉਥੇ ਹੀ ਗੋਕੁਲ ਨੇ ਕਿਹਾ ਕਿ ਉਹ ਪਿਛਲੇ ਕਈ ਸਾਲਾਂ ਤੋਂ ਇਹ ਮੁਕਾਬਲਾ ਜਿੱਤਣ ਲਈ ਮਿਹਨਤ ਕਰ ਰਿਹਾ ਸੀ। ਮੁਕਾਬਲੇ ਦੇ 49 ਸੈਮੀਫਾਈਨਲਿਸਟਸ 'ਚ ਇਸ ਵਾਰ 25 ਭਾਰਤੀ-ਅਮਰੀਕੀ ਸ਼ਾਮਿਲ ਸਨ। ਇਸ ਸਾਲ ਅਮਰੀਕਾ ਦੇ ਸਾਰੇ 50 ਰਾਜਾਂ ਨੇ ਇਸ ਵਿਚ ਹਿੱਸਾ ਲਿਆ ਸੀ।

# ਉਡਨ ਤਸ਼ਤਰੀ ਦਾਗਣ ਮੌਕੇ ਨਾਸਾ ਕਰੇਗੀ ਸੁਪਰਸੌਨਿਕ ਪੈਰਾਸ਼ੂਟਾਂ ਦਾ ਪ੍ਰੀਖਣ

**ਮਿਆਮੀ-** ਅਮਰੀਕੀ ਪੁਲਾੜ ਏਜੰਸੀ ਨਾਸਾ ਉਡਨ ਤਸ਼ਤਰੀ ਲਾਂਚ ਕਰਨ ਮੌਕੇ ਹੁਣ ਤਕ ਦੇ ਸਭ ਤੋਂ ਵੱਡੇ ਪੈਰਾਸ਼ੂਟ ਪ੍ਰੀਖਣ ਦੀ ਯੋਜਨਾ ਬਣਾ ਰਹੀ ਹੈ। ਇਸ ਪ੍ਰੀਖਣ ਰਾਹੀਂ ਮੰਗਲ ਗ੍ਰਹਿ 'ਤੇ ਉਤਰਣ ਲਈ ਨਵੀਂ ਤਕਨੀਕਾਂ ਦਾ ਤਜਰਬਾ ਕੀਤਾ ਜਾਵੇਗਾ। 'ਲੋ ਡੈਨਸਟੀ ਸੁਪਰਸੌਨਿਕ ਡੀਸੇਲੇਰੇਟਰ' ਨਾਂ ਦੀ ਇਸ ਉਡਨ ਤਸ਼ਤਰੀ ਦੀ ਪ੍ਰੀਖਣ ਉਡਾਣ ਦਾ ਸਿੱਧਾ ਪ੍ਰਸਾਰਣ ਨਾਸਾ ਦੀ ਵੈੱਬਸਾਈਟ 'ਤੇ ਭਾਰਤੀ ਸਮੇਂ ਅਨੁਸਾਰ ਰਾਤ 11 ਵਜੇ ਕੀਤਾ ਜਾਵੇਗਾ। ਕਿਉਂਕਿ ਮੰਗਲ 'ਤੇ ਵਾਤਾਵਰਣ ਬਹੁਤ ਪੇਤਲਾ ਹੈ, ਇਸ ਲਈ ਕਿਸੇ ਭਾਰੀ ਤੇ ਤੇਜ਼ ਰਫ਼ਤਾਰ ਨਾਲ ਜਾਂਦੇ ਪੁਲਾੜ ਵਾਹਨ ਨੂੰ ਹੇਠਾਂ ਉਤਾਰਨ ਵਿੱਚ ਮਦਦ ਕਰਨ ਲਈ ਪੈਰਾਸ਼ੂਟ ਦਾ ਵਧੇਰੇ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ।




ਗੌਰਤਲਬ ਹੈ ਕਿ ਅਮਰੀਕੀ ਪੁਲਾੜ ਏਜੰਸੀ ਨੇ ਅਜਿਹੇ ਤਰੀਕੇ ਦਾ ਪਤਾ ਦਹਾਕਿਆਂ ਪਹਿਲਾਂ ਹੀ ਲਾ ਲਿਆ ਸੀ। ਇਸ ਦੀ ਸ਼ੁਰੂਆਤ ਵਾਇਕਿੰਗ ਮੁਹਿੰਮ ਨਾਲ ਹੋਈ ਸੀ। ਉਦੋਂ ਸਾਲ 1976 ਵਿੱਚ ਮੰਗਲ ਗ੍ਰਹਿ 'ਤੇ ਦੋ ਲੈਂਡਰ ਉਤਾਰੇ ਗਏ ਸੀ। ਪਰ ਨਾਸਾ ਹੁਣ 2030 ਦਹਾਕੇ ਤਕ ਮਨੁੱਖਾਂ ਨੂੰ ਮੰਗਲ ਗ੍ਰਹਿ 'ਤੇ ਭੇਜਣ ਦੇ ਇਰਾਦੇ ਨਾਲ ਆਧੁਨਿਕ ਤੇ ਨਵੀਂ ਪੀੜ੍ਹੀ ਦੀ ਪੈਰਾਸ਼ੂਟ ਤਕਨੀਕ ਦਾ ਪ੍ਰੀਖਣ ਕਰ ਰਹੀ ਹੈ।

ਇਹ ਤਕਨੀਕ ਸੁਪਰਸੌਨਿਕ ਰਿੰਗਸੇਲ ਪੈਰਾਸ਼ੂਟ ਦੇ ਨਾਂ ਨਾਲ ਮਕਬੂਲ ਹੈ। ਇਸ ਤਕਨੀਕ ਦੀ ਮਦਦ ਨਾਲ ਮਨੁੱਖਾਂ ਅਤੇ ਮਹੀਨਿਆਂਬੱਧੀ ਚੱਲਣ ਵਾਲੀ ਖੁਰਾਕ ਦਾ ਭਾਰ ਢੋਹ ਸਕਣ ਵਾਲੇ ਭਾਰੀ ਪੁਲਾੜ ਵਾਹਨ ਨੂੰ ਵੀ ਮੰਗਲ ਗ੍ਰਹਿ 'ਤੇ ਸੌਖਿਆਂ ਹੀ ਉਤਾਰਿਆ ਜਾ ਸਕਦਾ ਹੈ। ਨਾਸਾ ਮੁਤਾਬਕ ਇਹ ਪੈਰਾਸ਼ੂਟ ਇਸ ਕੰਮ ਵਿੱਚ ਲਾਏ ਗਏ ਪੈਰਾਸ਼ੂਟਾਂ 'ਚ ਸਭ ਤੋਂ ਵੱਡਾ ਹੈ ਤੇ ਇਸ ਦਾ ਘੇਰਾ 100 ਫੁੱਟ ਹੈ।

# ਸਿੱਖ ਮਾਨਸਿਕਤਾ ਦਾ ਸੰਤਾਪ ਬਲਿਊ ਸਟਾਰ ਅਪ੍ਰੇਸ਼ਨ



ਉਜਾਗਰ ਸਿੰਘ
94178 13072

ਸਿੱਖਾਂ ਨੇ ਅਨੇਕਾਂ ਤਸੀਹੇ ਝੱਲੇ ਹਨ, ਜ਼ਕਰੀਆ ਖ਼ਾਨ ਵਰਗਿਆਂ ਨੇ ਇਨ੍ਹਾਂ ਦੇ ਸਿਰਾਂ ਦੇ ਮੁੱਲ ਪਾਏ ਪ੍ਰੰਤੂ ਸਿੱਖਾਂ ਅਤੇ ਸਿੱਖੀ ਦਾ ਵਾਲ ਵਿੰਗਾ ਨਹੀਂ ਹੋਇਆ ਕਿਉਂਕਿ ਉਨ੍ਹਾਂ ਨੂੰ ਗੁਰੂਆਂ ਦੀ ਆਸ਼ੀਰਵਾਦ ਰਹੀ ਹੈ। ਮੁੜ ਉਸੇ ਤਰ੍ਹਾਂ ਉਠ ਖੜ੍ਹੇ ਹੋਏ। ਜਦੋਂ ਵੀ ਕਦੀ ਇਨ੍ਹਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਤਾਂ ਘਰ ਦੇ ਭੇਤੀ ਨੇ ਲੰਕਾ ਢਾਹੀ ਹੈ, ਅਰਥਾਤ ਗ਼ੱਦਾਰਾਂ ਦੀ ਗ਼ੱਦਾਰੀ ਨੇ ਜਿੱਤੀ ਹੋਈ ਬਾਜ਼ੀ ਹਰਾ ਦਿੱਤੀ। ਤੱਤੀਆਂ ਤਵੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ ਪਰ ਹਮੇਸ਼ਾ ਦੂਣ ਸਵਾਏ ਹੋਏ। ਲਾਲ ਸਿੰਘ ਦਾ ਨਾਂ ਗ਼ੱਦਾਰਾਂ ਦੀ ਸੂਚੀ ਵਿਚ ਦਰਜ ਹੈ। ਅੱਜ ਦੁਖ ਦੀ ਗੱਲ ਹੈ ਕਿ ਲਾਲ ਸਿੰਘਾਂ ਦੀ ਗਿਣਤੀ ਦਿਨ-ਬਦਿਨ ਵੱਧ ਰਹੀ ਹੈ। ਸਿਖ ਅਜਿਹਾ ਸ਼ਬਦ ਹੈ ਜਿਹੜਾ ਇਨਸਾਨੀਅਤ ਦਾ ਪ੍ਰਤੀਕ ਬਣਿਆਂ ਹੋਇਆ ਹੈ ਪ੍ਰੰਤੂ ਸਿੱਖਾਂ ਦਾ ਸੰਤਾਪ ਰਿਹਾ ਹੈ ਕਿ ਉਹ ਆਪ ਆਪਣੀ ਹਓਮੈ ਦਾ ਸ਼ਿਕਾਰ ਹਨ। ਉਹ ਆਪਣੇ ਇਸ ਵਕਾਰ ਨੂੰ ਕਾਇਮ ਰੱਖਣ ਵਿਚ ਅਸਫਲ ਹੋ ਰਹੇ ਹਨ। ਸਾਰੇ ਸਿਖ ਵਿਦਵਾਨ ਕਿਸੇ ਵੀ ਇੱਕ ਨੁਕਤੇ ਤੇ ਇਕਮਤ ਨਹੀਂ ਹਨ। ਜਦੋਂ ਕਿ ਸਿਖ ਧਰਮ ਸਰਬੱਤ ਦੇ ਭਲੇ ਦੀ ਗੱਲ ਕਰਦਾ ਹੈ। ਵਿਦਵਾਨ ਆਪ ਆਪਣੀ ਡਫਲੀ ਵਜਾ ਰਹੇ ਹਨ। ਸਿੱਖਾਂ ਨੇ ਆਪਣਾ ਇਤਿਹਾਸ ਲਿਖਿਆ ਹੀ ਨਹੀਂ ਜਿਨ੍ਹਾਂ ਲਿਖਿਆ ਹੈ, ਉਨ੍ਹਾਂ ਸਿਖ ਇਤਿਹਾਸ ਲਿਖਣ ਲੱਗਿਆਂ ਵੀ ਇਸ ਵਿਚ ਮਿਲਾਵਟ ਕਰ ਦਿੱਤੀ ਗਈ ਹੈ। ਗੁਰੂਆਂ ਨੇ ਆਪਸੀ ਸਹਿਯੋਗ, ਸਹਿਹੋਂਦ , ਭਾਈਚਾਰਾ, ਜ਼ਾਤ ਪਾਤ ਖ਼ਤਮ ਕਰਨ ਲਈ ਲੰਗਰ ਦੀ ਪ੍ਰਥਾ ਚਲਾਈ, ਬਰਾਬਰਤਾ ਦਾ ਸੰਦੇਸ਼ ਦਿੱਤਾ, ਨਾ ਕੋਈ ਵੈਰੀ ਨਾ ਹੀ ਬਿਗਾਨਾ। ਪ੍ਰੰਤੂ ਅੱਜ ਦਿਨ ਸਿਖ ਆਪਣੇ ਸਿਧਾਂਤ ਤੋਂ ਥਿੜਕ ਗਏ ਹਨ। ਜੇਕਰ ਸਿਖ ਇਕਮਤ ਹੁੰਦੇ ਤਾਂ ਸ੍ਰੀ ਹਰਿਮੰਦਰ ਸਾਹਿਬ ਤੇ ਭਾਰਤੀ ਫ਼ੌਜਾਂ ਵੱਲੋਂ ਹਮਲਾ ਕਰਨ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ ਕਿਉਂਕਿ ਰਾਸ਼ਟਰਪਤੀ ਵੀ ਸਿਖ, ਬਲਿਊ ਸਟਾਰ ਦੀ ਕਾਰਵਾਈ ਨੂੰ ਅਮਲੀ ਰੂਪ ਦੇਣ ਵਾਲਾ ਵੀ ਜਨਰਲ ਦਿਆਲ ਇੱਕ ਸਿਖ। ਜਿਹੜੇ ਸਿੱਖਾਂ ਨੇ ਇਸ ਅਪ੍ਰੇਸ਼ਨ ਦੇ ਖ਼ਿਲਾਫ਼ ਅਵਾਜ਼ ਬੁਲੰਦ ਕੀਤੀ ਉਨ੍ਹਾਂ ਦੀ ਕਿਸੇ ਸਿਖ ਸੰਸਥਾ ਨੇ ਬਾਂਹ ਨਹੀਂ ਫੜੀ। ਕੋਈ ਹਾਅ ਦਾ ਨਾਅਰਾ ਨਹੀਂ ਮਾਰਿਆ। ਅਜ਼ਾਦ ਭਾਰਤ ਦੀ ਸਰਕਾਰ ਵੱਲੋਂ ਇਤਿਹਾਸ ਵਿਚ ਇਹ ਪਹਿਲੀ ਘਟਨਾ ਹੈ ਕਿ ਜਦੋਂ ਐਨੇ ਪਵਿਤਰ ਸਰਬਤ ਦਾ ਭਲਾ ਮੰਗਣ ਵਾਲੇ ਆਧੁਨਿਕ ਧਰਮ ਤੇ ਜਿਸ ਦੇਸ਼ ਦੇ ਵਾਸੀਆਂ ਦਾ ਉਹ ਧਾਰਮਿਕ ਸਥਾਨ ਹੋਵੇ ਤੇ ਉਸੇ ਦੇਸ਼ ਦੀ ਫ਼ੌਜ ਵੱਲੋਂ ਹਮਲਾ ਕੀਤਾ ਗਿਆ ਹੋਵੇ। ਸੰਸਾਰ ਵਿਚੋਂ ਆ ਕੇ ਸਾਰੇ ਧਰਮਾਂ ਦੇ ਲੋਕ ਆ ਕੇ ਸਿਜਦੇ ਕਰਦੇ ਹੋਣ। ਫ਼ੌਜ ਵਿਦੇਸ਼ੀ ਹਮਲਿਆਂ ਤੋਂ ਦੇਸ਼ ਦੇ ਬਚਾਓ ਲਈ ਹੁੰਦੀ ਹੈ, ਆਪਣਿਆਂ ਵਿਰੁਧ ਲੜਨ ਲਈ ਨਹੀਂ। ਉਹ ਹਮਲਾ ਵੀ ਜਾਣ ਬੁਝ ਕੇ ਪੰਜਵੇਂ ਪਾਤਸ਼ਾਹ ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੇ ਮੌਕੇ ਤੇ। ਪਹਿਲੀ ਗੱਲ ਤਾਂ ਇਹ ਹੈ ਕਿ ਸਿੱਖਾਂ ਨੇ ਆਪਣਾ ਇਤਿਹਾਸ ਲਿਖਣ ਦਾ ਉਪਰਾਲਾ ਹੀ ਨਹੀਂ ਕੀਤਾ ਜੇ ਕੀਤਾ ਹੈ ਤਾਂ ਉਹ ਸਾਰਾ ਜਨਮ ਸਾਖੀਆਂ ਤੇ ਅਧਾਰਤ ਹੈ। ਬਲਿਊ ਸਟਾਰ ਅਪ੍ਰੇਸ਼ਨ ਦਾ ਇਤਿਹਾਸ ਵੀ ਸਿੱਖਾਂ ਨੂੰ ਅੱਤਵਾਦੀ ਕਹਿਕੇ ਲਿਖਿਆ ਜਾਵੇਗਾ। ਜਨਮ ਸਾਖੀਆਂ ਅਸਲੀਅਤ ਨਹੀਂ, ਉਹ ਤਾਂ ਗੁਰੂਆਂ ਦੀ ਪ੍ਰਸੰਸਾ ਵਿਚ ਉਨ੍ਹਾਂ ਨੂੰ ਚਮਤਕਾਰੀ ਵਿਖਾਉਣ ਲਈ ਉਨ੍ਹਾਂ ਦੇ ਸ਼ਰਧਾਲੂਆਂ ਵੱਲੋਂ ਲਿਖੀਆਂ ਗਈਆਂ ਸਨ। ਸ਼ਰਧਾਲੂਆਂ ਦੇ ਅਕੀਦਤ ਦੇ ਫੁਲ ਹਨ। ਜਨਮ ਸਾਖੀਆਂ ਸੁਣੀਆਂ ਸੁਣਾਈਆਂ ਗੱਲਾਂ ਤੇ ਅਧਾਰਤ ਹਨ। ਤੱਥਾਂ ਤੇ ਅਧਾਰਤ ਨਹੀਂ ਕਿਉਂਕਿ ਗੁਰੂ ਸਾਹਿਬ ਨੇ ਤਾਂ ਕਰਮ ਕਾਂਡਾਂ ਦੇ ਖ਼ਿਲਾਫ਼ ਅਵਾਜ਼ ਉਠਾਈ ਸੀ। ਹੁਣ ਵੀ ਗੁਰਦੁਆਰਿਆਂ ਅਤੇ ਧਾਰਮਿਕ ਸਮਾਗਮਾਂ ਵਿਚ ਜਨਮ ਸਾਖੀਆਂ ਸੁਣਾਈਆਂ ਜਾਂਦੀਆਂ ਹਨ, ਜਦੋਂ ਕਿ ਵਿਗਿਆਨਕ ਯੁਗ ਵਿਚ ਤੱਥਾਂ ਤੇ ਅਧਾਰਤ ਗੱਲ ਕਰਨੀ ਚਾਹੀਦੀ ਹੈ। ਸਿਖ ਕਰਮ ਕਾਂਡਾਂ ਵਿਚ ਹੀ ਪੈ ਗਏ ਹਨ। ਕਈ ਲੋਕ ਗੁਰੂਆਂ ਦੇ ਬਾਜ ਕਹਿ ਕੇ ਪਾਖੰਡ ਕਰਦੇ ਹਨ। ਗੁਰੂਆਂ ਦੀਆਂ ਨਿਸ਼ਾਨੀਆਂ ਦੇ ਭਰਮ ਭੁਲੇਖੇ ਪਾ ਕੇ ਉਨ੍ਹਾਂ ਨੂੰ ਮੱਥੇ ਟੇਕਦੇ ਹਨ। ਇਹ ਦੁਕਾਨਦਾਰੀਆਂ ਹਨ। ਆਮਦਨ ਦਾ ਸਾਧਨ ਬਣਾਉਂਦੇ ਹਨ।

ਅਸਲ ਵਿਚ ਸਿਖ ਧਰਮ ਅਜਿਹਾ ਧਰਮ ਹੈ ਜਿਸ ਨੇ ਸਭ ਤੋਂ ਪਹਿਲਾਂ ਕਲਿਆਣਕਾਰੀ ਰਾਜ ਦਾ ਸੰਕਲਪ ਦਿੱਤਾ ਸੀ। ਸਭ ਤੋਂ ਪਹਿਲਾਂ ਸਿਖ ਇਤਿਹਾਸ ਲਿਖਣ ਲਈ ਅੰਗਰੇਜ਼ਾਂ ਨੇ ਹੀ ਭਾਈ ਰਤਨ ਸਿੰਘ ਭੰਗੂ ਨੂੰ ਕਿਹਾ ਸੀ। ਉਨ੍ਹਾਂ 'ਪੰਥ ਪ੍ਰਕਾਸ਼' ਲਿਖਿਆ। ਸਭ ਤੋਂ ਪਹਿਲਾ ਸਿਖ ਇਤਿਹਾਸ ਉਹੀ ਹੈ, ਜਿਹੜਾ ਰਤਨ ਸਿੰਘ ਭੰਗੂ ਨੇ ਲਿਖਿਆ ਸੀ। ਹੁਣ ਤਾਂ ਸਿਖ ਇਤਿਹਾਸ ਦੀਆਂ ਬਹੁਤ ਸਾਰੀਆਂ ਅੰਗਰੇਜ਼ੀ ਅਤੇ ਪੰਜਾਬੀ ਵਿਚ ਪੁਸਤਕਾਂ ਵੀ ਆ ਚੁੱਕੀਆਂ ਹਨ ਪ੍ਰੰਤੂ ਉਹ ਸਾਰੀਆਂ ਵਿਦਵਾਨਾਂ ਦੀ ਆਪ ਆਪਣੀ ਵਿਚਾਰਧਾਰਾ ਅਨੁਸਾਰ ਹੀ ਹਨ, ਨਿਰਪੱਖ ਨਹੀਂ। ਅੰਗਰੇਜ਼ ਆਪਣੀ ਮਰਜ਼ੀ ਨਾਲ ਸਿਖ ਇਤਿਹਾਸ ਲਿਖਦੇ ਅਤੇ ਲਿਖਵਾਉਂਦੇ ਰਹੇ, ਸ਼ੰਕੇ ਪੈਦਾ ਕਰਦੇ ਰਹੇ ਅਤੇ ਉਨ੍ਹਾਂ ਸਿਖ ਧਰਮ ਦੇ ਚੰਗੇ ਗੁਣਾ ਦੀ ਤਾਰੀਫ਼ ਵੀ ਕੀਤੀ ਹੈ ਜੋ ਸਲਾਹੁਣਯੋਗ ਹੈ ਪ੍ਰੰਤੂ ਤੁਸੀਂ ਹੈਰਾਨ ਹੋਵੋਗੇ ਕਿ ਇੱਕ ਅੰਗਰੇਜ਼ ਲੇਖਕ ਡਬਲਿਊ. ਐਲ. ਐਮ. ਗਰੈਗਰ ਨੇ ਆਪਣੀ ਪੁਸਤਕ' ਦਾ ਹਿਸਟਰੀ ਆਫ਼ ਦਾ ਸਿਖਸ' ਵਿਚ



ਬਹੁਤ ਸਾਰੀਆਂ ਸ਼ੰਕਾਵਾਂ ਖੜ੍ਹੀਆਂ ਕਰ ਦਿੱਤੀਆਂ ਹਨ। ਜਿਹੜੀਆਂ ਕਿ ਮੰਨਣਯੋਗ ਨਹੀਂ ਹਨ ਪ੍ਰੰਤੂ ਦੁਖ ਦੀ ਗੱਲ ਹੈ ਕਿ ਕਿਸੇ ਇੱਕ ਵੀ ਸਿਖ ਸੰਸਥਾ ਨੇ ਉਸਦਾ ਵਿਰੋਧ ਨਹੀਂ ਕੀਤਾ। ਉਨ੍ਹਾਂ ਇਸ ਪੁਸਤਕ ਦੇ ਪੰਨਾ 58-59 ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਗ਼ਲਤ ਤੱਥ ਦਿੱਤੇ ਹਨ। ਹਾਲਾਂ ਕਿ ਲੇਖਕ ਦੀ ਤਾਂ ਮੌਤ ਹੋ ਚੁੱਕੀ ਹੈ ਪ੍ਰੰਤੂ 'ਰੂਪਾ ਪਬਲੀਕੇਸ਼ਨਜ਼ ਨਵੀਂ ਦਿੱਲੀ' ਨੇ ਇਸ ਪੁਸਤਕ ਦਾ ਇੱਕ ਹੋਰ ਐਡੀਸ਼ਨ-2012 ਵੀ ਪ੍ਰਕਾਸ਼ਤ ਕਰ ਦਿੱਤਾ ਹੈ। ਇਹ ਸਾਰਾ ਕੁਝ ਸਿੱਖਾਂ ਦਾ ਅਕਸ ਖਰਾਬ ਕਰਨ ਲਈ ਕੀਤਾ ਜਾ ਰਿਹਾ ਹੈ। ਵੈਸੇ ਤਾਂ ਸਿਖ ਫਿਲਮਾਂ ਵਿਚ ਗੁਰੂਆਂ ਬਾਰੇ ਜੇਕਰ ਕੋਈ ਨਿੱਕੀ ਜਹੀ ਗੱਲ ਹੋਵੇ ਤਾਂ ਵਾਵਰੋਲਾ ਖੜ੍ਹਾ ਕਰ ਦਿੰਦੇ ਹਨ। ਸਿਖ ਇਤਿਹਾਸ ਵਿਚ ਮਿਲਾਵਟ ਤੇ ਚੁੱਪ ਧਾਰੀ ਬੈਠੇ ਹਨ। ਸਿਖ ਇੱਕ ਦਲੇਰ, ਬਹਾਦਰ, ਅਣਖੀਲੀ ਅਤੇ ਖੁਦਦਾਰ ਕੌਮ ਹੈ। ਸਿੱਖਾਂ ਤੋਂ ਕੇਂਦਰ ਸਰਕਾਰ ਨੂੰ ਬਗ਼ਾਵਤ ਦਾ ਡਰ ਆਉਂਦਾ ਰਹਿੰਦਾ ਹੈ। ਇਸ ਲਈ ਕੇਂਦਰ ਸਰਕਾਰ ਅਤੇ ਉਸਦੀਆਂ ਗੁਪਤਚਰ ਏਜੰਸੀਆਂ ਭਾਵੇਂ ਸਰਕਾਰ ਕਿਸੇ ਪਾਰਟੀ ਦੀ ਹੋਵੇ ਹਮੇਸ਼ਾ ਸਿੱਖਾਂ ਨੂੰ ਨੀਵਾਂ ਵਿਖਾਉਣ ਦੀ ਕੋਸ਼ਿਸ਼ ਵਿਚ ਰਹਿੰਦੀਆਂ ਹਨ। ਪੰਜਾਬ ਦੇ ਕਾਲੇ ਦਿਨ ਅਤੇ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਕਰਨਾ ਉਸੇ ਚਾਲ ਦਾ ਨਤੀਜਾ ਸੀ। ਸਿੱਖਾਂ ਤੋਂ ਸਿੱਖਾਂ ਨੂੰ ਮਰਵਾਇਆ ਗਿਆ। ਕਥਿਤ ਅੱਤਵਾਦ ਵੀ ਗੁਪਤਚਰ ਏਜੰਸੀਆਂ ਦੀ ਦੇਣ ਸੀ। ਅੱਤਵਾਦ ਤਾਂ ਸਾਰੀ ਦੁਨੀਆਂ ਵਿਚ ਫੈਲਿਆ ਹੋਇਆ ਹੈ, ਫਿਰ ਇਕੱਲੇ ਸਿੱਖਾਂ ਨੂੰ ਹੀ ਨਿਸ਼ਾਨਾ ਕਿਉਂ ਬਣਾਇਆ ਗਿਆ। ਇਸ ਵਿਚ ਸਿੱਖਾਂ ਦਾ ਵੀ ਕਸੂਰ ਹੈ। ਸਾਨੂੰ ਅੰਤਰ ਝਾਤ ਮਾਰਨ ਦੀ ਲੋੜ ਹੈ। ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦਮਦਮੀ ਟਕਸਾਲ ਦੇ ਮੁਖੀ ਸਨ। ਇਸ ਟਕਸਾਲ ਦਾ ਮੁੱਖ ਕੰਮ ਧਾਰਮਿਕ ਹੈ। ਸਿਆਸਤ ਨਾਲ ਇਸ ਦਾ ਕੋਈ ਲੈਣਾ ਦੇਣਾ ਨਹੀਂ। ਸੰਤ ਜਰਨੈਲ ਸਿੰਘ ਸਹੀ ਅਰਥਾਂ ਵਿਚ ਸੰਤ ਸਨ। ਕੇਂਦਰ ਸਰਕਾਰ ਦੀਆਂ ਗੁਪਤਚਰ ਏਜੰਸੀਆਂ ਨੇ ਉਨ੍ਹਾਂ ਦੇ ਆਲ਼ੇ ਦੁਆਲ਼ੇ ਐਸਾ ਜਾਲ ਵਿਛਾ ਦਿੱਤਾ ਕਿ ਉਹ ਉਨ੍ਹਾਂ ਦੀਆਂ ਚਾਲਾਂ ਨੂੰ ਸਮਝ ਨਹੀਂ ਸਕੇ ਕਿਉਂਕਿ ਉਹ ਤਾਂ ਧਾਰਮਿਕ ਵਿਅਕਤੀ, ਸੰਤ, ਮਹਾਂਪੁਰਸ਼, ਪਾਠ ਕਰਨ ਵਾਲੇ, ਨਿਰਪੱਖ ਸੋਚ ਦੇ ਧਾਰਨੀ ਪਵਿਤਰ ਆਤਮਾ ਸਨ। ਖਾਮਖਾਹ ਉਨ੍ਹਾਂ ਨੂੰ ਸਿਆਸਤ ਵਿਚ ਘੜੀਸਿਆ ਗਿਆ। ਹੈਰਾਨੀ ਦੀ ਗੱਲ ਹੈ ਕਿ ਪਾਕਿਸਤਾਨ ਤੋਂ ਮਦਦ ਦੀ ਆਸ ਲਾਉਣੀ ਸਿਆਣੀ ਗੱਲ ਨਹੀਂ ਕਿਉਂਕਿ ਸਿੱਖਾਂ ਨੇ ਤਾਂ ਪਾਕਿਸਤਾਨ ਨਾਲ ਦੇਸ਼ ਦੀ ਵੰਡ ਸਮੇਂ 1947 ਵਿਚ ਜਾਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਜਿਨਹਾ ਨੇ ਦਿੱਲੀ ਵਿਖੇ ਸਰ ਤੇਜਾ ਸਿੰਘ ਦੇ ਘਰ ਮਾਸਟਰ ਤਾਰਾ ਸਿੰਘ ਨਾਲ ਹੋਈ ਮੀਟਿੰਗ ਵਿਚ ਵੱਖਰੀ ਸਿਖ ਸਟੇਟ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਆਫ਼ ਵੱਖਰੀ ਸਟੇਟ ਲੈ ਲਈ। ਫਿਰ ਉਨ੍ਹਾਂ ਤੋਂ ਅਸੀਂ ਕੀ ਆਸ ਰੱਖ ਸਕਦੇ ਸੀ। ਅਨੇਕਾਂ ਬੇਦੋਸੇ ਸ਼ਰਧਾਲੂਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਅਕਾਲ ਤਖ਼ਤ ਦੀ ਪਵਿਤਰ ਇਮਾਰਤ ਢਾਹ ਦਿੱਤੀ ਗਈ। ਸਿਆਸੀ ਲੋਕਾਂ ਨੇ ਫ਼ੌਜਾਂ ਸਾਹਮਣੇ ਹੱਥ ਖੜ੍ਹੇ ਕਰਕੇ ਜ਼ਿੰਦਗੀ ਦੀ ਭੀਖ ਮੰਗੀ ਅਤੇ ਬਾਹਰ ਆ ਗਏ। ਨਿਰਦੋਸ਼, ਮਾਸੂਮ ਤੇ ਮਜ਼ਲੂਮ ਸ਼ਰਧਾਲੂ ਫ਼ੌਜ ਦੀ ਦਹਿਸ਼ਤ ਦਾ ਸ਼ਿਕਾਰ ਹੋ ਗਏ। ਸਿੱਖਾਂ ਦਾ ਸਿੱਖਾਂ ਹੱਥੋਂ ਨੁਕਸਾਨ ਹੋਇਆ। ਇਥੇ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਸਿੱਖਾਂ ਨੂੰ ਕਿਵੇਂ ਅੱਤਵਾਦੀ ਤੱਕ ਕਿਹਾ ਗਿਆ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਉਨ੍ਹਾਂ ਦਿਨਾਂ ਵਿਚ ਨਜ਼ਦੀਕੀ ਰਹੇ ਦਲਬੀਰ ਸਿੰਘ ਜੋ ਉਸ ਸਮੇਂ 'ਦੀ ਟ੍ਰਿਬਿਊਨ' ਅਖ਼ਬਾਰ ਦੇ ਰਿਪੋਰਟਰ ਸਨ, ਫਿਲੌਰ ਦੇ ਕੋਲ ਗੰਨਾ ਪਿੰਡ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਸੰਤਾਂ ਦੀ ਨੇਕਨੀਤੀ ਬਾਰੇ ਪੂਰੀ ਜਾਣਕਾਰੀ ਹੈ ਕਿ ਕਿਵੇਂ ਕੁਝ ਵਿਅਕਤੀਆਂ ਨੇ ਸੰਤਾਂ ਨੂੰ ਕੇਂਦਰ ਸਰਕਾਰ ਨਾਲ ਸਮਝੌਤਾ ਕਰਨ ਤੋਂ ਰੋਕਿਆ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਉਨ੍ਹਾਂ ਨੂੰ ਮਿਲਣਾ ਚਾਹੁੰਦੇ ਸਨ। ਸੰਤ ਭਿੰਡਰਾਂਵਾਲੇ ਪੰਜਾਬ ਵਿਚ ਸੁਖ ਸ਼ਾਂਤੀ ਚਾਹੁੰਦੇ ਸਨ ਕਿਉਂਕਿ ਉਹ ਇੱਕ ਧਾਰਮਿਕ ਮਹਾਂਪੁਰਸ਼ ਸਨ, ਪੰਜਾਬ ਦੀ ਸ਼ਾਂਤੀ ਲਈ ਉਹ ਕੁਝ ਵੀ ਕਰਨਾ ਚਾਹੁੰਦੇ ਸਨ। ਸਿਰਫ਼ ਤਿੰਨ ਉਦਾਹਰਨਾਂ ਦੇਵਾਂਗਾ। ਭਾਈ ਸਾਹਿਬ ਭਾਈ ਰਣਧੀਰ ਸਿੰਘ ਦੇਸ਼ ਭਗਤ ਸਨ। ਉਨ੍ਹਾਂ ਅਜ਼ਾਦੀ ਦੀ ਲੜਾਈ ਵਿਚ ਹਿੱਸਾ ਲਿਆ ਅਤੇ ਗ੍ਰਿਫ਼ਤਾਰ ਹੋ ਗਏ। 33 ਸਾਲ ਜੇਲ੍ਹ ਵਿਚ ਰਹੇ। ਦੇਸ਼ ਅਜ਼ਾਦ ਹੋ ਗਿਆ। ਫਿਰ ਵੀ ਉਨ੍ਹਾਂ ਦੀ ਜ਼ਬਤ ਕੀਤੀ ਜਾਇਦਾਦ ਵਾਪਸ ਨਾ ਕੀਤੀ ਗਈ। ਇਥੋਂ ਤੱਕ ਕਿ ਉਨ੍ਹਾਂ ਦੇ ਅਖੰਡ ਕੀਰਤਨੀ ਜਥੇ ਨੂੰ ਅੱਤਵਾਦੀ ਕਿਹਾ ਗਿਆ । ਅਨੇਕਾਂ ਤਸੀਹੇ ਦਿੱਤੇ ਗਏ। ਉਹ ਸਿਰਫ਼ ਤੇ ਸਿਰਫ਼ ਕੀਰਤਨ ਕਰਦੇ ਸਨ। ਦੂਜੇ ਸਿਰਦਾਰ ਕਪੂਰ ਸਿੰਘ ਹਨ, ਜਿਨ੍ਹਾਂ ਦਾ ਕਸੂਰ ਸਿਰਫ਼ ਇਹ ਸੀ ਕਿ ਉਨ੍ਹਾਂ ਡਿਪਟੀ ਕਮਿਸ਼ਨਰ ਹੁੰਦਿਆਂ ਸਰਕਾਰ ਨੂੰ ਸਿੱਖਾਂ ਨੂੰ ਮੁਜਰਮ ਜਮਾਤ ਕਹਿਣ ਦੇ ਵਿਰੁਧ ਪੱਤਰ ਲਿਖਿਆ ਸੀ। ਕੋਈ ਬਗ਼ਾਵਤ ਨਹੀਂ ਸੀ ਕੀਤੀ। ਪ੍ਰੰਤੂ ਫਿਰ ਵੀ ਉਨ੍ਹਾਂ ਨੂੰ ਆਈ.ਸੀ.ਐਸ. ਤੋਂ ਡਿਸਮਿਸ ਕਰ ਦਿੱਤਾ ਗਿਆ। ਉਹ ਦੇਸ਼ ਭਗਤ ਸੀ, ਦੇਸ਼ ਦੀ ਸਹੁੰ ਚੁੱਕ ਕੇ ਲੋਕ ਸਭਾ ਅਤੇ ਪੰਜਾਬ ਵਿਧਾਨ ਸਭਾ ਦਾ ਮੈਂਬਰ ਬਣਿਆ। ਉਸ ਨੂੰ ਦੇਸ਼ ਧਰੋਹੀ ਕਿਵੇਂ ਕਿਹਾ ਜਾ ਸਕਦਾ ਹੈ। ਤੀਜੇ ਵਿਅਕਤੀ ਹਨ, ਸਿਮਰਨਜੀਤ ਸਿੰਘ ਮਾਨ ਆਈ. ਪੀ. ਐਸ. ਅਧਿਕਾਰੀ ਜਿਨ੍ਹਾਂ ਨੇ ਬਲਿਊ ਸਟਾਰ ਅਪ੍ਰੇਸ਼ਨ ਦੇ ਖ਼ਿਲਾਫ਼ ਰਾਸ਼ਟਰਪਤੀ ਨੂੰ ਪੱਤਰ ਲਿਖਿਆ ਸੀ ਕਿਉਂਕਿ ਉਸ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਸੀ। ਕੋਈ ਬਗਾਵਤ ਨਹੀਂ, ਫਿਰ ਵੀ ਅਨੇਕਾਂ ਤਸੀਹੇ ਜੇਲ੍ਹ ਵਿਚ ਦਿੱਤੇ ਗਏ। ਮੈਂ ਸਿਮਰਨਜੀਤ ਸਿੰਘ ਮਾਨ ਦੀ ਲੜਕੀ ਪਵਿਤ ਕੌਰ ਵੱਲੋਂ ਲਿਖੀ ਗਈ ਪੁਸਤਕ 'ਚੁਰਾਏ ਗਏ ਵਰ੍ਹੇ' ਪੜ੍ਹੀ ਹੈ। ਇਹ ਪੁਸਤਕ ਪੜ੍ਹ ਕੇ ਇੱਕ ਆਮ ਸਾਧਾਰਨ ਵਿਅਕਤੀ ਦੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। ਕਿਤਨੀਆਂ ਜ਼ਿਆਦਤੀਆਂ ਸਿੱਖਾਂ ਤੇ ਕੀਤੀਆਂ ਗਈਆਂ ਹਨ। ਦੁਖ ਦੀ ਗੱਲ ਹੈ ਕਿ ਸਿਖ ਹੁਣ ਵੀ ਇਕਮਤ ਹੋਣ ਨੂੰ ਤਿਆਰ ਨਹੀਂ ਆਪਣੀ ਹਓਮੈ ਦੇ ਸ਼ਿਕਾਰ ਹਨ।

ਹੁਣ ਸਿੱਖਾਂ ਲਈ ਗੰਭੀਰਤਾ ਨਾਲ ਸੋਚਣ ਦੀ ਘੜੀ ਹੈ ਕਿ ਕੌਣ ਉਨ੍ਹਾਂ ਦੇ ਸਹੀ ਮਾਅਨਿਆਂ ਵਿਚ ਹਮਦਰਦ ਅਤੇ ਦੁਸ਼ਮਣ ਹਨ, ਜਿਹੜੇ ਸਿੱਖੀ ਨੂੰ ਢਾਹ ਲਾਉਣ ਵਿਚ ਗੁੱਝੇ ਤੀਰ ਚਲਾ ਰਹੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਲਿਊ ਸਟਾਰ ਅਪ੍ਰੇਸ਼ਨ ਕਾਂਗਰਸ ਪਾਰਟੀ ਦੇ ਰਾਜ ਵਿਚ ਹੋਇਆ ਅਤੇ ਨਾ ਹੀ ਇਸ ਨੂੰ ਸਿਖ ਕਦੀ ਵੀ ਭੁੱਲਾ ਸਕਦੇ ਹਨ ਪ੍ਰੰਤੂ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਆਪਣੀ ਪੁਸਤਕ 'ਮਾਈ ਇੰਡੀਆ' ਵਿਚ ਬੜੇ ਫ਼ਖ਼ਰ ਨਾਲ ਲਿਖਦੇ ਹਨ ਕਿ ਇੰਦਰਾ ਗਾਂਧੀ ਬਲਿਊ ਸਟਾਰ ਅਪ੍ਰੇਸ਼ਨ ਕਰਨ ਲਈ ਤਿਆਰ ਹੀ ਨਹੀਂ ਸੀ, ਅਸੀਂ ਅਰਥਾਤ ਭਾਰਤੀ ਜਨਤਾ ਪਾਰਟੀ ਨੇ ਉਸ ਉਪਰ ਜ਼ੋਰ ਪਾ ਕੇ ਕਰਵਾਇਆ ਹੈ। ਅਟੱਲ ਬਿਹਾਰੀ ਵਾਜਪਾਈ ਇੰਦਰਾ ਗਾਂਧੀ ਨੂੰ ਦੁਰਗਾ ਦਾ ਦਰਜਾ ਦਿੰਦਾ ਰਿਹਾ ਹੈ। ਜਦੋਂ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪੁਰਬ ਦੇ ਮੌਕੇ 1969 ਵਿਚ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਾਉਣ ਦੀ ਗੱਲ ਕੀਤੀ ਗਈ ਤਾਂ ਭਾਰਤੀ ਜਨਤਾ ਪਾਰਟੀ ਜਿਹੜੀ ਉਦੋਂ ਜਨ ਸੰਘ ਹੁੰਦੀ ਸੀ, ਅਸਤੀਫ਼ੇ ਦੇ ਕੇ ਵਿਰੋਧ ਵਜੋਂ ਸਰਕਾਰ ਵਿਚੋਂ ਬਾਹਰ ਆ ਗਈ । ਅੱਜ ਫਿਰ ਅਸੀਂ ਉਨ੍ਹਾਂ ਨੂੰ ਬੁੱਕਲ ਵਿਚ ਲਈ ਬੈਠੇ ਹਾਂ। ਬੁੱਕਲ ਵਿਚ ਬੈਠਾ ਜਲਦੀ ਛੁਰੀ ਚਲਾਉਂਦਾ ਹੈ। ਸਿਰਫ਼ ਰਾਜ ਭਾਗ ਲਈ ਮੋਨ ਧਾਰਿਆ ਹੈ। ਰਾਜ ਭਾਗ ਤਾਂ ਆਉਂਦੇ ਜਾਂਦੇ ਰਹਿੰਦੇ ਹਨ ਪ੍ਰੰਤੂ ਜਿਹੜਾ ਇਤਿਹਾਸ ਲਿਖਿਆ ਗਿਆ ਉਹ ਨਹੀਂ ਬਦਲਦਾ। ਇਸੇ ਰਾਜ ਵਿਚ ਪੰਜਾਬ ਵਿਚ ਅੰਮ੍ਰਿਤਸਰ ਵਿਖੇ ਨਿਰੰਕਾਰੀ ਕਾਂਡ ਹੋਇਆ ਸੀ ਜਿਸ ਤੋਂ ਬਾਅਦ ਲਗਾਤਾਰ ਖ਼ੂਨ ਖ਼ਰਾਬਾ ਹੁੰਦਾ ਰਿਹਾ ਅਤੇ ਸਿੱਖਾਂ ਦੀਆਂ ਜ਼ਿੰਦਗੀਆਂ ਅਜਾਈਂ ਜਾਂਦੀਆਂ ਰਹੀਆਂ। ਇਹ ਸਾਰੀਆਂ ਇਤਿਹਾਸ ਦੀਆਂ ਗੱਲਾਂ ਹਨ। ਇਤਿਹਾਸ ਕਦੀ ਮੁਆਫ਼ ਨਹੀਂ ਕਰਦਾ ਹੁੰਦਾ। ਦਿੱਲੀ ਵਿਚ ਵੀ ਅਕਾਲੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦਾ ਸਮਰਥਨ ਕਰ ਰਿਹਾ ਹੈ। ਸਿੱਧੇ ਦੁਸ਼ਮਣੀ ਕਰਨ ਵਾਲਿਆਂ ਨਾਲੋਂ ਅੰਦਰ ਖਾਤੇ ਕੈਂਚੀ ਫੇਰਨ ਵਾਲੇ ਜ਼ਿਆਦਾ ਖ਼ਤਰਨਾਕ ਹੁੰਦੇ ਹਨ। ਹੁਣ ਫੈਸਲਾ ਸਿੱਖਾਂ ਦੇ ਹੱਥ ਵਿਚ ਹੈ ਕਿ ਤੁਸੀਂ ਆਪਣਾ ਇਤਿਹਾਸ ਕਿਹੋ ਜਿਹਾ ਸਿਰਜਣਾ ਹੈ।

ਦੁਨੀਆਂ ਵਿਚ ਸਾਰੀਆਂ ਕੌਮਾਂ ਵੰਡੀਆਂ ਪੈਣ ਕਰਕੇ ਧੋਖਾ ਖਾ ਰਹੀਆਂ ਹਨ। ਪੰਜਾਬ ਵਿਚ ਅਸੀਂ ਖੁਦ ਹੰਢਾਇਆ, ਜੰਮੂ ਕਸ਼ਮੀਰ ਦੇ ਲੋਕ ਭੁਗਤ ਰਹੇ ਹਨ, ਇਰਾਨ, ਇਰਾਕ ਦੀ ਉਦਾਹਰਨ ਤੁਹਾਡੇ ਸਾਮ੍ਹਣੇ ਹੈ। ਹਿੰਸਾ ਕਿਸੇ ਸਮੱਸਿਆ ਦਾ ਹੱਲ ਨਹੀਂ। ਗੁਪਤਚਰ ਏਜੰਸੀਆਂ ਆਪਣਾ ਕੰਮ ਕਢਾ ਕੇ ਬੰਦੇ ਨੂੰ ਖ਼ਤਮ ਕਰ ਦਿੰਦੀਆਂ ਹਨ। ਪੰਜਾਬੀਆਂ ਖ਼ਾਸ ਤੌਰ ਤੇ ਸਿੱਖਾਂ ਨੂੰ ਸਲਾਹ ਹੈ ਕਿ ਲਾਲਚ ਦਾ ਖ਼ਹਿੜਾ ਛੱਡੋ, ਗੁੰਮਰਾਹ ਨਾ ਹੋਵੋ, ਕੌਮ ਨੇ ਬੜੇ ਮਾੜੇ ਦਿਨ ਵੇਖੇ ਹਨ, ਅਹੁਦੇ, ਸਰਦਾਰੀਆਂ, ਸਿਆਸੀ ਤਾਕਤਾਂ ਅਤੇ ਰਾਜ ਭਾਗ ਵਕਤੀ ਹੁੰਦੇ ਹਨ, ਸਥਾਈ ਨਹੀਂ ਫਿਰ ਕਿਉਂ ਕੌਮ ਦਾ ਭਵਿਖ ਦਾਅ ਤੇ ਲਾ ਰਹੇ ਹੋ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਉਨ੍ਹਾਂ ਨੂੰ ਸਾਂਭਣ ਦੀ ਲੋੜ ਹੈ। ਲੰਘਿਆ ਵਕਤ ਮੁੜ ਕੇ ਹੱਥ ਨਹੀਂ ਆਉਣਾ। ਜੋਸ਼ ਨਾਲੋਂ ਹੋਸ਼ ਤੋਂ ਕੰਮ ਲਵੋ। ਪੰਜਾਬ ਦਾ ਭਵਿਖ ਤੁਹਾਡੇ ਗੋਚਰਾ ਹੈ। ਰੱਬ ਰਾਖਾ!

## ਪਹਿਲੇ ਸਫੇ ਦੀ ਬਾਕੀ

## ਅਮਰੀਕਾ ਸੈਨੇਟ ਨੇ ਨਾਗਰਿਕਾਂ ਦੀ ਜਾਸੂਸੀ ਬੰਦ ਕਰਵਾਈ

ਅਮਰੀਕੀ ਲੋਕਾਂ ਦਾ ਫੋਨ ਡਾਟਾ ਇਕੱਲਾ ਕਰਨ ਵਾਲੇ ਪ੍ਰੋਗਰਾਮ ਦੀ ਵਿਵਸਥਾ ਸੀ, ਜਿਸ ਦਾ ਅੰਤ ਹੋ ਗਿਆ ਹੈ। ਇਸ ਯੂ. ਐਸ. ਏ. ਫ੍ਰੀਡਮ ਨਾਮੀ ਕਾਨੂੰਨ ਤੇ ਵੋਟਿੰਗ ਹੋਈ ਅਤੇ ਇਹ ਬਿਲ 67 ਵੋਟਾਂ ਦੇ ਨਾਲ ਰੱਦ ਕਰ ਦਿੱਤਾ ਗਿਆ।

ਇਸ ਦੇ ਪੱਖ ਵਿਚ ਸਿਰਫ 37 ਵੋਟਾਂ ਹੀ ਪਈਆਂ। ਯੂ. ਐਸ ਏ. ਫ੍ਰੀਡਮ ਐਕਟ ਨਾਂ ਦੇ ਇਸ ਨਿਗਰਾਨੀ ਕਾਨੂੰਨ ਦੇ ਸੈਕਸ਼ਨ 215 ਤਹਿਤ ਸਾਰੇ ਅਮਰੀਕੀਆਂ ਦੀਆਂ ਫੋਨ ਕਾਲਾਂ ਇਕੱਠੀਆਂ ਕੀਤੀਆਂ ਜਾਂਦੀਆਂ ਸਨ, ਜਦਕਿ ਕਈ ਸੈਨੇਟਰ ਇਸ ਤੇ ਵਿਰੋਧ ਦਰਜ ਕਰ ਰਹੇ ਸਨ ਅਤੇ ਇਸ ਦੀ ਰਾਜਨੀਤਿਕ ਦੁਰਵਰਤੋਂ ਦੇ ਦੋਸ਼ ਵੀ ਲੱਗੇ ਸਨ।

## ਭਾਰਤ ਤੇ ਅਮਰੀਕਾ ਵਿਚਾਲੇ ਰੱਖਿਆ ਸਹਿਯੋਗ ਸਮਝੌਤੇ

ਦੇਸ਼ਾਂ ਨੇ ਮੋਬਾਈਲ , ਇਲੈਕਟ੍ਰਿਕ, ਹਾਈਬ੍ਰਿਡ ਪਾਵਰ ਸੋਰਸ ਤੇ ਅਗਲੀ ਪੀੜੀ ਦੇ ਰੱਖਿਆਤਮਕ ਉਪਕਰਨਾ ਦੇ ਸਾਂਝੇ ਵਿਕਾਸ ਨਾਲ ਜੁੜੇ ਸਮਾਝੌਤਿਆਂ ਨੂੰ ਵੀ ਅੰਤਮ ਰੂਪ ਦਿੱਤਾ ਗਿਆ ਹੈ।

ਦੋਵਾਂ ਧਿਰਾਂ ਨੇ ਹਵਾਈ ਜਹਾਜ਼ਾਂ ਦੇ ਇੰਜਣ ਤੇ ਹਵਾਈ ਜਹਾਜ਼ ਲੈਕੇ ਜਾਣ ਵਾਲੇ ਬੇੜੇ ਡਿਜ਼ਾਇਨ ਤੇ ਨਿਰਮਾਣ 'ਤੇ ਵੀ ਗੱਲਬਾਤ ਵਿੱਚ ਤੇਜ਼ੀ ਲਿਆਉਣ 'ਤੇ ਸਹਿਮਤੀ ਜਤਾਈ। ਦੋਵਾਂ ਮੰਤਰੀਆਂ ਨੇ ਮੇਕ ਇਨ ਇੰਡੀਆ ਵਿੱਚ ਅਮਰੀਕਾ ਦੀ ਭਾਈਵਾਲੀ ਲਈ ਪ੍ਰਾਜੈਕਟਾਂ 'ਤੇ ਗੱਲ ਅੱਗੇ ਤੋਰਨ ਉਪਰ ਸਹਿਮਤੀ ਪ੍ਰਗਟਾਈ। ਇਸ ਤੋਂ ਇਲਾਵਾ ਸਮੁੰਦਰੀ ਸੁਰੱਖਿਆ ਤੇ ਦੁਵੱਲੇ ਹਿੱਤਾਂ ਨਾਲ ਸਬੰਧਤ ਮੁਦਿੱਆਂ 'ਤੇ ਵੀ ਸਹਿਮਤੀ ਹੋਈ। ਸਮਝੌਤਿਆਂ 'ਤੇ ਦਸਤਖਤ ਮਗਰੋਂ ਸ਼੍ਰੀ ਪਰੀਕਰ ਨੇ ਕਿਹਾ ਕਿ ਰੱਖਿਆ ਖੇਤਰ ਵਿੱਚ ਸਮਝੌਤਿਆਂ ਨਾਲ ਦੋਵਾ ਧਿਰਾਂ ਵਿਚਾਲੇ ਤਾਲਮੇਲ ਵਧੇਗਾ।

## ਕੇਂਦਰ ਵੱਲੋਂ ਪੰਜਾਬ ਨਾਲ ਕੋਈ ਵਿਤਕਰਾ ਨਹੀ ਹੋ ਰਿਹਾ: ਬਾਦਲ

**ਨਡਾਲਾ–** ਪੰਜਾਬ ਦੇ ਮੁੱਖ ਮੰਤਰੀ ਸ੍ਰੀ ਪ੍ਰਕਾਸ਼ ਸਿੰਘ ਨੇ ਅੱਜ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾ ਰਿਹਾ ਜਦਕਿ ਦੇਸ਼ 'ਤੇ ਲੰਮਾ ਸਮਾਂ ਰਾਜ ਕਰਨ ਵਾਲੀ ਕਾਂਗਰਸ ਨੇ ਹਮੇਸ਼ਾਂ ਪੰਜਾਬ ਦੇ ਹਿੱਤਾਂ ਦਾ ਘਾਣ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 'ਅੱਛੇ ਦਿਨ ਆ ਗਏ' ਕਹਿਣ ਦੀ ਪ੍ਰੋੜ੍ਹਤਾ ਕਰਦਿਆਂ ਉਨ੍ਹਾਂ ਕਿਹਾ ਕਿ ਇਕ ਸਾਲ ਵਿਚ ਕੁੱਝ ਨਹੀਂ ਹੋ ਸਕਦਾ, ਸਮਾਂ ਆਉਣ 'ਤੇ ਅੱਛੇ ਦਿਨ ਜ਼ਰੂਰ ਆਉਣਗੇ।

ਪੰਜਾਬ ਨਾਲ ਵਿਤਕਰੇ ਦੀ ਗੱਲ ਨੂੰ ਮੂਲੋਂ ਨਕਾਰਦਿਆਂ ਉਨ੍ਹਾਂ ਕਿਹਾ ਕਿ ਹਾਲ ਵਿਚ ਹੀ ਕੇਂਦਰ ਵੱਲੋਂ ਪੰਜਾਬ ਲਈ ਏਮਜ਼,ਅੰਮ੍ਰਿਤਸਰ ਸ਼ਹਿਰ ਲਈ ਵਿਸ਼ੇਸ਼ ਪੈਕੇਜ, ਰਿਸਰਚ ਸੈਂਟਰ ਤੇ ਹੋਰ ਪ੍ਰੋਜੈਕਟ ਦਿੱਤੇ ਗਏ ਹਨ। ਫਸਲ ਖਰਾਬੀ ਲਈ ਮੁਆਵਜ਼ੇ ਦੀ ਰਕਮ 3500 ਰੁਪਏ ਵਧਾ ਕੇ 8000 ਰੁਪਏ ਪ੍ਰਤੀ ਏਕੜ ਕਰ ਦਿੱਤੀ ਗਈ ਹੈ। ਕਿਸਾਨਾਂ ਲਈ ਵਿਸੇਸ਼ ਬੀਮਾ ਯੋਜਨਾ ਜਲਦੀ ਲਿਆਂਦੀ ਜਾ ਰਹੀ ਹੈ। ਉਨ੍ਹਾਂ ਕੇਂਦਰ ਵੱਲੋਂ ਪੰਜਾਬ ਨਾਲ ਵਿਤਕਰਾ ਤੇ ਹਰਿਆਣੇ ਲਈ ਵਿਸ਼ੇਸ਼ ਦਰਜੇ ਵਾਲੀ ਵੀ ਕੋਈ ਗੱਲ ਨਹੀਂ ਹੈ। ਸ੍ਰੀ ਆਨੰਦਪੁਰ ਸਾਹਿਬ ਵਿਖੇ ਪ੍ਰਧਾਨ ਮੰਤਰੀ ਦੀ ਆਮਦ 'ਤੇ ਕੋਈ ਵਿਸ਼ੇਸ਼ ਪੈਕੇਜ ਦੀ ਆਸ ਨੂੰ ਨਕਾਰਦਿਆਂ ਉਨ੍ਹਾਂ ਕਿਹਾ ਕਿ ਘਰ ਆਏ ਮਹਿਮਾਨ ਕੋਲੋਂ ਕੁੱਝ ਨਹੀਂ ਮੰਗਿਆ ਜਾਂਦਾ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਦੂਜੇ ਰਾਜ ਵਾਂਗ ਮੰਗੇ ਗਏ



ਕਾਰਜਾਂ ਦੀ ਸੂਚੀ 'ਤੇ ਵਿਚਾਰ ਕਰਨ ਤੋਂ ਬਾਅਦ ਹੀ ਪੈਕੇਜ ਮਿਲਦੇ ਹਨ। ਪੰਜਾਬ ਦੇ ਵਿਕਾਸ ਦੀ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਆਉਂਦੇ ਡੇਢ ਸਾਲ ਵਿਚ ਪਿੰਡਾਂ ਤੇ ਸ਼ਹਿਰਾਂ ਦੇ ਵਿਕਾਸ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਸੀਵਰੇਜ, ਸੜਕਾਂ, ਸਿਖਿਆ, ਸਿਹਤ, ਪੀਣ ਵਾਲਾ ਪਾਣੀ, ਗੰਦੇ ਪਾਣੀ ਦੀ ਮੁਕੰਮਲ ਨਿਕਾਸੀ, ਲੜਕੀਆਂ ਲਈ ਸਿੱਖਿਆ 'ਤੇ ਜ਼ੋਰ, ਗਰੀਬ ਪਰ ਹੁਸ਼ਿਆਰ ਵਿਦਿਆਰਥੀਆਂ ਲਈ ਵੱਖਰੀ ਪੜ੍ਹਾਈ ਦਾ ਪ੍ਰਬੰਧ, ਬੇਰੁਜ਼ਗਾਰਾਂ ਲਈ ਤਕਨੀਕੀ ਸਿਖਿਆ ਕੇਂਦਰ ਖੋਲ੍ਹੇ ਜਾਣਗੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਤੀ ਦੇ ਨਾਲ ਨਾਲ ਸਹਾਇਕ ਧੰਦੇ ਵੀ ਅਪਨਾਉਣ, ਜਿਸ ਲਈ ਸਰਕਾਰ ਹਰ ਮੱਦਦ ਕਰੇਗੀ। ਹਲਕਾ ਭੁਲੱਥ ਦੇ ਵਿਕਾਸ ਸਬੰਧੀ ਉਨ੍ਹਾਂ ਕਿਹਾ ਕਿ ਹਲਕੇ ਦੇ ਵਿਕਾਸ ਸਬੰਧੀ ਹਰ ਯੋਜਨਾ 'ਤੇ ਅਮਲ ਕੀਤਾ ਜਾਵੇਗਾ। ਸੜਕਾਂ, ਸੀਵਰੇਜ, ਸਾਫ ਪਾਣੀ, ਗੰਦੇ ਪਾਣੀ ਦੀ ਨਿਕਾਸੀ ਲਈ ਕੰਮ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ 65ਵੀਂ ਬਰਸੀ 'ਤੇ ਤਿੰਨ ਦਿਨਾਂ ਧਾਰਮਿਕ ਜੋੜ ਮੇਲੇ ਦੀ ਸਮਾਪਤੀ ਮੌਕੇ ਸੰਤਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਸੰਗਤਾਂ ਨੂੰ ਉਨ੍ਹਾਂ ਦੀਆਂ ਸਿਖਿਆਵਾਂ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਮੁੱਖ ਸੇਵਾਦਾਰ ਬੀਬੀ ਜਗੀਰ ਕੌਰ ਨੇ ਮੁੱਖ ਮੰਤਰੀ ਨੂੰ 'ਜੀ ਆਇਆਂ' ਆਖਿਆ ਤੇ ਸੰਤਾਂ ਦੇ ਜੀਵਨ 'ਤੇ ਰੋਸ਼ਨੀ ਪਾਈ ਅਤੇ ਹਲਕੇ ਦੀਆਂ ਮੰਗਾਂ ਸਬੰਧੀ ਚਰਚਾ ਕੀਤੀ। ਇਸ ਮੌਕੇ ਚੇਅਰਮੈਨ ਸਰਬਜੀਤ ਸਿੰਘ ਮੱਕੜ, ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਵਾਹਦ, ਜਰਨੈਲ ਸਿੰਘ ਡੋਗਰਾਂਵਾਲਾ, ਪਰਮਜੀਤ ਸਿੰਘ ਰਾਏਪੁਰ, ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਯੁਵਰਾਜ ਭੁਪਿੰਦਰ ਸਿੰਘ ਤੇ ਹੋਰ ਹਾਜ਼ਰ ਸਨ।

ਮੋਹਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਸ੍ਰੀ ਗੁਰੂ ਰਵਿਦਾਸ ਸਭਾ ਕੈਲੀਫੋਰਨੀਆ ਦੀ ਗੁਰੂ ਘਰ ਦੀ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਹੈ ਕਿ **7 ਜੂਨ (ਦਿਨ ਐਤਵਾਰ)** ਨੂੰ ਗੁਰੂ ਘਰ ਵਿਖੇ ਭਾਰਤੀ ਸੰਵਿਧਾਨ ਦੇ ਰਚੇਤਾ, ਮਹਾਨ ਵਿਦਵਾਨ ਅਤੇ ਦਲਿਤ ਭਾਈਚਾਰੇ ਦੇ ਮਸੀਹਾ ਬਾਬਾ ਸਾਹਿਬ ਡਾ. ਭੀਮ ਰਾਓ ਰਾਮਜੀ ਅੰਬੇਦਕਰ ਜੀ ਦਾ ਜਨਮ ਦਿਹਾੜਾ ਪੂਰਨ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।





ਸ੍ਰੀ ਗੁਰੂ ਰਵਿਦਾਸ ਸਭਾ ਕੈਲੀਫੋਰਨੀਆ ਵੱਲੋਂ 28 ਜੂਨ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 30ਵਾਂ ਸਥਾਪਨਾ ਦਿਵਸ ਗੁਰੂ ਘਰ ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਆਰੰਭ ਸ੍ਰੀ ਅਖੰਡ ਪਾਠ ਸਾਹਿਬ 26 ਜੂਨ (ਸ਼ੁੱਕਰਵਾਰ) ਸਵੇਰੇ 9 ਵਜੇ
ਨਿਸ਼ਾਨ ਸਾਹਿਬ ਦੀ ਸੇਵਾ ਸ਼ਨਿਚਰਵਾਰ 27 ਜੂਨ ਨੂੰ ਸਵੇਰੇ 11.30 ਵਜੇ ਹੋਵੇਗੀ
ਭੋਗ ਸ੍ਰੀ ਅਖੰਡ ਪਾਠ ਸਾਹਿਬ 28 ਜੂਨ (ਐਤਵਾਰ) ਸਵੇਰੇ 9 ਵਜੇ
ਭੋਗ ਤੋਂ ਬਾਅਦ 1.30 ਵਜੇ ਤੱਕ ਕੀਰਤਨ ਦੀਵਾਨ ਸਮਾਗਮ ਹੋਵੇਗਾ

## ਗੁਰੂ ਘਰ ਵੱਲੋਂ ਸੁਖਮਨੀ ਸਾਹਿਬ ਦਾ ਪਾਠ

**14 ਜੂਨ, 2015**

## ਸੁਖਮਨੀ ਸਾਹਿਬ ਦਾ ਪਾਠ ਅਤੇ ਲੰਗਰ

**21 ਜੂਨ, 2015**

## ਭਾਈ ਰਛਪਾਲ ਰੱਤੂ ਵੱਲੋਂ ਸੁਖਮਨੀ ਸਾਹਿਬ ਪਾਠ ਅਤੇ ਲੰਗਰ ਦੀ ਸੇਵਾ

**5 ਜੁਲਾਈ 2015**

ਭਾਈ ਰਛਪਾਲ ਰੱਤੂ ਅਤੇ ਬੀਬੀ ਤੋਸ਼ਾ ਰਾਣੀ ਰੱਤੂ ਵੱਲੋਂ ਆਪਣੇ ਸਪੁੱਤਰ ਮਾਈਕਲ ਰੱਤੂ ਦੇ ਸਹਿਯੋਗ ਨਾਲ ਆਪਣੀ ਲੜਕੀ ਮਨੀਸ਼ਾ ਰੱਤੂ ਦੁਆਰਾ ਹਾਈ ਸਕੂਲ ਗ੍ਰੈਜੂਏਸ਼ਨ ਕਰਨ ਦੇ ਸ਼ੁਕਰਾਨੇ ਵਜੋਂ ਸੁਖਮਨੀ ਸਾਹਿਬ ਦਾ ਪਾਠ ਅਤੇ ਲੰਗਰ ਦੀ ਸੇਵਾ ਕਰਵਾਈ ਜਾ ਰਹੀ ਹੈ। ਪਰਿਵਾਰ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਦਿਨ ਗੁਰੂ ਘਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਬੱਚੀ ਨੂੰ ਆਸ਼ੀਰਵਾਦ ਦਿਓ।

## ਸੁਖਮਨੀ ਸਾਹਿਬ ਦਾ ਪਾਠ ਅਤੇ ਲੰਗਰ ਸੇਵਾ ਭਾਈ ਸੁਰਜੀਤ ਸਿੰਘ ਅਤੇ ਕਮਲਜੀਤ ਕੌਰ ਰੱਤੂ ਵੱਲੋਂ

**12 ਜੁਲਾਈ 2015**

ਭਾਈ ਸੁਰਜੀਤ ਸਿੰਘ ਰੱਤੂ ਅਤੇ ਬੀਬੀ ਕਮਲਜੀਤ ਕੌਰ ਰੱਤੂ ਦੁਆਰਾ ਉਹਨਾਂ ਦੀ ਸਪੁੱਤਰੀ ਹਰਪ੍ਰੀਤ ਕੌਰ (ਹਰਬੰਸ ਸਿੰਘ ਅਤੇ ਗਿਆਨ ਰੱਤੂ ਦੀ ਪੋਤੀ) ਦੇ 18ਵੇਂ ਜਨਮ ਦਿਨ ਦੇ ਸੰਦਰਭ ਵਿਚ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾ ਰਹੇ ਹਨ। ਸਮੂਹ ਪਰਿਵਾਰ ਵੱਲੋਂ ਬੇਨਤੀ ਹੈ ਕਿ ਇਸ ਮੌਕੇ ਪਹੁੰਚ ਕੇ ਬੱਚੀ ਹਰਪ੍ਰੀਤ ਕੌਰ ਨੂੰ ਆਸ਼ੀਰਵਾਦ ਦਿਓ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

**ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਕਤ ਦਿਹਾੜਿਆਂ ਮੌਕੇ ਗੁਰੂ ਘਰ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਕਥਾ-ਕੀਰਤਨ ਦਾ ਆਨੰਦ ਲੈਂਦਿਆਂ ਵਿਦਵਾਨਾਂ ਦੇ ਵਿਚਾਰ ਸੁਣੋ।**

ਇਸ ਮੌਕੇ ਪੰਥ ਪ੍ਰਸਿੱਧ ਰਾਗੀ, ਢਾਡੀ ਜਥੇ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਸਟਾਲ ਅਤੇ ਲੰਗਰ ਜਾਂ ਹੋਰ ਸੇਵਾ ਲਈ ਸੰਪਰਕ ਕਰੋ
ਦਿਲਬਾਗ ਸਿੰਘ (ਜਨਰਲ ਸਕੱਤਰ 209-834-4641
ਅਭਿਸ਼ੇਕ ਪਾਲ (ਸਹਾਇਕ ਸਕੱਤਰ) 925-695-4639

ਨੋਟ: ਗੁਰੂ ਘਰ ਦੀ ਨਵੀਂ ਕਮੇਟੀ ਦੀ ਚੋਣ 2015-2016 ਦੇ ਲਈ ਜੁਲਾਈ ਵਿਚ ਹੋਵੇਗੀ, ਇਸ ਕਰਕੇ ਆਪਣੀ ਮੈਂਬਰਸ਼ਿਪ ਰਿਨਿਊ ਕਰਵਾਉਣਾ ਨਾ ਭੁੱਲੋ

**Sewadars**

Chairman
Faqira Mehmi
(925)698.1341

President
Ramesh Suman
(925) 366.3618

General Secretary
Dilbag Singh
(209)834-4641

Treasurer
Narinder Chahal
(209)627.7974

# Continental



ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।




**Bhajji Gill (510-277-6315), Chain Gill 510-542-1181**

**42400 Boyce Rd., Unite F, Fremont, CA 94538**

**Truck, Trailer Repair & Tyre Servicse**

# Grant Line Insurance Agency, Inc.

## DBA Sky High Insurance Agency

**One stop shop for all your Insurance needs**

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

**3244 W. Grant Line Rd., Tracy, CA 95304**

Email: nfo@skyhighinsuranceagency.com
Website: www.skyhighinsuranceagency.com



ਮਨਦੀਪ ਬਿਆੜਾ
ਏਜੰਟ
209-666-0032



ਜਸਵੀਰ ਕੌਰ
ਬਰੋਕਰ
925-895-8140



ਗਗਨਦੀਪ ਸਿੰਘ
ਏਜੰਟ
925-724-7070



ਹਰਮਨ ਸਿੰਘ
ਏਜੰਟ
510-415-8154

# ਨਾਟਕ “ਉਮਰਾਂ ਲੰਘੀਆਂ ਪੱਬਾਂ ਭਾਰ” ਦੇ ਸਫ਼ਲ ਮੰਚਨ ਦੀਆਂ ਕੁਝ ਝਲਕੀਆਂ















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ “ਦੇਸ਼ ਦੁਆਬਾ”





ਨਾਟਕ ਉਮਰਾਂ ਲੰਘੀਆਂ ਪੱਬਾਂ ਭਾਰ ਦੀ ਟੀਮ


ਸ੍ਰੀ ਕੇ. ਵੈਂਕਟ ਰਮਨ (ਕੌਂਸਲ) ਇੰਡੀਅਨ ਕੇਅਰ ਐਸੋਸੀਏਸ਼ਨ ਫੇਅਰ ਫੀਲਡ (ਕੈਲੇਫੋਰਨੀਆ) ਦੇ ਮੈਂਬਰਾਂ ਦੇ ਨਾਲ। ਵਿਚਕਾਰ ਦਿਖਾਈ ਦੇ ਰਹੇ ਹਨ ਗਾਇਕ ਕਲਾਕਾਰ ਚੀਮਾ ਆਪਣੇ ਗਾਇਕੀ ਦੇ ਅੰਦਾਜ਼ 'ਚ

ਸਬੰਧਿਤ ਖਬਰ ਦੇਖੋ ਸਫਾ 9 'ਤੇ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਭਗਤ ਧੰਨਾ ਜੀ ਦਾ ਪ੍ਰਕਾਸ਼ ਦਿਹਾੜਾ 7 ਜੂਨ, ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸ਼੍ਰੀ ਅਖੰਡ ਪਾਠ ਸਾਹਿਬ 5 ਜੂਨ (ਦਿਨ ਸ਼ੁਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 7 ਜੂਨ ਨੂੰ ਕੀਰਤਨ ਦਰਬਾਰ ਆਯੋਜਿਤ ਕੀਤਾ ਜਾਵੇਗਾ। ਇਸ ਮੌਕੇ ਵੱਖ ਵੱਖ ਬੁਲਾਰੇ ਭਗਤ ਧੰਨਾ ਜੀ ਦੇ ਜੀਵਨ ਅਤੇ ਸਿੱਖਿਆਵਾਂ ਤੇ ਚਾਨਣਾ ਪਾਉਣਗੇ ਅਤੇ ਰਾਗੀ/ਢਾਡੀ ਕਥਾ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।


ਭਗਤ ਧੰਨਾ ਜੀ

## ਗੁਰੂ ਘਰ ਦੀ ਕਮੇਟੀ ਵੱਲੋਂ ਆਪ ਸਭ ਨੂੰ ਸਨਿਮਰ ਬੇਨਤੀ ਹੈ ਕਿ ਇਸ ਸ਼ੁਭ ਮੌਕੇ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

## ਵੱਲੋਂ: ਸਮੂਹ ਪ੍ਰਬੰਧਕ ਕਮੇਟੀ

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)
530-713-1823
ਦਲਵਿੰਦਰ ਰੱਲ੍ਹ (ਕੈਸ਼ੀਅਰ)
530-933-3938

ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ
ਗੁਰੂ ਘਰ ਦਾ ਫੋਨ ਨੰਬਰ
**530-674-2564**

ਪ੍ਰਸ਼ੋਤਮ ਸੂਦ (ਚੇਅਰਮੈਨ)
530-845-4508
ਰਾਮ ਸੇਵਕ ਭਾਟੀਆ
530-701-4370

## SHRI GURU RAVIDASS TEMPLE
## 1480 HAYNE AVENUE, YUBA CITY, CA 95993



## ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਰਵਿਦਾਸੀਆ ਕਮਿਊਨਿਟੀ ਕੈਲੇਫੋਰਨੀਆ (ਯੂ. ਐਸ. ਏ.)

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਸੰਤ ਰਾਮਾਨੰਦ ਜੀ ਦੀ ਛੇਵੀਂ ਬਰਸੀ 7 ਜੂਨ ਨੂੰ ਮਨਾਈ ਜਾਵੇਗੀ

ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਰਵਿਦਾਸੀਆ ਕਮਿਊਨਿਟੀ ਕੈਲੇਫੋਰਨੀਆ (ਯੂ. ਐਸ. ਏ.) ਵੱਲੋਂ ਸੰਤ ਰਾਮਾਨੰਦ (ਡੇਰਾ ਸੱਚਖੰਡ ਬੱਲਾਂ) ਜੀ ਦੀ ਛੇਵੀਂ ਬਰਸੀ 7 ਜੂਨ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਮਨਾਈ ਜਾਵੇਗੀ। ਇਸ ਸਬੰਧਤ 7 ਜੂਨ ਦਿਨ ਐਤਵਾਰ ਸਵੇਰੇ 10 ਵਜੇ ਸੁਖਮਨੀ ਸਾਹਿਬ ਦੇ ਪਾਠ ਆਰੰਭ ਹੋਣਗੇ ਅਤੇ 1 ਵਜੇ ਭੋਗ ਪਾਏ ਜਾਣਗੇ। ਇਸ ਦੌਰਾਨ ਵੱਖ-ਵੱਖ ਬੁਲਾਰੇ ਸੰਤਾਂ ਦੀ ਜੀਵਨੀ ਅਤੇ ਮਹਿਮਾ ਬਾਰੇ ਝਲਕ ਪਾਉਂਦੇ ਹੋਏ ਵਿਚਾਰ ਰੱਖਣਗੇ। ਯੂਨਾਈਟਿਡ ਅਵੇਅਰਨੈਸ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਆਪਣਾ ਕੀਮਤੀ ਸਮਾਂ ਕੱਢਦੇ ਹੋਏ ਹਾਜ਼ਰੀਆਂ ਲਗਵਾਓ।



## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

ਸ੍ਰੀ ਸੁਖਰਾਮ ਚੰਦੜ
916-494-4694

ਹੰਸ ਰਾਜ ਕਾਜਲਾ
916-479-0421

ਸ੍ਰੀ ਤਵਿੰਦਰ ਕਾਜ਼ਲਾ
916-300-5398

## ਸਤਿਗੁਰੂ ਕਬੀਰ ਦਾਸ ਜੀ ਦੇ ਪ੍ਰਕਾਸ਼ ਪੁਰਬ 'ਤੇ

# 'ਏਕ ਨੂਰ ਤੇ ਸਭੁ ਜਗੁ ਉਪਜਿਆ'



ਪ੍ਰੋ: ਐਚ.ਐਲ.ਕਪੂਰ
01- 916- 587-4002

**ਸਤਿਗੁਰੂ** ਕਬੀਰ ਦਾਸ ਜੀ ਇਕ ਅਜਿਹੀ ਮਹਾਨ ਸ਼ਖਸੀਅਤ ਸਨ ਜਿਨ੍ਹਾਂ ਨੇ ਕਦੀ ਵੀ ਕੋਈ ਗਿਆਨ ਸ਼ਾਸਤਰ ਜਾਂ ਗ੍ਰੰਥ ਨਹੀਂ ਪੜ੍ਹਿਆ ਸੀ ਪਰ ਫਿਰ ਵੀ ਉਹ ਮਹਾਨ ਵਿਦਵਾਨਾਂ ਤੇ ਮਹਾਂ-ਗਿਆਨੀਆਂ ਦੀ ਸ਼੍ਰੇਣੀ 'ਚ ਆਉਂਦੇ ਹਨ। 'ਕਬੀਰ' ਇਕ ਅਜਿਹਾ ਨਾਮ ਹੈ ਜਿਸ ਨੂੰ ਤੁਸੀਂ ਇਕ ਮਹਾਨ ਫਕੀਰ ਵੀ ਕਹਿ ਸਕਦੇ ਹੋ ਅਤੇ ਇਕ ਮਹਾਨ ਸਮਾਜ ਸੁਧਾਰਕ ਵੀ।

ਪਿਆਰੇ ਦੋਸਤੋ! ਕਬੀਰ ਭਲੇ ਹੀ ਇਕ ਛੋਟਾ ਨਾਮ ਲੱਗਦਾ ਹੋਵੇ ਪਰ ਭਾਰਤ ਵਰਸ਼ ਦੀ ਇਕ ਮਹਾਨ ਆਤਮਾ ਹੈ, ਜਿਸਨੇ ਰੂੜ੍ਹੀਵਾਦੀ ਵਿਚਾਰਾਂ ਤੇ ਕਰਮ ਕਾਂਡਾਂ ਤੋਂ ਮੁਕਤ ਭਾਰਤ ਦੀ ਰਚਨਾ ਕੀਤੀ। ਸਤਿਗੁਰੂ ਕਬੀਰ ਦਾਸ ਜੀ ਇਕ ਅਜਿਹੀ ਪਛਾਣ ਹਨ, ਜਿਨ੍ਹਾਂ ਨੇ ਜਾਤੀ ਵਰਗ ਦੀ ਦੀਵਾਰ ਤੋੜ ਕੇ ਇਕ ਸਮਾਜਿਕ-ਬਰਾਬਰੀ ਦੇ 'ਸੰਸਾਰਕ ਸਮਾਜ' ਦੀ ਸਿਰਜਣਾ ਕੀਤੀ।

ਮਾਨਵਵਾਦੀ ਵਿਵਹਾਰਿਕ ਧਰਮ ਨੂੰ ਸਿਰਜਣ ਵਾਲੇ ਤੇ ਇਸ ਦਾ ਪ੍ਰਚਾਰ ਕਰਨ ਵਾਲੇ ਸਤਿਗੁਰੂ ਕਬੀਰ ਦਾਸ ਜੀ ਦਾ ਇਸ ਦੁਨੀਆਂ 'ਚ ਪ੍ਰਵੇਸ਼ ਵੀ ਇਕ ਅਜੀਬੋ-ਗਰੀਬ ਪ੍ਰਸੰਗ ਨਾਲ ਹੋਇਆ। ਉਹਨਾਂ ਦੇ ਜਨਮ ਸਾਲ ਬਾਰੇ ਬੜੇ ਵਿਵਾਦਿਤ ਚਰਚੇ ਹਨ ਪਰ ਕੁਝ ਵਿਦਵਾਨਾਂ ਦੀ ਸੰਯੁਕਤ ਰਾਏ ਅਨੁਸਾਰ ਉਨ੍ਹਾਂ ਦਾ ਜਨਮ ਸੰਨ 1398 ਈਸਵੀ ਨੂੰ ਜੇਠ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ ਬਨਾਰਸ ਦੇ ਨਜ਼ਦੀਕ ਲਹਰਾਤਾ ਨਾਮਕ ਸਥਾਨ 'ਤੇ ਮੰਨਿਆ ਜਾਂਦਾ ਹੈ। ਉਸ ਦਿਨ ਨੀਮਾਂ, ਨੀਰੂ ਨਾਲ ਵਿਆਹ ਕਰਵਾ ਕੇ ਡੋਲ਼ੀ 'ਚ ਬਨਾਰਸ ਜਾ ਰਹੀ ਸੀ। ਬਨਾਰਸ ਦੇ ਕੋਲ ਇਕ ਸਰੋਵਰ ਦੇ ਨਜ਼ਦੀਕ ਉਹ ਕੁਝ ਦੇਰ ਆਰਾਮ ਕਰਨ ਲਈ ਰੁਕੇ।ਅਚਾਨਕ ਨੀਮਾਂ ਨੂੰ ਕਿਸੇ ਬੱਚੇ ਦੇ ਰੋਣ ਦੀ ਆਵਾਜ਼ ਸੁਣਾਈ ਦਿੱਤੀ ਤੇ ਉਹ, ਉਸ ਰੋਣ ਵਾਲੇ ਬੱਚੇ ਦੀ ਦਿਸ਼ਾ 'ਚ ਅੱਗੇ ਵਧੀ ਤੇ ਸਰੋਵਰ 'ਚ ਦੇਖਿਆ ਕਿ ਇਕ ਬੱਚਾ ਜੋ ਕੰਵਲ ਦੇ ਫੁੱਲਾਂ 'ਚ ਤੇ ਕੱਪੜੇ 'ਚ ਲਪੇਟਿਆ ਹੋਇਆ ਰੋ ਰਿਹਾ ਸੀ। ਨੀਮਾਂ ਨੇ ਜਿਉਂ ਹੀ ਬੱਚੇ ਨੂੰ ਉਠਾਇਆ ਤੇ ਆਪਣੀ ਗੋਦ 'ਚ ਲਿਆ ਤੇ ਉਹ ਬੱਚਾ ਚੁੱਪ ਕਰ ਗਿਆ। ਨੀਰੂ ਨੇ ਉਸ ਨੂੰ ਆਪਣੇ ਨਾਲ ਘਰ ਲਿਜਾਣ ਲਈ ਕਿਹਾ ਪਰ ਨੀਮਾਂ ਦੇ ਮਨ 'ਚੋਂ ਇਹ ਪ੍ਰਸ਼ਨ ਉਠਿਆ ਕਿ ਘਰ ਵਾਲਿਆਂ ਨੂੰ ਇਸ ਬੱਚੇ ਬਾਰੇ ਕੀ ਉੱਤਰ ਦਿਆਂਗੇ। ਇਸ ਬੱਚੇ ਨੂੰ ਆਪਣੀ ਗੋਦ 'ਚ ਲੈ ਲੈਣ ਨਾਲ ਉਸ ਅੰਦਰ ਮਾਂ ਮਮਤਾ ਦੀ ਭਾਵਨਾ ਜਾਗ ਪਈ ਤੇ ਆਪਣੇ ਇਸ ਕਰਤੱਵ ਨੂੰ ਪੂਰਾ ਕਰਦਿਆਂ ਬੱਚੇ ਤੇ ਜੋ ਸੰਕਟ ਛਾਇਆ ਹੋਇਆ ਸੀ ਉਹ ਟਲ ਗਿਆ। ਬੱਚਾ ਬੱਕਰੀ ਦਾ ਦੁੱਧ ਪੀ ਕੇ ਵੱਡਾ ਹੋਇਆ। ਛੇ ਮਹੀਨੇ ਬੀਤਣ ਤੋਂ ਬਾਅਦ ਬੱਚੇ ਦਾ 'ਨਾਮ ਕਰਨ ਸੰਸਕਾਰ' ਹੋਇਆ। ਨੀਰੂ ਨੇ ਬੱਚੇ ਦਾ ਨਾਮ 'ਕਬੀਰ' ਰੱਖਿਆ ਪਰ ਕਈ ਲੋਕਾਂ ਨੇ ਇਸ ਨਾਮ ਦਾ ਵਿਰੋਧ ਕੀਤਾ ਕਿਉਂਕਿ ਕਬੀਰ ਦਾ ਅਰਥ ਹੁੰਦਾ ਹੈ ਮਹਾਨ, ਤੇ ਇਕ ਜੁਲਾਹੇ ਦਾ ਬੱਚਾ ਮਹਾਨ ਕਿਸ ਤਰ੍ਹਾਂ ਹੋ ਸਕਦਾ ਹੈ? ਨੀਰੂ 'ਤੇ ਇਸ ਵਿਰੋਧ ਦਾ ਕੋਈ ਅਸਰ ਨਾ ਹੋਇਆ ਤੇ ਬੱਚੇ ਦਾ ਨਾਮ ਕਬੀਰ ਹੀ ਰਹਿਣ ਦਿੱਤਾ ਗਿਆ। ਇਹ ਕਹਿਣ'ਚ ਕੋਈ ਅਤਕਥਨੀ ਨਹੀਂ ਹੋਵੇਗੀ ਕਿ ਅਣਜਾਣੇ 'ਚ ਹੀ ਬੱਚੇ ਦਾ ਰੱਖਿਆ ਇਹ ਨਾਮ ਵੱਡੇ ਹੋ ਕੇ ਸਾਰਥਕ ਸਾਬਤ ਹੋਇਆ। ਬੱਚੇ ਦੀਆਂ ਕਿਲਕਾਰੀਆਂ ਨੀਰੂ ਤੇ ਨੀਮਾਂ ਦੇ ਮਨ ਨੂੰ ਛੋਹ ਲੈਂਦੀਆਂ ਤੇ ਉਨ੍ਹਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹਿੰਦੀ। ਕਈ ਸਮਾਜਿਕ ਔਕੜਾਂ ਦੇ ਬਾਵਜੂਦ ਵੀ ਨੀਰੂ ਤੇ ਨੀਮਾਂ ਦਾ ਜੀਵਨ ਬੜੀਆਂ ਖੁਸ਼ੀਆਂ 'ਚ ਲੰਘ ਰਿਹਾ ਸੀ।

ਕਬੀਰ ਜੀ ਨੂੰ ਬਚਪਨ ਤੋਂ ਹੀ ਸਾਧੂ-ਸੰਤਾਂ ਦੀ ਸੰਗਤ ਬਹੁਤ ਪਸੰਦ ਸੀ। ਕੱਪੜਾ ਬੁਣਨ ਦਾ ਖਾਨਦਾਨੀ ਕੰਮ ਉਹ ਸਾਰੀ ਉਮਰ ਕਰਦੇ ਰਹੇ। ਉਹ ਮਨੁੱਖ ਦੇ ਬਾਹਰੀ ਅਡੰਬਰਾਂ ਦਾ ਪੁਰਜ਼ੋਰ ਵਿਰੋਧ ਕਰਦੇ ਸਨ ਤੇ ਪ੍ਰਮਾਤਮਾ ਦੀ ਨਿਰਾਕਾਰ ਉਪਾਸਨਾ ਤੇ ਜ਼ੋਰ ਦਿੰਦੇ ਸਨ। ਬਚਪਨ ਤੋਂ ਹੀ ਉਨ੍ਹਾਂ ਦੇ ਚਮਤਕਾਰੀ ਵਿਅਕਤਿਤਵ ਦੀ ਪ੍ਰਸਿੱਧੀ ਹਰ ਥਾਂ ਫੈਲਣ ਲੱਗ ਪਈ ਸੀ। ਕਹਿੰਦੇ ਹਨ ਕਿ ਜਦੋਂ ਉਹ ਅਜੇ ਬਚਪਨ ਵਿਚ ਹੀ ਸਨ ਉਸ ਸਮੇਂ ਕਾਂਸ਼ੀ 'ਚ ਇਕ ਵਾਰ ਜਲਨ ਰੋਗ ਫੈਲ ਗਿਆ ਤੇ ਉਨ੍ਹਾਂ ਨੇ ਰਸਤੇ ਵਿਚ ਤੁਰੀ ਜਾਂਦੀ, ਇਸ ਰੋਗ ਤੋਂ ਪੀੜਤ ਇਕ ਬੁੱਢੀ ਔਰਤ ਤੇ ਰਸਤੇ ਦੀ ਧੂੜ ਛਿੜਕ ਕੇ ਉਸ ਦਾ ਇਹ ਰੋਗ ਖਤਮ ਕਰ ਦਿੱਤਾ।

ਸਤਿਗੁਰੂ ਕਬੀਰ ਦਾਸ ਜੀ ਦਾ ਬਚਪਨ ਬੜੀਆਂ ਜਟਿਲਤਾਵਾਂ ਤੇ ਰੂੜ੍ਹੀਵਾਦੀ ਪ੍ਰਸਥਿਤੀਆਂ ਵਿਚੋਂ ਜੂਝਦੇ ਹੋਏ ਗੁਜ਼ਰ ਰਿਹਾ ਸੀ। ਉਸ ਸਮੇਂ ਇਹ ਸੋਚ ਆਮ ਸੀ ਕਿ ਅਗਰ ਆਦਮੀ ਅਮੀਰ ਹੈ ਤਾਂ ਸਭ ਕੁਝ ਅੱਛਾ ਹੈ। ਅਗਰ ਇਨਸਾਨ ਦਾ ਰਸੂਖ ਵਧੀਆ ਹੈ ਤਾਂ ਵੀ ਵਧੀਆ ਹੈ। ਕੋਈ ਗਰੀਬ ਹੈ ਤਾਂ ਉਸ ਨੂੰ ਇਨਸਾਨ ਹੀ ਨਾ ਮੰਨਿਆ ਜਾਵੇ। ਆਦਮੀ-ਆਦਮੀ ਵਿਚ ਫਰਕ ਸਾਫ ਨਜ਼ਰ ਆਉਂਦਾ ਸੀ। ਕਾਨੂੰਨ ਤੇ ਧਰਮ ਦੀ ਆੜ ਵਿਚ ਰਸੂਖ਼ ਦੁਆਰਾ ਗਰੀਬਾਂ ਅਤੇ ਨਿਮਨ ਜਾਤੀ ਦੇ ਲੋਕਾਂ ਨਾਲ ਸ਼ੋਸ਼ਣ ਹੁੰਦਾ ਸੀ। ਕਬੀਰ ਜੀ ਖੁਦ ਸਮਾਜਿਕ ਕੁਰੀਤੀਆਂ ਦੇ ਵਿਰੁੱਧ ਸਨ ਤੇ ਇਨ੍ਹਾਂ ਨੂੰ ਕਿਸ ਤਰ੍ਹਾਂ ਦੂਰ ਕੀਤਾ ਜਾਵੇ ਇਸੇ ਹੀ ਸੋਚ ਵਿਚ ਚਿੰਤਤ ਰਹਿੰਦੇ ਸਨ।

ਇਕ ਦਿਨ ਕਿਸੇ ਵਿਅਕਤੀ ਨੇ ਦੱਸਿਆ ਕਿ ਸਤਿਗੁਰੂ ਰਾਮਾ ਨੰਦ ਜੀ ਨੇ ਸਮਾਜਿਕ ਕੁਰੀਤੀਆਂ ਦੇ ਖਿਲਾਫ ਜੰਗ ਛੇੜ ਰੱਖੀ ਹੈ। ਕਬੀਰ ਜੀ ਉਨ੍ਹਾਂ ਨੂੰ ਮਿਲਣ ਲਈ ਘਰੋਂ ਚਲੇ ਗਏ ਪ੍ਰੰਤੂ ਉਨ੍ਹਾਂ ਦੇ ਆਸ਼ਰਮ ਪਹੁੰਚ ਕੇ ਪਤਾ ਲੱਗਾ ਕਿ ਉਹ ਮੁਸਲਮਾਨਾਂ ਨੂੰ ਨਹੀਂ ਮਿਲਦੇ ਪਰ ਕਬੀਰ ਜੀ ਨੇ ਹਾਰ ਨਹੀਂ ਮੰਨੀ ਤੇ 'ਪੰਚਗੰਗਾ' ਘਾਟ ਤੇ ਰਾਤ ਦੇ ਆਖਰੀ ਪਹਿਰ ਦੇ ਸਮੇਂ ਪਹੁੰਚ ਗਏ ਤੇ ਘਾਟ ਦੀਆਂ ਪੌੜੀਆਂ ਤੇ ਲੇਟ ਗਏ। ਉਨ੍ਹਾਂ ਨੂੰ ਪਤਾ ਸੀ ਕਿ ਸਤਿਗੁਰੂ ਰਾਮਾਨੰਦ ਜੀ ਸਵੇਰ ਵੇਲੇ ਸਿਰ ਗੰਗਾ ਘਾਟ ਤੇ ਇਸ਼ਨਾਨ ਕਰਨ ਆਉਂਦੇ ਹਨ। ਸਵੇਰੇ ਜਦੋਂ ਸਤਿਗੁਰੂ ਰਾਮਾਨੰਦ ਜੀ ਜਿਉਂ ਹੀ ਇਸ਼ਨਾਨ ਕਰਨ ਲਈ ਘਾਟ ਦੀਆਂ ਪੌੜੀਆਂ ਉਤਰ ਰਹੇ ਸਨ ਤਾਂ ਉਹਨਾਂ ਦਾ ਪੈਰ ਕਬੀਰ ਜੀ ਨਾਲ ਟਕਰਾਅ ਗਿਆ ਤੇ ਸਤਿਗੁਰੂ ਰਾਮਾਨੰਦ ਜੀ ਨੇ 'ਰਾਮ-ਰਾਮ' ਕਹਿ ਕੇ ਆਪਣਾ ਪੈਰ ਪਿੱਛੇ ਖਿੱਚ ਲਿਆ ਤੇ ਉਸੇ ਵੇਲੇ ਖੜ੍ਹੇ ਹੋ ਕੇ ਕਬੀਰ ਜੀ ਨੇ ਉਨ੍ਹਾਂ ਨੂੰ ਪਰਨਾਮ ਕੀਤੀ। ਰਾਮਾਨੰਦ ਜੀ ਨੇ ਪੁੱਛਿਆ ਕਿ ਤੁਸੀਂ ਕੌਣ ਹੋ? ਤਾਂ ਕਬੀਰ ਜੀ ਨੇ ਉੱਤਰ ਦਿੱਤਾ ਕਿ ਮੈਂ ਆਪ ਜੀ ਦਾ ਸ਼ਿਸ਼ ਹਾਂ। ਰਾਮਾਨੰਦ ਜੀ ਨੇ ਫਿਰ ਪ੍ਰਸ਼ਨ ਕੀਤਾ ਮੈਂ ਤੁਹਾਨੂੰ ਆਪਣਾ ਸ਼ਿਸ਼ ਕਦੋਂ ਬਣਾਇਆ ਸੀ? ਕਬੀਰ ਜੀ ਨੇ ਬੜੀ ਨਿਮਰਤਾ ਨਾਲ ਉੱਤਰ ਦਿੱਤਾ ਹੁਣੇ-ਹੁਣੇ ਹੀ ਜਦੋਂ ਤੁਸੀਂ 'ਰਾਮ-ਰਾਮ' ਕਿਹਾ ਮੈਂ ਉਸੇ ਵੇਲੇ ਹੀ ਇਸ ਨੂੰ ਆਪਣਾ 'ਗੁਰੂ ਮੰਤਰ' ਬਣਾ ਲਿਆ। ਸਤਿਗੁਰੂ ਰਾਮਾ ਨੰਦ ਜੀ ਕਬੀਰ ਜੀ ਦੇ ਇਸ ਉੱਤਰ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਆਪਣਾ ਸ਼ਿਸ਼ ਬਣਾ ਲਿਆ। ਕਬੀਰ ਜੀ ਨੂੰ ਸਤਿਗੁਰੂ ਰਾਮਾ ਨੰਦ ਜੀ ਨੇ ਸਾਰੇ ਸੰਸਕਾਰਾਂ ਦਾ ਗਿਆਨ ਕਰਵਾਇਆ ਤੇ ਗਿਆਨ ਦੀ ਗੰਗਾ ਵਿਚ ਡੁਬਕੀ ਲੁਆ ਦਿੱਤੀ।

ਕਬੀਰ ਜੀ ਤੇ ਸਤਿਗੁਰੂ ਰਾਮ ਨੰਦ ਜੀ ਦਾ ਰੰਗ ਇਸ ਤਰ੍ਹਾਂ ਚੜ੍ਹਿਆ ਕਿ ਉਨ੍ਹਾਂ ਨੇ ਆਪਣੇ ਗੁਰੂ ਜੀ ਦੇ ਸਨਮਾਨ ਵਿਚ ਇਸ ਤਰ੍ਹਾਂ ਕਿਹਾ:


**ਸਭ ਧਰਤੀ ਕਾਗਜ਼ ਕਰੂੰ, ਲੇਖਨੀ ਸਭ ਬਨਰਾਜ।**
**ਸਾਤ ਸਮੁੰਦਰ ਕੀ ਮਸਿ ਕਰੂੰ, ਗੁਰੂ ਗੁਣ ਲਿਖਾ ਨਾ ਜਾਏ।**
**ਯਹ ਤਨ ਵਿਸ਼ ਕੀ ਬੇਲਰੀ, ਗੁਰੂ ਅੰਮ੍ਰਿਤ ਕੀ ਖਾਨ।**
**ਸ਼ੀਸ਼ ਦੀਓ ਜੋ ਗੁਰੂ ਮਿਲੇ, ਤੋ ਵੀ ਸਸਤਾ ਜਾਨ।**

ਇਹ ਕਹਿਣਾ ਕੋਈ ਅਤਕਥਨੀ ਨਹੀਂ ਹੈ ਕਿ ਜੀਵਨ ਵਿਚ ਗੁਰੂ ਦੇ ਮਹੱਤਵ ਦਾ ਵਰਣਨ ਸਤਿਗੁਰੂ ਕਬੀਰ ਦਾਸ ਜੀ ਨੇ ਆਪਣੇ ਦੋਹੇ ਵਿਚ ਬੜੀ ਸ਼ਰਧਾ ਤੇ ਆਤਮ ਵਿਸ਼ਵਾਸ ਨਾਲ ਕੀਤਾ ਹੈ। ਸਤਿਗੁਰੂ ਕਬੀਰ ਦਾਸ ਜੀ ਮੁਸਲਮਾਨ ਹੁੰਦੇ ਹੋਏ ਭੀ ਕਦੀ ਮਾਸ ਨੂੰ ਹੱਥ ਨਹੀਂ ਲਾਇਆ। ਸਤਿਗੁਰੂ ਕਬੀਰ ਦਾਸ ਜੀ ਜਾਤ-ਪਾਤ ਤੇ ਊਚ-ਨੀਚ ਦੇ ਬੰਧਨਾਂ ਤੋਂ ਪਰ੍ਹੇ ਇਕ ਫੱਕੜ, ਆਲਮਸਤ ਤੇ ਕ੍ਰਾਂਤੀਕਾਰੀ ਵਿਚਾਰਾਂ ਦੇ ਸਨ। ਉਨ੍ਹਾਂ ਨੇ ਇਕ ਰਮਤਾ ਜੋਗੀ ਤੇ ਚਲਦੇ ਪਾਣੀ ਦੀ ਕਲਪਨਾ ਨੂੰ ਸਾਕਾਰ ਕੀਤਾ। ਸਤਿਗੁਰੂ ਕਬੀਰ ਦਾਸ ਜੀ ਦਾ ਵਿਅਕਤਿਤਵ ਇਕ ਕਰਮਯੋਗੀ ਵਾਲਾ ਹੈ। ਉਹ ਹਰ ਤਰ੍ਹਾਂ ਦੀਆਂ ਕੁਰੀਤੀਆਂ ਦਾ ਵਿਰੋਧ ਕਰਦੇ ਹਨ। ਉਹ ਸਾਧੂ-ਸੰਤਾਂ ਤੇ ਸੂਫੀ ਫਕੀਰਾਂ ਦੀ ਸੰਗਤ ਤਾਂ ਕਰਦੇ ਸਨ ਪਰ ਧਰਮ ਦੇ ਅਖੌਤੀ ਠੇਕੇਦਾਰਾਂ ਤੋਂ ਦੂਰ ਰਹਿੰਦੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ:

**ਹਿੰਦੂ ਬਰਤ ਇਕਾਦਸ਼ੀ ਸਾਧੇ ਦੂਧ ਸੰਘਾੜਾ ਸੇਤੀ।**
**ਅੰਨ ਕੋ ਤਿਆਗੇ, ਮਨ ਕੋ ਨਾ ਹਟਕੇ, ਪਾਰਣ ਕਰੇ ਸਗੌਤੀ।**
**ਦਿਨ ਕੋ ਰੋਜ਼ਾ ਰਹਿਤ ਹੈ, ਰਾਤ ਹਨਤ ਹੈ ਗਏ।**
**ਜਹਾ ਖ਼ੂੰਨ ਵੈ ਬੰਦਗੀ, ਕਿਉ ਕਰ ਖੁਸ਼ੀ ਖੁਦਾਏ।**

ਜੀਵਾਂ ਦੀ ਹਿੰਸਾ ਨਾ ਕਰਨ ਅਤੇ ਮਾਸਾਹਾਰੀ ਦੇ ਪਿੱਛੇ ਕਬੀਰ ਸਾਹਿਬ ਦਾ ਤਰਕ ਬਹੁਤ ਵਧੀਆ ਹੈ। ਉਹ ਮੰਨਦੇ ਹਨ ਕਿ ਦਇਆ, ਹਿੰਸਾ ਤੇ ਪ੍ਰੇਮ ਦਾ ਮਾਰਗ ਇਕ ਹੈ। ਅਗਰ ਅਸੀਂ ਆਪਣੀ ਕੋਈ ਵੀ ਤ੍ਰਿਸ਼ਨਾ ਤੇ ਲਾਲਸਾ ਪੂਰੀ ਕਰਨ ਲਈ ਹਿੰਸਾ ਕਰਦੇ ਹਾਂ ਤਾਂ ਨਫ਼ਰਤ ਤੇ ਹਿੰਸਾ ਦਾ ਹੀ ਜਨਮ ਹੁੰਦਾ ਹੈ। ਬੇਜ਼ਬਾਨ ਜਾਨਵਰਾਂ ਲਈ ਜਾਂ ਮਾਨਵ ਦਾ ਸ਼ੋਸ਼ਣ ਕਰਨ ਵਾਲੇ ਵਿਅਕਤੀ ਸਤਿਗੁਰੂ ਕਬੀਰ ਦਾਸ ਜੀ ਲਈ ਸਦਾ ਨਿੰਦਕ ਰਹੇ ਹਨ।

ਸਤਿਗੁਰੂ ਕਬੀਰ ਜੀ ਸੰਸਾਰਿਕ ਜ਼ਿੰਮੇਵਾਰੀਆਂ ਤੋਂ ਕਦੇ ਦੂਰ ਨਹੀਂ ਗਏ। ਉਨ੍ਹਾਂ ਦੀ ਪਤਨੀ ਦਾ ਨਾਮ ਲੋਈ ਸੀ ਤੇ ਪੁੱਤਰ ਕਮਾਲ ਤੇ ਪੁੱਤਰੀ ਕਮਾਲੀ ਸੀ। ਉਨ੍ਹਾਂ ਨੇ ਆਪਣੇ ਪਰਿਵਾਰਕ ਰਿਸ਼ਤਿਆਂ ਨੂੰ ਵੀ ਭਲੀ-ਭਾਂਤ ਨਿਭਾਇਆ। ਆਪਣਾ ਤੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਨ ਲਈ ਆਪਣਾ ਜੱਦੀ-ਪੁਸ਼ਤੀ ਜੁਲਾਹੇ ਦਾ ਕੰਮ ਬੜੀ ਤਨਦੇਹੀ ਨਾਲ ਕੀਤਾ।



ਸਤਿਗੁਰੂ ਕਬੀਰ ਦਾਸ ਜੀ ਇਕ ਮਹਾਨ ਸੰਤ ਕਵੀ ਸਨ। ਉਨ੍ਹਾਂ ਦੀ ਭਾਸ਼ਾ ਸੰਦੂਕੜੀ ਕਹਾਉਂਦੀ ਹੈ। ਕਬੀਰ ਸਾਹਿਬ ਦੀ ਬਾਣੀ ਬਹੁਰੰਗੀ ਹੈ। ਉਨ੍ਹਾਂ ਨੇ ਕਿਸੇ ਗ੍ਰੰਥ ਦੀ ਰਚਨਾ ਨਹੀਂ ਕੀਤੀ। ਆਪਣੇ ਆਪ ਨੂੰ ਇਕ ਕਵੀ ਦੇ ਤੌਰ ਤੇ ਸਥਾਪਤ ਕਰਨਾ ਉਹਨਾਂ ਦਾ ਉਦੇਸ਼ ਨਹੀਂ ਸੀ। ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਸ਼ਗਿਰਦਾਂ ਨੇ ਉਹਨਾਂ ਦੀ ਕਵਿਤਾ (ਰਚਨਾਵਾਂ) ਦਾ ਸੰਗ੍ਰਹਿ ਕੀਤਾ ਤੇ ਉਸ ਦਾ ਨਾਮ 'ਬੀਜਕ' ਰੱਖਿਆ। ਇਸ ਗ੍ਰੰਥ ਦੇ ਤਿੰਨ ਭਾਗ ਹਨ 'ਸਾਖੀ', 'ਸ਼ਬਦ' ਅਤੇ 'ਰਮੈਣੀ'। ਸਤਿਗੁਰੂ ਕਬੀਰ ਸਾਹਿਬ ਦੇ ਉਪਦੇਸ਼ਾਂ ਵਿਚ ਦਾਰਸ਼ਨਿਕਤਾ ਦਿਖਾਈ ਦਿੰਦੀ ਹੈ। ਗੁਰੂ-ਮਹਿਮਾ, ਪ੍ਰਮਾਤਮਾ ਦੀ ਮਹਿਮਾ, ਸੱਤਸੰਗ ਮਹਿਮਾ ਅਤੇ ਮਾਇਆ ਦਾ ਫੇਰ ਆਦਿਕ ਦਾ ਬੜਾ ਸੁੰਦਰ ਵਰਣਨ ਮਿਲਦਾ ਹੈ। ਉਨ੍ਹਾਂ ਦੀ ਬਾਣੀ ਵਿਚ ਵਿਚਾਰਾਂ ਦੀ ਬੜੀ ਸਰਲਤਾ ਤੇ ਸਪਸ਼ਟਤਾ ਹੈ। ਇਸ ਵਿਚ ਪੰਜਾਬੀ ਤੇ ਹਿੰਦੀ ਦਾ ਰਲਾਅ ਹੈ ਤੇ ਇਸ ਵਿਚ ਬੜੇ ਠੇਠ ਤੇ ਲੱਛੇਦਾਰ ਮੁਹਾਵਰੇ ਤੇ ਅਲੰਕਾਰਾਂ ਦਾ ਪ੍ਰਯੋਗ ਕੀਤਾ ਹੈ। ਉਨ੍ਹਾਂ ਦੀ ਭਾਸ਼ਾ ਤੇ ਬੜੀ ਪਕੜ ਸੀ ਤੇ ਉਸ ਵਿਚ ਸਭ ਤਰ੍ਹਾਂ ਦੇ ਜਰੂਰੀ ਸੂਤਰ ਹੋਣ ਕਰਕੇ ਮਹਾਨ ਵਿਦਵਾਨ ਸ੍ਰੀ ਹਜ਼ਾਰੀ ਪ੍ਰਸ਼ਾਦ ਦਵੇਦੀ ਜੀ ਕਬੀਰ ਸਾਹਿਬ ਨੂੰ 'ਭਾਸ਼ਾ ਦਾ ਡਿਕਟੇਟਰ' ਕਹਿੰਦੇ ਹਨ। ਸਤਿਗੁਰੂ ਕਬੀਰ ਸਾਹਿਬ ਦਾ ਮੂਲ-ਮੰਤਰ ਸੀ:

**"ਮੈਂ ਕਹਤਾ ਆਖਨ ਦੇਖੀ, ਤੂੰ ਕਹਤਾ ਕਾਗਦ ਕੀ ਲੇਖਿਨ।''**

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸਤਿਗੁਰੂ ਕਬੀਰ ਦਾਸ ਜੀ ਦੀ ਬਾਣੀ ਬਾਕੀ ਸਭ ਭਗਤਾਂ ਨਾਲੋਂ ਵਧੀਕ ਦਰਜ ਹੈ। ਉਨ੍ਹਾਂ ਦੀ ਬਾਣੀ 17 ਰਾਗਾਂ ਵਿਚ ਹੈ। ਉਨ੍ਹਾਂ ਰਾਗਾਂ ਦੇ ਨਾਮ ਇਹ ਹਨ:- ਸਿਰੀ ਰਾਗ, ਗਉੜੀ, ਆਸਾ, ਗੁਜਰੀ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮ ਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ, ਸਾਰੰਗ ਤੇ ਪ੍ਰਭਾਤੀ ਹਨ। ਸਵਾ ਦੋ ਸੌ ਪਦਾ, ਅੰਦਾਜ਼ਨ ਢਾਈ ਸੌ ਸਲੋਕ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹਨ। ਉਨ੍ਹਾਂ ਦੀ ਇਸ ਬਾਣੀ ਨੂੰ ਸਭ ਤੋਂ ਪ੍ਰਾਚੀਨ ਤੇ ਵਾਸਤਵਿਕ ਰਚਨਾ ਪ੍ਰਮਾਣਿਕ ਮੰਨਿਆ ਜਾਂਦਾ ਹੈ। ਇਸ ਵਿਚ ਸਾਧਨਾ, ਭਗਤੀ ਦੇ ਅੰਗ, ਸਿਮਰਨ, ਸੇਵਾ, ਨਿਰਮਾਣਤਾ, ਬਿਰਹਾ, ਸਰਣਾਮਤੀ, ਮਨ ਦੀਆਂ ਬਦਲਦੀਆਂ ਅਵਸਥਾਵਾਂ, ਹਠ-ਯੋਗ ਕਰਮ, ਫਿਰ ਪਰਮ ਅਨੰਦ ਦੀ ਪ੍ਰਾਪਤੀ ਦੇ ਰਹੱਸ ਬਾਣੀ ਵਿਚ ਕਈ ਰੰਗਾਂ ਵਿਚ ਆਏ ਹਨ। ਇਸ ਵਿਚ ਉਨ੍ਹਾਂ ਨੇ ਆਪਣੇ ਵਰਗ ਦੇ ਧੰਦੇ ਤੇ ਨਿੱਜੀ ਪਰਿਵਾਰਕ ਜ਼ਿੰਦਗੀ ਦੀ ਜਾਣਕਾਰੀ ਵੀ ਦਿੱਤੀ ਹੈ। ਸਮਕਾਲੀ ਭਗਤਾਂ ਦੇ ਪ੍ਰਭਾਵ ਕਬੂਲਣ ਦੇ ਪ੍ਰਮਾਣ ਭੀ ਉਨ੍ਹਾਂ ਦੀ ਬਾਣੀ ਵਿਚੋਂ ਮਿਲਦੇ ਹਨ। ਨਾਮਦੇਵ ਜੀ, ਰਵਿਦਾਸ ਜੀ, ਸੈਣ ਜੀ ਤੇ ਧੰਨਾ ਜੀ ਦੀ ਬਾਣੀ ਨਾਲ ਕਈ ਥਾਂਵਾਂ ਤੇ ਗੂੜ੍ਹੀਆਂ ਸਾਂਝਾਂ ਹਨ।

ਸਿੱਖ ਧਰਮ ਦੀਆਂ ਜੜ੍ਹਾਂ ਨੂੰ ਸਾਫ ਤੌਰ ਤੇ 'ਭਗਤੀ ਕਾਲ' ਦੀ 'ਲੋਕ ਲਹਿਰ' ਵਿਚ ਬੜੇ ਸਪਸ਼ਟ ਤੌਰ ਤੇ ਦੇਖਿਆ ਜਾ ਸਕਦਾ ਹੈ। ਸਿੱਖ ਧਰਮ ਲਈ ਗੁਰੂ ਸਾਹਿਬਾਨ ਨੇ ਜੋ ਸਿਧਾਂਤ ਦਿੱਤੇ ਉਨ੍ਹਾਂ ਦੀ ਝਲਕ ਕਿਸੇ ਨਾ ਕਿਸੇ ਰੂਪ ਵਿਚ ਇਸ 'ਭਗਤੀ ਲਹਿਰ' ਵਿਚ ਨਜ਼ਰ ਆਉਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉੱਤਰੀ ਤੇ ਦੱਖਣੀ ਭਾਰਤ ਵਿਚ ਆਪਣੀਆਂ ਯਾਤਰਾਵਾਂ ਦੌਰਾਨ ਇਸ ਭਗਤੀ ਲਹਿਰ ਤੋਂ ਪ੍ਰਭਾਵ ਗ੍ਰਹਿਣ ਵੀ ਕੀਤਾ ਤੇ ਆਪਣੀ ਨਿਰਾਕਾਰ ਉਪਾਸਨਾ ਦਾ ਇਸ ਭਗਤੀ ਲਹਿਰ ਦੇ ਭਗਤਾਂ ਤੇ ਪ੍ਰਭਾਵ ਪਾਇਆ ਵੀ ਤੇ ਨਾਲ ਹੀ ਉਨ੍ਹਾਂ ਭਗਤਾਂ ਦੀ ਬਾਣੀ ਵੀ ਲਿਆਂਦੀ ਜੋ ਉਨ੍ਹਾਂ ਦੇ ਸਿਧਾਂਤਾਂ ਨਾਲ ਮੇਲ ਖਾਂਦੀ ਸੀ।

ਸਤਿਗੁਰੂ ਕਬੀਰ ਦਾਸ ਜੀ ਪਹਿਲਾਂ ਪੀਰ ਤਕੀ ਦੇ ਮੁਰੀਦ ਸਨ ਅਤੇ ਪਿੱਛੋਂ 'ਕ੍ਰਿਸ਼ਨ ਭਗਤ' ਬਣੇ ਤੇ ਫਿਰ 'ਰਾਮ ਭਗਤ' ਵੀ ਰਹੇ। ਇੱਥੇ ਉਹਨਾਂ ਨੂੰ ਦੂਸਰੇ ਸ਼ਬਦਾਂ ਵਿਚ ਅਵਤਾਰਵਾਦੀ ਵੀ ਕਿਹਾ ਜਾ ਸਕਦਾ ਹੈ। ਉਨ੍ਹਾਂ ਦਾ ਵਾਕ ਹੈ, ''ਸਾਵਲ ਸੁੰਦਰ ਰਾਮਈਆ, ਮੇਰਾ ਮਨ ਲਾਗਾ ਤੋਹਿ।'' ਇਸ ਤੋਂ ਅੱਗੇ ਉਹ ਆਪਣੀ ਬਾਣੀ ਵਿਚ ਕ੍ਰਿਸ਼ਨ ਜੀ ਦੇ ਜੀਵਨ-ਗੁਣਾਂ ਦਾ ਖੁੱਲ੍ਹੇ ਤੌਰ ਤੇ ਗੁਣਗਾਨ ਕਰਦੇ ਹਨ:

**"ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾ ਰਸਿ ਗਾਊਂ ਰੇ।।**
**ਊਆ ਕਾ ਸਰੂਪ ਦੇਖਿ ਮੋਹੀ ਗੁਆਰਨਿ ਮੋ ਕਉ ਛੋਡਿ ਨਆਉ ਨ ਜਾਹੂ ਰੇ।"**

ਸਤਿਗੁਰੂ ਕਬੀਰ ਦਾਸ ਜੀ ਬਾਕੀ ਸਾਰੇ ਭਗਤਾਂ ਵਿਚੋਂ, ਸਭ ਤੋਂ ਪਹਿਲਾਂ, ਗੁਰੂ ਨਾਨਕ ਦੇਵ ਜੀ ਵਾਂਗ ਨਿਰਗੁਣ ਨਿਰੰਕਾਰ ਬ੍ਰਹਮ ਦੇ ਉਪਾਸ਼ਕ ਦੱਸਣ ਵਾਲੇ ਵਿਦਵਾਨ ਭੀ ਹਨ ਤੇ ਖੁਦ ਈਸ਼ਵਰ ਕਹਿਣ ਵਾਲੇ ਭੀ ਹਨ। ਕੁਝ ਵਿਦਵਾਨ ਕਬੀਰ ਜੀ ਦੇ ਇਹਨਾਂ ਸਿਧਾਂਤਾਂ ਤੇ ਖਿਆਲਾਂ ਬਾਰੇ, ਗੁਰੂ ਨਾਨਕ ਦੇਵ ਜੀ ਨੂੰ ਸਤਿਗੁਰੂ ਕਬੀਰ ਦਾਸ ਜੀ ਤੋਂ ਪ੍ਰਭਾਵਿਤ ਹੋਣ ਦੀ ਗੱਲ ਵੀ ਮੰਨਦੇ ਹਨ। ਕਬੀਰ ਜੀ ਦਾ ਜਿਉਂ-ਜਿਉਂ ਅਧਿਆਤਮਕ ਗਿਆਨ ਵਧਦਾ ਗਿਆ, ਉਹ ਤਿਵੇਂ-ਤਿਵੇਂ ਹੀ ਮਾਨਸਿਕ ਵਿਕਾਸ ਦੀਆਂ ਮੰਜ਼ਿਲਾਂ ਪਾਰ ਕਰਦੇ ਗਏ ਤੇ ਸਰਗੁਣਵਾਦੀ ਵਿਚਾਰਾਂ ਨੂੰ ਤਿਆਗਦੇ ਗਏ ਤੇ ਆਖੀਰ ਵਿਚ ਨਿਰਾਕਾਰ ਨਿਰੰਕਾਰ ਬ੍ਰਹਮ ਦੇ ਉਪਾਸ਼ਕ ਬਣ ਗਏ ਤੇ ਫਿਰ ਉਨ੍ਹਾਂ ਨੇ 'ਕ੍ਰਿਸ਼ਨ ਭਗਤੀ', 'ਰਾਮ ਭਗਤੀ' ਤੇ 'ਨਾਥਾਂ ਜੋਗੀਆਂ' ਦੀ ਵਿਚਾਰਧਾਰਾ ਜੋ ਕਿ ਅਵਤਾਰਵਾਦ ਹੈ ਦਾ ਕਰੜਾ ਵਿਰੋਧ ਵੀ ਕੀਤਾ। ਹੁਣ ਉਨ੍ਹਾਂ ਦਾ 'ਰਾਮ' ਰਾਜਾ ਦਸਰਥ ਪੁੱਤਰ ਸ੍ਰੀ ਰਾਮ ਚੰਦਰ ਜੀ ਨਹੀਂ ਸਨ, ਸਗੋਂ ਉਨ੍ਹਾਂ ਦਾ 'ਰਾਮ' ਉਹ 'ਨਿਰਾਕਾਰ ਪਾਰ ਬ੍ਰਹਮ' ਸੀ। ਇਸ ਦੀ ਇਕ ਉਦਾਹਰਣ (ਕਬੀਰ ਗ੍ਰੰਥਾਵਲੀ ਦੇ ਪੰਨਾ 204) ਤੇ ਇੰਝ ਦਰਜ ਹੈ:

**ਨ ਦਸਰਥ ਘਰ ਔਂਤਰ ਆਵਾ।। ਨ ਲੰਕਾ ਕਾ ਰਾਵ ਸਤਾਵਾ।।**
**ਨਹਿ ਦੇਵੈ (ਦੇਵਕੀ) ਗਰਭ ਹੋਇ ਆਵਾ।। ਨ ਜਸੁਧੈ ਕੈ ਗੋਦ ਖਿਲਾਵਾ।।**

\-------------------

**ਲੋਗ ਕਹੈ ਗੋਵਰਧਨ ਧਾਰੀ।। ਤਾਕੀ ਮੋਹ ਅਚੰਭਾ ਭਾਰੀ।।**
**ਨਿਰਗੁਣ ਰਾਮ ਜਪਹੁ ਰੇ ਭਾਈ।। ਅਵਿਗਤ ਕੀ ਗਤਿ ਲਖੀ ਨਾ ਜਾਈ।।**

ਸਤਿਗੁਰੂ ਕਬੀਰ ਦਾਸ ਜੀ ਨੇ ਕਿਸੇ ਵੀ ਥਾਂ ਆਪਣੇ ਆਪ ਨੂੰ ਮੁਸਲਮਾਨ ਜਾਂ ਹਿੰਦੂ ਨਹੀਂ ਕਿਹਾ। ਇਨ੍ਹਾਂ ਦੋਹਾਂ ਵਰਗਾਂ ਦੇ ਕਰਮਕਾਂਡਾਂ ਅਤੇ ਜਨੂਨੀ ਮਜ਼ਹਬੀ ਖਿੱਚੋਤਾਣ ਨੂੰ ਨਿੰਦਿਆ ਹੈ: 'ਹਿੰਦੂ ਤੁਰਕ ਕਹਾਂ ਤੇ ਆਏ, ਕਿਨਿ ਇਹ ਰਾਹ ਚਲਾਈ'। ਇਹ ਉਨ੍ਹਾਂ ਦਾ ਬੜਾ ਉੱਚਾ ਤੇ ਸ਼ੁੱਧ ਖਿਆਲ ਹੈ। ਮਨੁੱਖ, ਮਨੁੱਖ ਹੈ। ਉਸ ਤੋਂ ਉਪਰ ਹੈ ਗਿਆਨੀ ਚਾਹੇ ਉਹ ਕਿਸੇ ਵੀ ਰੂਪ ਵਿਚ ਹੋਵੇ। ਰੱਬ ਹਿੰਦੂਆਂ, ਮੁਸਲਮਾਨਾਂ ਵਿਚ ਵੰਡੀਆਂ ਨਹੀਂ ਪਾਉਂਦਾ ਤੇ ਨਾ ਹੀ 'ਸਮਾਜਿਕ ਨਾ-ਬਰਾਬਰੀ' ਦੀ ਸਿੱਖਿਆ ਦਿੰਦਾ ਹੈ। ਇਹ ਮਨੁੱਖੀ ਕਰਤੂਤਾਂ ਹਨ। ਇਸ ਮਨੁੱਖੀ ਵਰਗੀਕਰਨ ਬਾਰੇ ਉਹ ਆਪਣੇ ਵਿਚਾਰਾਂ ਵਿਚ ਕਹਿੰਦੇ ਹਨ ਕਿ ਸਭ ਇਨਸਾਨ ਉਸ ਪ੍ਰਮਾਤਮਾ ਦੇ ਪੈਦਾ ਕੀਤੇ ਹੋਏ ਤੇ ਇਨ੍ਹਾਂ ਵਿਚ ਕੌਣ ਮੰਦਾ ਤੇ ਕੌਣ ਚੰਗਾ ਹੈ। ਇਹ ਪ੍ਰਮਾਤਮਾ ਹੀ ਜਾਣਦਾ ਹੈ। ਇਸ ਬਾਰੇ ਉਹ ਗੁਰਬਾਣੀ ਵਿਚ ਇੰਝ ਕਹਿੰਦੇ ਹਨ:

**"ਅਵਲਿ ਅਲਾਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।।**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।''**

ਉਹ ਮਨੁੱਖ ਦੇ ਪੁਨਰ ਜਨਮ ਲੈਣ ਵਿਚ ਵੀ ਵਿਸ਼ਵਾਸ ਨਹੀਂ ਰੱਖਦੇ ਸਨ ਤੇ ਇਸ ਬਾਰੇ ਇਸ ਤਰ੍ਹਾਂ ਆਪਣੇ ਵਿਚਾਰ ਰੱਖਦੇ ਹਨ:-

**"ਕਹੁ ਕਬੀਰ ਜਿਸੁ ਸਤਿਗੁਰ ਭੇਟੈ।**
**ਪੁਨਰਪਿ ਜਨਮਿ ਨ ਆਵੈ।।''**

ਸਤਿਗੁਰੂ ਕਬੀਰ ਦਾਸ ਜੀ ਨੇ ਬੜੇ ਕਰੜੇ ਅਤੇ ਕਰਾਰੇ ਬੋਲਾਂ ਵਿਚ ਦੰਭ, ਪ੍ਰਪੰਚ ਅਤੇ ਪਾਖੰਡਾਂ ਦੇ ਖੰਡਨ ਕਰਨ ਵਿਚ ਸਭ ਤੋਂ ਮੋਹਰਲੀ ਕਤਾਰ ਵਿਚ ਖਲੋਤੇ ਹਨ। ਦਿਖਾਵੇ ਦੇ ਫੋਕੇ ਧਾਰਮਿਕ ਆਡੰਬਰਾਂ ਦੀ ਉਨ੍ਹਾਂ ਖੂਬ ਛਿੱਲ ਉਤਾਰੀ ਹੈ, ਧਾਰਮਿਕ ਭੇਖ ਧਾਰ ਕੇ, ਲੋਕਾਂ ਨੂੰ ਮੂਰਖ ਬਣਾ ਕੇ ਆਪਣਾ ਧੰਦਾ ਤੇ ਤੋਰੀ ਫੁਲਕਾ ਚਲਾਉਣ ਵਾਲਿਆਂ ਨੂੰ ਖਾਸ ਤੌਰ ਤੇ ਭੰਡਿਆ ਹੈ। 'ਬਨਾਰਸ ਦੇ ਠੱਗਾਂ' ਦੀ ਮਿਸਾਲ ਸਾਡੇ ਸਮਾਜ ਵਿਚ ਬੜੀ ਮਸ਼ਹੂਰ ਹੈ। ਇਹ ਸ਼ਾਇਦ ਇਸੇ ਕਰਕੇ ਹੀ ਗੱਲ ਬਣੀ ਹੈ ਕਿ ਉਥੋਂ ਦੇ ਪੰਡੇ, ਨਾਮ, ਦਾਨ, ਇਸ਼ਨਾਨ, ਸਵਰਗ, ਨਰਕ ਤੇ ਭਵਿੱਖ ਦੇ ਪ੍ਰਚਾਵਿਆਂ ਨਾਲ ਲੋਕਾਂ ਨੂੰ ਕੁਰਾਹੇ ਪਾ ਕੇ ਲੁੱਟਦੇ ਸਨ। ਨੰਗੇ ਫਿਰਨਾ, ਸਿਰ ਮਨਾਉਣਾ, ਜਤੀ ਆਦਿ ਕਹਾਉਣਾ, ਜੋਗੀਆਂ ਵਾਲੀ ਕਰਮ ਕਿਰਿਆ ਭੀ ਕਬੀਰ ਜੀ ਦੇ ਹਮਲੇ ਤੋਂ ਨਹੀਂ ਬਚ ਸਕੀ:

**'ਨਗਨ ਫਿਰਤ ਜੋ ਪਾਈਐ ਜੋਗ।**
**ਬਨ ਕਾ ਮਿਰਗ ਮੁਕਤਿ ਸਭੁ ਹੋਗੁ।।'**

ਪਿਤਰ ਪੂਜਾ ਦਾ ਵੀ ਉਨ੍ਹਾਂ ਨੇ ਰੱਜ ਕੇ ਵਿਰੋਧ ਕੀਤਾ ਹੈ। ਮਾਤਾ ਪਿਤਾ ਦੀ ਜਿਉਂਦੇ ਜੀਅ ਸੇਵਾ ਕਰਨੀ ਚਾਹੀਦੀ ਹੈ। ਮਰਿਆਂ ਉੱਤੇ ਸਰਾਧ ਕਰਾਉਣੇ, ਕਾਂਵਾਂ ਕੁੱਤਿਆਂ ਨੂੰ ਖਵਾਉਣ ਤੋਂ ਵੱਧ ਪੁੰਨਯ ਕਰਮ ਨਹੀਂ ਹੈ:

**"ਜੀਵਤ ਪਿੱਤਰ ਨਾ ਮਾਨੈ ਕੋਊ ਮੂਏਂ ਸਿਰਾਧ ਕਰਾਹੀ।।**
**ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ।।''**

ਉਨ੍ਹਾਂ ਦਿਨਾਂ ਵਿਚ ਦਿੱਲੀ ਦੇ ਤਖਤ ਤੇ ਸਿਕੰਦਰ ਲੋਧੀ ਦਾ ਰਾਜ ਸੀ। ਉਸਨੇ ਵੀ ਸਤਿਗੁਰੂ ਕਬੀਰ ਦਾਸ ਜੀ ਤੇ ਬੜੇ ਜ਼ੁਲਮ ਕੀਤੇ, ਜਿਹਨਾਂ ਨੂੰ ਉਨ੍ਹਾਂ ਨੇ ਆਪਣੇ ਆਤਮਕ ਬੱਲ ਨਾਲ ਸਰਾਹਿਆ ਤੇ ਆਪਣੇ ਮਾਨਵਵਾਦੀ ਮਿਸ਼ਨ ਤੋਂ ਉਹ ਟੱਸ ਤੋਂ ਮੱਸ ਨਾ ਹੋਏ। ਉਨ੍ਹਾਂ ਦੇ ਜੀਵਨ ਨਾਲ ਕਈ ਪ੍ਰਕਾਰ ਦੀਆਂ ਕਰਾਮਾਤਾਂ ਵੀ ਜੋੜੀਆਂ ਜਾਂਦੀਆਂ ਹਨ, ਜਿਹੜੀਆਂ ਵਿਗਿਆਨਕ ਤੇ ਯਥਾਰਥਵਾਦੀ ਨਜ਼ਰੀਏ ਤੋਂ ਮੰਨਣਯੋਗ ਨਹੀਂ ਹਨ। ਇਹ ਉਂਝ ਵੀ ਕਬੀਰ ਸਾਹਿਬ ਦੇ ਆਪਣੇ ਸਿਧਾਂਤਾਂ ਦੇ ਵਿਰੁੱਧ ਹਨ। ਉਹ ਤਾਂ ਇਕ ਕਰਮਯੋਗੀ ਸਨ ਜੋ ਇਨ੍ਹਾਂ ਰਿਧੀਆਂ-ਸਿਧੀਆਂ ਤੇ ਕਰਾਮਾਤਾਂ ਕਰਨ ਵਾਲਿਆਂ ਦਾ ਡੱਟ ਕੇ ਵਿਰੋਧ ਕਰਦੇ ਸਨ।

ਸਤਿਗੁਰੂ ਕਬੀਰ ਦਾਸ ਜੀ ਦੀਆਂ ਸਾਖੀਆਂ ਵਿਚ ਸੱਚੇ ਗੁਰੂ ਦਾ ਗਿਆਨ ਮਿਲਦਾ ਹੈ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਕਬੀਰ ਸਾਹਿਬ ਦੀ ਕਵਿਤਾ ਦੇ ਸਰਵ-ਉੱਚ ਮਹੱਤਵ ਧਾਰਮਿਕ, ਸਮਾਜਿਕ ਏਕਤਾ, ਸਮਾਜਿਕ ਬਰਾਬਰੀ, ਸਮਾਜਿਕ ਕੁਰੀਤੀਆਂ ਦਾ ਤਿਆਗ ਤੇ ਭਗਤੀ ਦਾ ਸੰਦੇਸ਼ ਦੇਣਾ ਹੈ।

ਸਤਿਗੁਰੂ ਕਬੀਰ ਦਾਸ ਜੀ ਦੀ ਮੌਤ ਦਾ ਰਹੱਸ ਵੀ ਜਨਮ ਦੀ ਤਰ੍ਹਾਂ

(ਬਾਕੀ ਅਗਲੇ ਸਫੇ ਤੇ)

# ਸੰਤ-ਸਤਿਗੁਰੂ ਕਬੀਰ ਇਕ ਇਨਕਲਾਬੀ ਰਹਿਨੁਮਾ



**ਡਾ. ਜੀ. ਸੀ. ਕੌਲ**
ਐਮ. ਏ., ਪੀ. ਐਚ. ਡੀ.
91-94632-23223

ਭਾਰਤੀ ਸਾਹਿਤ ਦੇ ਇਤਿਹਾਸ ਵਿਚ ਮੱਧਕਾਲ ਨੂੰ ਸੁਨਹਿਰੀ ਯੁੱਗ ਸਵੀਕਾਰ ਕੀਤਾ ਗਿਆ ਹੈ। ਇਸ ਸਮੇਂ ਭਾਰਤੀ ਸਮਾਜ, ਧਰਮ, ਰਾਜਨੀਤੀ ਅਤੇ ਸੱਭਿਆਚਾਰ ਬੜੀ ਤੇਜ਼ੀ ਨਾਲ ਪਤਨ ਵੱਲ ਵੱਧ ਰਹੇ ਸਨ। ਇਕ ਪਾਸੇ ਵਿਦੇਸ਼ੀ ਹਮਲਾਵਰ ਆਪਣੀ ਪ੍ਰਭੂਸੱਤਾ ਸਥਾਪਿਤ ਕਰ ਰਹੇ ਸਨ ਅਤੇ ਦੂਸਰੇ ਮਨੂੰਵਾਦੀ ਵਰਣ-ਆਸ਼ਰਮ ਧਰਮ ਨੇ ਭਾਰਤੀ ਸਮਾਜ ਨੂੰ ਵਿਨਾਸ਼ ਦੀ ਦਲਦਲ ਵਿਚ ਧਕੇਲ ਦਿੱਤਾ ਸੀ।

ਭਾਰਤੀ ਸਮਾਜ ਦੀ ਸੰਰਚਨਾ, ਵਰਣ-ਵਿਵਸਥਾ ਅਤੇ ਜਾਤ-ਅਧਾਰਿਤ ਹੋਣ ਕਾਰਨ ਪੂਰੇ ਦੇਸ਼ ਵਿਚ ਅਰਾਜਕਤਾ ਦਾ ਪਾਸਾਰ ਹੋ ਚੁੱਕਾ ਸੀ। ਭਾਰਤ ਦੇ ਬ੍ਰਾਹਮਣ-ਗ੍ਰੰਥਾਂ, ਸ਼ਾ-ਸਤਰਾਂ, ਪੁਰਾਣਾਂ ਅਤੇ ਸਮ੍ਰਿਤੀਆਂ ਵਲੋਂ ਸ਼ੂਦਰਾਂ, ਵਿਸ਼ੇਸ਼ ਕਰਕੇ ਅਛੂਤਾਂ ਉੱਪਰ ਮਾਨਵਤਾ ਵਿਰੋਧੀ ਕਾਨੂੰਨ ਲਾਗੂ ਕਰਕੇ ਇਨ੍ਹਾਂ ਦਾ ਜੀਵਨ ਪਸ਼ੂਆਂ ਤੋਂ ਵੀ ਭੈੜਾ, ਨਰਕਮਈ ਬਣਾ ਦਿੱਤਾ ਗਿਆ। ਹਿੰਦੂ ਧਰਮ-ਸ਼ਾਸਤਰਾਂ ਵਿਚ ਸ਼ੂਦਰ ਅਤੇ ਇਸਤਰੀ ਨੂੰ ਪਾਪਯੋਨੀ ਸਵੀਕ੍ਰਿਤ ਕੀਤਾ ਗਿਆ।

ਸੰਤ-ਸਤਿਗੁਰੂ ਕਬੀਰ ਨੇ ਹਿੰਦੂ ਅਤੇ ਮੁਸਲਿਮ ਸਮਾਜ ਦੇ ਅਖੌਤੀ ਧਰਮ-ਆਚਾਰੀਆਂ ਅਤੇ ਮੁੱਲਾਂ-ਮੌਲਾਣਿਆਂ ਵਲੋਂ ਫੈਲਾਈ ਜਾ ਰਹੀ ਆਪਸੀ ਨਫ਼ਰਤ, ਵੈਰ-ਵਿਰੋਧ, ਈਰਖਾ, ਦੂਈ-ਦਵੈਤ, ਧਾਰਮਿਕ ਆਡੰਬਰ ਅਤੇ ਮਾਨਵ ਵਿਰੋਧੀ ਭ੍ਰਾਂਤੀਆਂ ਵਿਰੁੱਧ ਵਿਦਰੋਹ ਕੀਤਾ। ਇਨਕਲਾਬੀ, ਬਾਗ਼ੀ ਜਾਂ ਵਿਦਰੋਹੀ ਉਹ ਹੁੰਦਾ ਹੈ ਜੋ ਸਥਾਪਿਤ ਵਿਵਸਥਾ ਅਥਵਾ ਮਾਨਵ-ਵਿਰੋਧੀ ਸਿਸਟਮ ਵਿਰੁੱਧ ਬਗ਼ਾਵਤ ਕਰਕੇ ਇਕ ਨਵੀਂ ਸਮਾਜਿਕ, ਸੱਭਿਆਚਾਰਕ ਅਤੇ ਨੈਤਿਕ ਵਿਵਸਥਾ ਕਾਇਮ ਕਰਨ ਦਾ ਧਾਰਨੀ ਹੋਵੇ, ਅਜਿਹਾ ਵਿਅਕਤੀਤਵ ਹੀ ਕ੍ਰਾਂਤੀਕਾਰੀ, ਇਨਕਲਾਬੀ ਜਾਂ ਬਾਗ਼ੀ ਵਿਅਕਤੀਤਵ ਕਹਿਲਾਉਂਦਾ ਹੈ। ਸੰਤ-ਸਤਿਗੁਰੂ ਕਬੀਰ ਜੀ ਨੇ ਵੀ ਹਿੰਦੂ ਅਤੇ ਮੁਸਲਮਾਨ ਦੋਨਾਂ ਸਮਾਜਾਂ ਨੂੰ ਇਨ੍ਹਾਂ ਦੇ ਕਰਮ-ਕਾਂਡ, ਪਾਖੰਡਵਾਦ, ਅੰਧ-ਵਿਸ਼ਵਾਸ ਤੇ ਵਹਿਮ-ਭਰਮ ਸਦਕਾ ਤਕੜੇ ਹੱਥੀਂ ਲਿਆ। ਆਪ ਇਕ ਨਿਧੜਕ ਯੋਧੇ ਸਨ ਜਿਨ੍ਹਾਂ ਨੇ ਅਖੌਤੀ ਧਰਮ-ਅਚਾਰੀਆਂ ਵਲੋਂ ਮਾਨਵੀ ਦਮਨ ਅਤੇ ਅਪਮਾਨ ਵਿਰੁੱਧ ਰੋਹ ਭਰੀ ਆਵਾਜ਼ ਬੁਲੰਦ ਕੀਤੀ।

ਆਪ ਭਾਰਤੀ ਸਮਾਜ ਵਿਚ ਰੀਤਾਂ-ਰਸਮਾਂ, ਪਰੰਪਰਿਕ ਰੂੜੀਆਂ, ਧਾਰਮਿਕ ਵਿਸ਼ਵਾਸਾਂ ਅਤੇ ਪੂਜਾ-ਵਿਧੀਆਂ ਸੰਬੰਧੀ ਬੜੀ ਬੇਬਾਕੀ, ਸਪਸ਼ਟਤਾ ਅਤੇ ਤਰਕਸ਼ੀਲਤਾ ਅਧੀਨ ਅਜਿਹੀ ਬਾਗ਼ੀ ਸੁਰ ਵਿਚ ਆਪਣੇ ਵਿਚਾਰ ਅਭਿਵਿਅਕਤ ਕਰਦੇ ਹਨ ਕਿ ਸਮਕਾਲੀ ਪ੍ਰੋਹਿਤਵਾਦ ਵਲੋਂ ਬੁਣਿਆ ਗਿਆ ਤਾਣਾ-ਬਾਣਾ ਲੀਰੋ-ਲੀਰ ਹੋ ਜਾਂਦਾ ਹੈ:

**ਜੋ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ**
**ਤਉ ਆਨ ਬਾਟ ਕਾਹੇ ਨਹੀਂ ਆਇਆ॥**
**ਤੁਮ ਕਤ ਬ੍ਰਾਹਮਣ ਹਮ ਕਤ ਸੂਦ**
**ਹਮ ਕਤ ਲੋਹੂ ਤੁਮ ਕਤ ਦੂਧ॥**
**(ਆਦਿ ਗ੍ਰੰਥ, ਪੰਨਾ 324)**

ਸੰਤ-ਸਤਿਗੁਰੂ ਕਬੀਰ ਅਤੇ ਮਹਾਂ-ਮਾਨਵ ਗੁਰੂ ਰਵਿਦਾਸ ਜੀ ਮੱਧਕਾਲੀਨ ਸੰਤ-ਮਤ ਵਿਚਾਰ ਅਤੇ ਭਗਤੀ-ਅੰਦੋਲਨ ਦੇ ਦੋ ਅਜਿਹੇ ਅਨੁਭਵੀ ਸੰਤ ਹਨ, ਜਿਨ੍ਹਾਂ ਨੇ ਸਮਕਾਲੀਨ ਭਾਰਤੀ ਸਮਾਜ, ਭਾਰਤ ਦੀ ਦੁੱਖੀ, ਪੀੜਤ ਅਤੇ ਜ਼ੁਲਮਾਂ ਦੀ ਸ਼ਿਕਾਰ ਲਤਾੜੀ ਅਤੇ ਸਤਾਈ ਹੋਈ ਜਨਤਾ ਨੂੰ ਇਕ ਨਵਾਂ ਜੀਵਨ-ਦਰਸ਼ਨ ਅਤੇ ਜੀਵਨ-ਸੁਨੇਹਾ ਦਿੱਤਾ। ਦੋਨਾਂ ਮਹਾਂ-ਪੁਰਸ਼ਾਂ ਨੇ ਇਥੋਂ ਦੀ ਨੈਤਿਕ ਬਾਗਡੋਰ ਆਪਣੇ ਹੱਥਾਂ ਵਿਚ ਲੈ ਕੇ ਪਦ-ਦਲਿਤ ਸਮਾਜ ਨੂੰ ਆਪਣੀਆਂ ਕਦਰਾਂ-ਕੀਮਤਾਂ, ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਕ ਏਕਤਾ ਪ੍ਰਤੀ ਚੇਤੰਨ ਕਰਕੇ ਪ੍ਰੋਹਿਤਵਾਦ ਤੋਂ ਮੁਕਤ ਹੋਣ ਦਾ ਨਵਾਂ ਮਾਰਗ ਦਰਸਾਇਆ। ਸਤਿਗੁਰੂ ਕਬੀਰ ਜੀ ਦਾ ਫ਼ਰਮਾਨ ਹੈ :

**ਅਵਲਿ ਅਲਹ ਨੂਰੁ ਉਪਾਇਆ**
**ਕੁਦਰਿਤ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗ ਉਪਜਿਆ**
**ਕਉਨ ਭਲੇ ਕੋ ਮੰਦੈ॥**
**(ਅ. ਗ੍ਰੰ. ਪੰਨਾ 1349)**

ਆਪ ਨੇ ਵੇਲੇ ਦੇ ਮੁਲਾਂ-ਮੌਲਾਣਿਆਂ ਨੂੰ ਵੀ ਵੰਗਾਰ ਅਤੇ ਝਾੜ ਪਾਈ ਕਿ ਇਸਲਾਮ ਤਾਂ ਹਰ ਪ੍ਰਾਣੀ ਵਿਚ ਖ਼ੁਦਾ ਦੇ ਨੂਰ ਦੀ ਗੱਲ ਕਰਦਾ ਹੈ, ਪ੍ਰੰਤੂ ਆਪਣੀ ਜੀਭ ਦੇ ਚਸਕੇ ਲਈ ਪਸ਼ੂ-ਪੰਛੀਆਂ ਨੂੰ ਹਲਾਲ ਕਰਨ ਦੀ ਕੀ ਤੁੱਕ ਹੈ:

**ਜਉ ਸਭ ਮਹਿ ਏਕ ਖੁਦਾਇ ਕਹਿਤ ਹੋ**
**ਤਉ ਕਿਉ ਮੁਰਗੀ ਮਾਰੈ॥**
**ਪਕਰਿ ਜੀਉ ਆਨਿਆ ਦੇਹ**
**ਬਿਨਾਸੀ**
**ਮਾਟੀ ਕਉ ਬਿਸਮਿਲ ਕੀਆ॥**
**ਜੋਤਿ ਸਰੂਪ ਅਨਾਹਤ ਲਾਗੀ**
**ਕਹੁ ਹਲਾਲੁ ਕਿਆ ਕੀਆ॥**
**(ਅ.ਗ੍ਰ. ਪੰਨਾ 1349)**



ਦੁਨੀਆਂ ਨੂੰ ਤਿਆਗ ਕੇ ਜੰਗਲਾਂ, ਪਹਾੜਾਂ ਵਿਚ ਜਾ ਕੇ ਜਪ-ਤਪ ਕਰਨ, ਨਗਨ ਫਿਰਨ, ਵਰਤ ਰੱਖਣ, ਪੱਥਰ ਦੀਆਂ ਮੂਰਤੀਆਂ ਦੀ ਪੂਜਾ ਕਰਨ, ਦੇਵੀ-ਦੇਵਤਿਆਂ ਦੀ ਅਰਾਧਨਾ ਕਰਨ ਵਰਗੇ ਕਰਮਾਂ ਦਾ ਖੰਡਣ ਕਰਦਿਆਂ ਸਤਿਗੁਰੂ ਕਬੀਰ ਜੀ ਨੇ 'ਜੀਵਨ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਈ' (ਪੰਨਾ 332) ਅਤੇ ਇਸਲਾਮ ਧਰਮ ਵਿਚ 'ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤਿ ਕਾ ਕਿਆ ਕਰੀਐ' (ਪੰਨਾ 477) ਕਹਿ ਕੇ ਵਿਅੰਗਾਤਮਕ ਤੇ ਤਰਕਸ਼ੀਲ ਢੰਗ ਨਾਲ ਅਜਿਹੇ ਬਾਹਰਮੁਖੀ ਕਰਮਕਾਂਡ ਦਾ ਜ਼ੋਰਦਾਰ ਵਿਰੋਧ ਕੀਤਾ। ਮੋਕਸ਼ ਪ੍ਰਾਪਤੀ ਲਈ ਤੀਰਥਾਂ ਉੱਪਰ ਮੱਸਿਆ, ਪੁੰ-ਨਿਆ, ਕੁੰਭ-ਕੁੰਭੀ ਜਾਂ ਕਿਸੇ ਵਿਸ਼ੇਸ਼ ਦਿਨ ਤੇ ਕੀਤੇ ਜਾਂਦੇ ਇਸ਼ਨਾਨ ਨੂੰ 'ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ' (ਪੰਨਾ 484) ਅਤੇ ਕੇਵਲ ਧਾਰਮਿਕ ਪੁਸਤਕਾਂ ਪੜ੍ਹਨ, ਪੜਾਉਣ ਅਥਵਾ ਪਾਠ ਕਰਨ-ਕਰਾਉਣ ਨੂੰ 'ਬੇਦ ਪੜੇ ਪੜਿ ਪੰਡਤ ਮੂਏ' (ਪੰਨਾ 654) ਕਹਿ ਕੇ ਇਸ ਰਵਾਇਤ ਨੂੰ ਵੀ ਨਕਾਰਿਆ ਹੈ। ਆਪ ਕਹਿੰਦੇ ਹਨ :

(ੳ) **ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ**
**ਜਾ ਕੈ ਰਿਦੈ ਭਾਉ ਹੈ ਦੂਜਾ॥**
**(ਅ.ਗ੍ਰ. ਪੰਨਾ 324)**

(ਅ) **ਨਗਨ ਫਿਰਤ ਜੌ ਪਾਈਐ ਜੋਗੁ**
**ਬਨ ਕਾ ਮਿਰਗ ਮੁਕਤਿ ਸਭੁ ਹੋਗੁ॥**
**ਮੂਡ ਮੁੰਡਾਈ ਜੋ ਸਿਧਿ ਪਾਈ**
**ਮੁਕਤੀ ਭੇਡ ਨ ਗਈਆ ਕਾਈ॥**
**(ਅ.ਗ੍ਰ. ਪੰਨਾ 324)**

ਪੱਥਰਾਂ ਦੀਆਂ ਮੂਰਤੀਆਂ ਘੜ ਕੇ, ਇਨ੍ਹਾਂ ਵਿਚੋਂ ਦੇਵੀ-ਦੇਵਤਿਆਂ ਦੇ ਕਾਲਪਨਿਕ ਰੂਪ ਸਿਰਜ ਕੇ ਉਨ੍ਹਾਂ ਦੀ ਉਪਾਸਨਾ ਕਰਨ, ਆਰਤੀਆਂ ਉਤਾਰਨ ਅਤੇ ਇਸਤਰੀਆਂ ਵਿਚ ਵਿਭਿੰਨ ਪ੍ਰਕਾਰ ਦੇ ਵਰਤ ਰੱਖਣ ਦਾ ਵੀ ਸਤਿਗੁਰੂ ਕਬੀਰ ਜੀ ਨੇ ਪੁਰਜ਼ੋਰ ਖੰਡਣ ਕੀਤਾ :

(ੳ) **ਜੋ ਪਥਰ ਕਉ ਕਹਤੇ ਦੇਵ**
**ਤਾ ਕੀ ਬਿਰਥਾ ਹੋਵੈ ਸੇਵ॥**
**ਨਾ ਪਾਥਰੁ ਬੋਲੈ ਨ ਕਿਛੁ ਦੇਇ**
**ਫੋਕਟ ਕਰਮ ਨਿਹਫਲ ਹੈ ਸੇਵ॥**
**(ਅ.ਗ੍ਰ. ਪੰਨਾ 1157)**

(ਅ) **ਕਬੀਰ ਹਰਿ ਕਾ ਸਿਮਰਨ ਛਾਡਿ ਕੈ**
**ਅਹੋਈ ਰਾਖੈ ਨਾਰਿ॥**
**ਗਦਹੀ ਹੋਇ ਕੈ ਅਉਤਰੈ**
**ਭਾਰੁ ਸਹੈ ਮਨ ਚਾਰਿ॥**
**(ਅ.ਗ੍ਰ. ਪੰਨਾ 1358, ਸ਼ਲੋਕ 108)**

ਸਤਿਗੁਰੂ ਕਬੀਰ ਜੀ ਨੇ ਵੇਦ, ਸਮ੍ਰਿਤੀਆਂ, ਖਟ ਦਰਸ਼ਨ ਤੇ ਸਿੱਧਾਂ ਦੁਆਰਾ ਪ੍ਰਭੂ-ਪ੍ਰਾਪਤੀ ਲਈ ਦਰਸਾਏ ਕਰਮਕਾਂਡ ਦਾ ਜ਼ੋਰਦਾਰ ਖੰਡਣ ਕੀਤਾ। ਆਪ ਜੀ ਅਨੁਸਾਰ 'ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿੱਧ' ਮਨੁੱਖ ਨੂੰ ਸ਼ੰਕਿਆਂ ਵਿਚ ਪਾਉਂਦੇ ਹਨ। ਫਿਰ ਕਹਿੰਦੇ ਹਨ, 'ਸਨਕ ਸਨੰਦ ਅੰਤੁ ਨਹੀਂ ਪਾਇਆ ਬੇਦ ਪੜੇ-ਪੜਿ ਬ੍ਰਹਮੇ ਜਨਮ ਗਵ-ਾਇਆ' (ਪੰਨਾ 478) ਅਤੇ 'ਮੈਲਾ ਬ੍ਰਹਮਾ ਮੈਲਾ ਇੰਦ ਰਵਿ ਮੈਲਾ ਮੈਲਾ ਹੈ ਚੰਦ' ਅਰਥਾਤ ਆਪ ਦਾ ਸਪਸ਼ਟ ਫ਼ਰਮਾਨ ਸੀ ਕਿ ਵੇਦਾਂ, ਪੁਰਾਣਾਂ, ਸਮਿ-ਤੀਆਂ ਵਿਚੋਂ ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ। ਜੇਕਰ ਬ੍ਰਹਮਾ, ਉਸਦੇ ਮਾਨਸ ਪੁੱਤਰ ਸਨਕ, ਸਨੰਦ ਅਤੇ ਇੰਦਰ, ਸੂਰਜ ਚੰਦਰਮਾ ਆਦਿ ਅਖੌਤੀ ਦੇਵਤਿਆਂ ਨੇ ਬਾਹਰਮੁੱਖੀ ਸਾਧਨਾਂ ਵਿਚ ਫਸ ਕੇ ਆਪਣਾ ਜਨਮ ਅੰਜਾਈਂ ਗੁਆ ਲਿਆ ਹੈ ਤਾਂ ਇਹ ਪਾਂਡੇ-ਪ੍ਰੋਹਿਤ ਦੁਨੀਆਂ
ਰ ੂ ਪ ੀ
ਭਵਸਾਗਰ ਵਿਚ ਡੁੱਬਣ ਤੋਂ ਕਿਵੇਂ ਬਚ ਸਕਦੇ ਹਨ :

(ੳ) **ਬੇਦ ਪੁਰਾਨ ਸਿੰਮ੍ਰਿਤੀ ਸਭ ਖੋਜੈ**
**ਕਹੂ ਨ ਊਬਰਨਾ।**
**(ਅ.ਗ੍ਰ. ਪੰਨਾ 477)**

(ਅ) **ਤੂ ਬ੍ਰਹਮਨੁ ਮੈ ਕਾਸੀ ਕਾ ਜੁਲਾਹਾ**
**ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ॥**
**ਹਮਰੇ ਰਾਮ ਨਾਮ ਕਹਿ ਉਬਰੇ**
**ਬੇਦ ਭਰੋਸੇ ਪਾਂਡੇ ਡੂਬਿ ਮਰਹਿ॥**
**(ਅ.ਗ੍ਰ. ਪੰਨਾ 970)**

ਆਪ ਨੇ ਇਸ ਗੱਲ ਦਾ ਵੀ ਪੁਰਜ਼ੋਰ ਖੰਡਣ ਕੀਤਾ ਕਿ ਕਿਸੇ ਵਿਸ਼ੇਸ਼ ਪ੍ਰਕਾਰ ਦਾ ਪਹਿਰਾਵਾ ਜਾਂ ਭੇਖ ਧਾਰਨ ਕਰਕੇ ਹੀ ਮੋਕਸ਼ ਪ੍ਰਾਪਤ ਕੀਤਾ ਜਾ ਸਕਦਾ ਹੈ। ਅਜਿਹੇ ਵਿਅਕਤੀਆਂ ਉੱਪਰ ਜ਼ਬਰਦਸਤ ਕਟਾਖ਼ਸ਼ ਕਰਦਿਆਂ ਇਨ੍ਹਾਂ ਦੀ ਤੁਲਨਾ ਬਨਾਰਸ ਦੇ ਠੱਗਾਂ ਨਾਲ ਕੀਤੀ ਹੈ :

**ਗਜ ਸਾਢੇ ਤ੍ਰੈ ਤੈ ਧੋਤੀਆਂ ਤਿਹਰੇ ਪਾਇਨਿ ਤਗ॥**
**ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ॥**
**ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥**
**ਐਸੇ ਸੰਤ ਨ ਮੋ ਕਉ ਭਾਵਹਿ॥**
**(ਅ. ਗ੍ਰ. ਪੰਨਾ 476)**

ਸਤਿਗੁਰੂ ਕਬੀਰ ਜੀ ਨੇ ਵੇਦਾਂ, ਸਮ੍ਰਿਤੀਆਂ ਤੇ ਸ਼ਾਸਤਰਾਂ ਦੁਆਰਾ ਸਥਾਪਿਤ ਵਰਣ-ਆਸ਼ਰਮ ਧਰਮ ਵਿਚ ਬ੍ਰਾਹਮਣ ਦੇ ਸ੍ਰੇਸ਼ਟ ਦਰਜੇ ਨੂੰ ਵੀ ਵੰਗਾਰਿਆ। ਆਪ ਦਾ ਇਹ ਵਿਚਾਰ ਸ੍ਰਮਣ ਸੰਸਕ੍ਰਿਤੀ ਦੇ ਭਗਤ ਦੀ ਸ੍ਰੇਸ਼ਟਤਾ ਕਾਇਮ ਕਰਕੇ ਭਾਰਤੀ ਸਮਾਜ ਵਿਚ ਸਥਾਪਿਤ ਰੂੜ੍ਹੀਵਾਦੀ ਵਿਵਸਥਾ ਅਤੇ ਵੈਦਿਕ ਵਿਚਾਰਧਾਰਾ ਨੂੰ ਇਕ ਖੁੱਲ੍ਹਾ ਚੈਲੰਜ ਸੀ। ਆਪ ਕਹਿੰਦੇ ਹਨ:

**ਕਬੀਰ ਬਾਮਨ ਗੁਰੂ**
**ਹੈ ਜਗਤ ਕਾ**
**ਭਗਤਨ ਕਾ ਗੁਰੂ**
**ਨਾਹਿ॥**
**ਅਰਝਿ ਉਰਝਿ ਕੇ**
**ਪਚਿ ਮੂਆ**
**ਚਾਰਹੁ ਬੇਦਹੁ**
**ਮਾਬਿ॥**
**(ਸ਼ਲੋਕ 237)**

ਆਪ ਨੇ ਸਮਾਨਤਾ-ਅਧਾਰਿਤ ਮਾਨਵਵਾਦੀ ਭਾਰਤੀ ਸਮਾਜ ਦੀ ਸਥਾਪਤੀ ਲਈ ਸਵਾਰਥਵਾਦੀ ਅਥਵਾ ਪਦਾਰਥਵਾਦੀ ਰੁਚੀ ਅਧੀਨ ਦੂਸਰਿਆਂ ਉੱਪਰ ਜ਼ੁਲਮ ਕਰਨ ਦਾ ਵਿਰੋਧ ਕੀਤਾ।

ਆਪ ਨੇ ਆਪਣੀ ਬਾਣੀ ਵਿਚ 'ਲੋਭ ਮੋਹ ਸਭ ਬੀਸਰਿ ਜਾਹੁ' (ਪੰਨਾ 343) 'ਧਰਮ ਦਇਆ ਕਰ ਬਾੜੀ' (ਪੰਨਾ 969) ਅਤੇ 'ਮਨ ਮੇਰੇ ਭੂਲੇ ਕਪਟੁ ਨ ਕੀਜੈ' (ਪੰਨਾ 656) ਦਾ ਉਪਦੇਸ਼ ਦੇ ਕੇ ਸੁਚੱਜਾ ਮਨੁੱਖ ਸਿਰਜਣ ਦੀ ਪ੍ਰੇਰਨਾ ਦਿੱਤੀ।

ਆਪ ਦਾ ਸਪਸ਼ਟ ਮੱਤ ਸੀ ਕਿ ਗ਼ਰੀਬਾਂ, ਨਿਤਾਣਿਆਂ, ਨਿਮਾਣਿਆਂ ਲਈ ਸੰਘਰਸ਼ ਤੇ ਯੁੱਧ ਕਰਨ ਵਾਲਾ ਪੁਰਸ਼ ਹੀ ਵਾਸਤਵ ਵਿਚ ਸੂਰਬੀਰ, ਬਹਾਦਰ ਤੇ ਯੋਧਾ ਹੈ :

**ਸੂਰਾ ਸੋ ਪਹਿਚਾਨੀਐ**
**ਜੁ ਲਰੈ ਦੀਨ ਕੇ ਹੇਤ॥**
**(ਅ. ਗ੍ਰ. ਪੰਨਾ 1105)**

ਅਜੋਕੇ ਭਾਰਤੀ ਸਮਾਜ ਵਿਚ ਵੀ ਪ੍ਰੋਹਿਤਵਾਦ ਅਤੇ ਰੂੜ੍ਹੀਵਾਦ ਨੇ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ, ਛੱਲ-ਕਪਟ ਅਤੇ ਪਾਖੰਡਵਾਦ ਦਾ ਅਜਿਹਾ ਆਡੰਬਰ ਰੱਚਿਆ ਹੋਇਆ ਕਿ ਭਾਰਤੀ ਇਸ ਭਰਮ-ਜਾਲ ਵਿਚ ਬੁਰੀ ਤਰ੍ਹਾਂ ਉਲਝ ਕੇ ਰਾਸ਼ਟਰੀ ਏਕਤਾ ਨੂੰ ਜ਼ਬਰਦਸਤ ਢਾਹ ਲਾ ਰਹੇ ਹਨ। ਸਤਿਗੁਰੂ ਕਬੀਰ ਜੀ ਨੇ ਬਾਣੀ ਵਿਚ ਇਸ ਦਾ ਸਮਾਧਾਨ ਪ੍ਰਸਤੁਤ ਕੀਤਾ ਹੈ:

**ਹਮਰਾ ਝਗਰਾ ਰਹਾ ਨ ਕੋਊ**
**ਪੰਡਿਤ ਮੁਲਾਂ ਛਾਡੇ ਦੋਊ॥**
**(ਅ. ਗ੍ਰ. ਪੰਨਾ 1193)**

ਸਤਿਗੁਰੂ ਕਬੀਰ ਜੀ ਨੇ ਮਾਨਵ-ਧਰਮ ਸਮਾਜ ਕਾਇਮ ਕਰਨ ਲਈ ਛੱਲ-ਕਪਟ ਅਤੇ ਪਾਖੰਡਵਾਦ ਦਾ ਵਿਰੋਧ ਕੀਤਾ। ਅੱਜ ਜਦੋਂ ਤੱਤਕਾਲੀਨ ਭਾਰਤੀ ਜੀਵਨ ਵਿਚ ਭ੍ਰਿਸ਼ਟਾਚਾਰ, ਬੇਈਮਾਨੀ, ਧੋਖਾ, ਠੱਗੀ, ਚਰਿੱਤਰਹੀਣਤਾ, ਅਸਹਿਣਸ਼ੀਲਤਾ ਅਤੇ ਅਨੇਕ ਪ੍ਰਕਾਰ ਦੀਆਂ ਕੁਰੀਤੀਆਂ ਹਾਵੀ ਹੋ ਰਹੀਆਂ ਹਨ, ਸਤਿਗੁਰੂ ਕਬੀਰ ਜੀ ਦੀ ਇਨਕਲਾਬੀ ਵਿਚਾਰਧਾਰਾ ਦੀ ਮਹੱਤਤਾ ਤੇ ਸਾਰਥਕਤਾ ਹੋਰ ਵੀ ਵੱਧ ਜਾਂਦੀ ਹੈ। ਆਪ ਜੀ ਦੁਆਰਾ ਦਰਸਾਏ ਮਾਰਗ ਉੱਪਰ ਵਾਸਤਵਿਕ ਰੂਪ ਵਿਚ ਚੱਲ ਕੇ, ਆਪ ਜੀ ਵਲੋਂ ਨਿਰਧਾਰਤ ਜੀਵਨ-ਦਰਸ਼ਨ, ਜੀਵਨ ਮੁੱਲਾਂ ਅਤੇ ਕਦਰਾਂ-ਕੀਮਤਾਂ ਨੂੰ ਅਮਲੀ ਤੌਰ ਤੇ ਪ੍ਰੈਕਟਿਸ ਵਿਚ ਲਿਆ ਕੇ ਹੀ ਅਸੀਂ ਇਕ ਵਧੀਆ, ਖੁਸ਼ਹਾਲ ਅਤੇ ਕਲਿਆਣਕਾਰੀ ਭਾਰਤੀ ਸਮਾਜ ਦੀ ਸਥਾਪਨਾ ਕਰ ਸਕਦੇ ਹਾਂ ਜੋ ਭਾਰਤੀ ਲੋਕਤੰਤਰ ਦਾ ਸਹੀ ਅਰਥਾਂ ਵਿਚ ਇਕ ਪ੍ਰਭਾਵਸ਼ਾਲੀ, ਸਿਧਾਂਤਕ ਤੇ ਸਾਕਾਰ ਰੂਪ ਹੋਵੇਗਾ।

# 'ਏਕ ਨੂਰ ਤੇ ਸਭੁ ਜਗੁ ਉਪਜਿਆ'

ਰਹੱਸਮਈ ਹੈ। ਸਾਰਾ ਜੀਵਨ ਉਹ ਕਾਸ਼ੀ ਵਿਚ ਰਹਿਣ ਦੇ ਬਾਵਜੂਦ ਅੰਤ ਸਮਾਂ ਸੰਨ 1518 ਦੇ ਕਬੀਰ ਮਗਹਰ ਚਲੇ ਗਏ ਸਨ ਤੇ ਉਥੇ ਹੀ ਉਨ੍ਹਾਂ ਦੀ ਇਸੇ ਸਾਲ ਮੌਤ ਹੋ ਗਈ। ਇਸ ਮੌਤ ਦੇ ਸੰਨ ਬਾਰੇ ਵੀ ਕਈ ਵਿਦਵਾਨਾਂ ਦੇ ਆਪਣੇ ਮੱਤ ਅਲੱਗ-ਅਲੱਗ ਰੱਖੇ ਹਨ ਪਰ ਬਹੁ ਮੱਤ ਉਨ੍ਹਾਂ ਦੀ ਮੌਤ ਦਾ ਸੰਨ 1518 ਈਸਵੀ ਹੀ ਮੰਨਦਾ ਹੈ।

ਮਗਹਰ ਚਲੇ ਜਾਣ ਪਿੱਛੇ ਵੀ ਉਨ੍ਹਾਂ ਦੀ ਇਕ ਸੋਚ ਕੰਮ ਕਰਦੀ ਸੀ। ਇਹ ਇਕ ਬਹੁਤ ਵੱਡਾ ਲੋਕਾਂ ਵਿਚ ਵਹਿਮ ਸੀ ਕਿ ਕਾਸ਼ੀ ਵਿਚ ਜਿਸ ਦੀ ਮੌਤ ਹੁੰਦੀ ਹੈ, ਉਹ ਸਿੱਧਾ ਸਵਰਗਾਂ ਵਿਚ ਜਾਂਦਾ ਹੈ ਤੇ ਜਿਸ ਦੀ ਮੌਤ ਮਗਹਰ ਵਿਚ ਹੋਵੇ ਉਹ ਸਿੱਧਾ ਨਰਕਾਂ ਵਿਚ ਜਾਂਦਾ ਹੈ। ਇਸ ਲੋਕਾਂ ਦੇ ਵਹਿਮ ਨੂੰ ਤੋੜਨ ਲਈ ਉਹ ਨਰਕਾਂ ਤੋਂ ਡਰੇ ਨਹੀਂ ਤੇ ਸਵਰਗਾਂ ਦੀ ਨਾ ਪ੍ਰਵਾਹ ਕਰਦਿਆਂ ਉਹਨਾਂ ਨੇ ਆਪਣਾ ਅੰਤਿਮ ਜੀਵਨ ਮਗਹਰ ਵਿਖੇ ਹੀ ਬਤੀਤ ਕੀਤਾ। ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਲੋਕਾਂ ਦੇ ਸਵਰਗ ਤੇ ਨਰਕ ਦੇ ਵਹਿਮ ਨੂੰ ਤੋੜਿਆ ਜੋ ਕਿ ਉਨ੍ਹਾਂ ਦੀ ਇਕ ਵਿਗਿਆਨਕ ਸੋਚ ਦਾ ਪ੍ਰਤੀਕ ਹੈ।

ਉਨ੍ਹਾਂ ਦੀ ਮੌਤ ਤੋਂ ਬਾਅਦ ਹਿੰਦੂ ਆਪਣੇ ਧਰਮ ਅਨੁਸਾਰ ਉਨ੍ਹਾਂ ਦਾ ਅੰਤਿਮ ਸੰਸਕਾਰ ਕਰਨਾ ਚਾਹੁੰਦੇ ਸਨ ਅਤੇ ਮੁਸਲਮਾਨ ਆਪਣੇ ਧਰਮ ਅਨੁਸਾਰ ਕਰਨਾ ਚਾਹੁੰਦੇ ਸਨ। ਆਪਣੇ ਧਰਮ ਅਨੁਸਾਰ ਵਿਵਾਦ ਦੀ ਸਥਿਤੀ ਵਿਚ ਇਕ ਅਜੀਬ ਘਟਨਾ ਵਾਪਰੀ, ਉਹਨਾਂ ਦੇ ਮ੍ਰਿਤਕ ਸਰੀਰ ਤੋਂ ਜਦੋਂ ਚਾਦਰ ਹਟਾਈ ਗਈ ਤਾਂ ਦੇਖਿਆ ਕਿ ਮ੍ਰਿਤਕ ਸਰੀਰ ਦੀ ਥਾਂ ਕੁਝ ਫੁੱਲ ਪਏ ਸਨ ਜਿਹਨਾਂ ਨੂੰ ਦੋਹਾਂ ਧਰਮਾਂ ਦੇ ਲੋਕਾਂ ਨੇ ਆਪਸ ਵਿਚ ਅੱਧੇ-ਅੱਧੇ ਵੰਡ ਲਿਆ।

ਸਤਿਗੁਰੂ ਕਬੀਰ ਦਾਸ ਜੀ ਦੇ ਮਹਾਨ ਵਿਅਕਤਿਤਵ ਤੇ ਅਹਿਮੀਅਤ ਨੂੰ ਜਾਇਸੀ ਨੇ ਆਪਣੀ ਰਚਨਾ ਵਿਚ ਬਹੁਤ ਹੀ ਸੁੰਦਰ ਤਰੀਕੇ ਨਾਲ ਤੇ ਸਤਿਕਾਰ ਨਾਲ ਬਿਆਨ ਕੀਤਾ ਹੈ:

**"ਨਾ ਨਾਰਦ ਤਬ ਰੋਈ ਪੁਕਾਰਾ ਇਕ ਜੁਲਾਹੇ ਸੇ ਮੈਂ ਹਾਰਾ।**
**ਪ੍ਰੇਮ ਤਨਤੂ ਨਿਤ ਤਾਨਾ ਤਨਾਈ, ਜਪ ਤਪ ਸਾਧ ਸੈਕਰਾ ਭਰਾਈ।"**

ਦੋਸਤੋ! ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੈ ਕਿ ਸਤਿਗੁਰੂ ਕਬੀਰ ਦਾਸ ਜੀ ਕੋਈ ਬਚਿੱਤਰ ਨਹੀਂ ਹਨ ਸਗੋਂ ਇਕ ਸਧਾਰਨ ਵਿਅਕਤੀ ਸਨ ਪ੍ਰੰਤੂ ਇਸ ਸਾਧਾਰਨਤਾ ਵਿਚ ਹੀ ਉਹ ਬਹੁਤ ਵਿਸ਼ੇਸ਼ ਵਿਅਕੱਤਿਤਵ ਦੇ ਮਾਲਕ ਹਨ। ਹਿੰਦੀ ਸਾਹਿਤ ਦੇ ਇਤਿਹਾਸ ਵਿਚ ਉਨ੍ਹਾਂ ਵਰਗਾ ਮਹਾਨ ਵਿਅਕੱਤਿਤਵ ਹੋਰ ਕੋਈ ਨਹੀਂ ਹੈ। 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਬਾਣੀ ਨੇ ਵੀ ਉਨ੍ਹਾਂ ਨੂੰ ਅਮਰ ਬਣਾ ਦਿੱਤਾ ਹੈ ਕਿਉਂਕਿ ਉਨ੍ਹਾਂ ਦੀ ਬਾਣੀ 'ਸਰਬ-ਸਾਂਝੀਵਾਲਤਾ' ਤੇ 'ਸਮਾਜਿਕ ਬਰਾਬਰੀ' ਦਾ ਮਾਨਵਤਾ ਨੂੰ ਸੰਦੇਸ਼ ਦਿੰਦੀ ਹੈ ਤੇ ਇਹੀ ਉਨ੍ਹਾਂ ਦੀ ਸੋਚ 'ਸੰਸਾਰਕ ਸਮਾਜ' ਸਿਰਜਣ ਵਿਚ ਸਹਾਈ ਹੁੰਦੀ ਹੈ।



ਇਹ ਦੋ ਵਿਦਵਾਨ ਹਨ ਜੀ, ਡਾ. ਰੌਣਕੀ ਰਾਮ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਡਾ. ਜੋਗਾ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਰੌਣਕੀ ਰਾਮ ਗਰੀਬਾਂ (ਦਲਿਤਾਂ) ਦੇ ਪੱਖ ਵਿਚ ਖੋਜਾਂ ਕਰ ਰਿਹਾ ਹੈ, ਤੇ ਡਾ. ਜੋਗਾ ਸਿੰਘ ਗਰੀਬਾਂ ਦੀ ਭਾਸ਼ਾ ਬਣ ਰਹੀ 'ਪੰਜਾਬੀ' ਦੇ ਪੱਖ ਵਿਚ ਅਵਾਜ਼ ਬੁਲੰਦ ਕਰ ਰਿਹਾ ਹੈ। ਕੁਝ ਕੱਟੜ ਉਚੀਆਂ ਜਾਤਾਂ ਵਾਲੇ ਡਾ. ਰੌਣਕੀ ਰਾਮ ਨੂੰ ਚੰਗਾ ਨਹੀਂ ਸਮਝਦੇ ਤੇ ਕੁਝ ਕੱਟੜ ਅੰਗਰੇਜੀ ਦੇ ਚਾਟੜੇ ਲੋਕ ਡਾ. ਜੋਗਾ ਸਿੰਘ ਬਾਰੇ ਵੀ ਊਲ ਜਲੂਲ ਬੋਲ ਪੈਂਦੇ ਹਨ... ਕੁਝ ਵੀ ਹੋਵੇ ਬੰਦਾ ਨਿੱਜੀ ਤੌਰ ਤੇ ਕੁਝ ਵੀ ਹੋ ਸਕਦਾ ਹੈ ਪਰ ਇਨ੍ਹਾਂ ਦੋਵਾਂ ਦਾ ਕੀਤਾ ਹੋਇਆ ਕੰਮ ਬੋਲਦਾ ਹੈ।

**– ਗੁਰਨਾਮ ਸਿੰਘ ਅਕੀਦਾ**

# ਬਾਬਾ ਸੋਹਣ ਸਿੰਘ ਭਕਨਾ
## (4 ਜਨਵਰੀ 1870 ਤੋਂ 20 ਦਸੰਬਰ 1968)



ਗਦਰ ਪਾਰਟੀ ਦੇ ਮੁਖੀ ਅਤੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਜਿਹਨਾਂ ਨੇ ਸੈਂਕੜੇ ਯੋਧਿਆਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਬੀਜ ਬੀਜਿਆ ਅਤੇ ਇਸ ਨੂੰ ਅੱਗੇ ਵਧਾਇਆ। ਬਾਬਾ ਸੋਹਨ ਸਿੰਘ ਭਕਨਾ ਦਾ ਨੌਜਵਾਨਾਂ ਨੂੰ ਸੰਦੇਸ਼ ਪ੍ਰੋਫੈਸਰ ਮਾਲਵਿੰਦਰ ਸਿੰਘ ਦੁਆਰਾ ਭੇਜੀ ਪੁਸਤਕ ਹਾਲ ਹੀ ਵਿਚ ਮੈਨੂੰ ਮਿਲੀ। ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਸੰਘਰਸ਼ ਭਰਿਆ ਅਤੇ ਆਮ ਸਧਾਰਨ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਉਹਨਾਂ ਨੇ ਬਚਪਨ ਤੋਂ ਅਖੀਰ ਤੱਕ ਜੂਝਣ ਦਾ ਤਜਰਬਾ ਹੀ ਹਾਸਲ ਕੀਤਾ। ਬਚਪਨ ਤੋਂ ਅਖੀਰ ਤਕ ਜੂਝਣ ਦਾ ਤਜਰਬਾ ਹੀ ਹਾਸਿਲ ਕੀਤਾ। ਚੜ੍ਹਦੀ ਜਵਾਨੀ ਵੇਲੇ ਹੀ ਓਹ ਮੁਹਾਵੇ ਵਾਲੇ ਨਾਮਧਾਰੀ ਇਨਕਲਾਬੀ ਬਾਬਾ ਕੇਸਰ ਹੁਰਾਂ ਦੀ ਸੰਗਤ ਸਦਕਾ ਹੀ ਏਧਰ ਤੁਰੇ ਅਤੇ ਫਿਰ ਅਮਰੀਕਾ ਸੀ ਜਾਂ ਹਿੰਦੁਸਤਾਨ ਓਹਨਾਂ ਨੇ ਪਿਛੇ ਮੁੜ ਕੇ ਨਾ ਵੇਖਿਆ। 1914 ਵਿਚ **'ਕਾਮਾ ਗਾਟਾ ਮਾਰੂ'** ਜਹਾਜ਼ ਭਾਰਤ ਮੁੜਣ ਦੌਰਾਨ ਬਾਬਾ ਭਕਨਾ ਦੀ ਅਗਵਾਈ ਹੇਠ ਪਹੁੰਚੇ ਬਹੁਤ ਸਾਰੇ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੋਰ ਸਾਥੀਆਂ ਨਾਲ ਓਹਨਾਂ ਨੂੰ ਵੀ ਫਾਂਸੀ ਦੀ ਸਜ਼ਾ ਹੋਈ ਜੋ ਬਾਅਦ ਵਿਚ ਉਮਰ-ਕੈਦ ਵਿਚ ਵਟ ਗਈ ਅਤੇ ਓਹ ਕਾਲੇਪਾਣਿਆਂ ਦੀ ਨਰਕੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ । ਅਗੋਂ ਜੋ ਓਹਨਾਂ ਅਤੇ ਓਹਨਾਂ ਦੇ ਸਾਥੀਆਂ ਤੇ ਬਣੀਆਂ ਓਹ ਹੁਣ ਇਤਿਹਾਸ ਹੈ, ਜੋ ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਹੁਰਾਂ ਵਲੋਂ ਬਾਬਾ ਜੀ ਬਾਰੇ ਸੰਪਾਦਿਤ ਪੁਸਤਕ "ਜੀਵਨ ਸੰਗਰਾਮ" ਵਿਚੋਂ ਲੜੀਵਾਰ ਲੇਖ **ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ'** ਵਿਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ!



**– ਪਸ਼ੌਰਾ ਸਿੰਘ ਢਿੱਲੋਂ** (1-559-708-4399)

### ਜੀਵਨ ਸੰਗਰਾਮ
### (ਭਾਗ ਦੂਜਾ)
### 23. ਕੌਮੀ ਹਕੂਮਤ ਦੀ ਦੇਣ

ਜਿਹੜੀ ਮੈਨੂੰ ਆਖਰੀ ਭੁੱਖ ਹੜਤਾਲ ਕਰਨੀ ਪਈ, ਉਹ ਸਾਰੀਆਂ ਨਾਲੋਂ ਦੁਖਦਾਇਕ ਹੈ। ਉਹ ਇਸ ਲਈ ਕਿ ਪਹਿਲੀਆਂ ਭੁੱਖ ਹੜਤਾਲਾਂ ਤਾਂ ਅੰਗਰੇਜ਼ ਦੇ ਰਾਜ ਵਿਚ ਹੋਈਆਂ ਪਰ ਇਹ ਭੁੱਖ ਹੜਤਾਲ 1948 ਦੇ ਸ਼ੁਰੂ ਵਿਚ ਕੌਮੀ ਸਰਕਾਰ ਦੇ ਵਕਤ ਹੋਈ। ਇਸ ਦੀ ਪੀੜ ਮੇਰੇ ਦਿਲ ਵਿਚ ਅਜੇ ਤੱਕ ਹੈ। ਜਦੋਂ ਮਾਰਚ 1948 ਦਾ ਮਹੀਨਾ ਚੜ੍ਹਿਆ ਤਾਂ ਕਿਰਤੀ ਕਿਸਾਨ ਆਸ਼ਰਮ ਵਿਚ ਬੈਠਿਆਂ ਨੂੰ ਮੈਨੂੰ ਪੁਲਿਸ ਨੇ ਅਚਾਨਕ ਆ ਗ੍ਰਿਫਤਾਰ ਕੀਤਾ। ਮੇਰੇ ਨਾਲ ਸੋਹਣ ਸਿੰਘ ਜੋਸ਼ ਤੇ ਹੋਰ ਵੀ 7-8 ਕਮਿਊਨਿਸਟ ਸਾਥੀ ਗ੍ਰਿਫਤਾਰ ਕੀਤੇ। ਵਰੰਟਾਂ ਉਤੇ ਕੋਈ ਠੋਸ ਵਜ੍ਹਾ ਨਹੀਂ ਸੀ। ਪੁੱਛਣ ਤੇ ਵੀ ਪੁਲਿਸ ਵੱਲੋਂ ਕੋਈ ਸਹੀ ਜਵਾਬ ਨਾ ਮਿਲਿਆ। ਅਖੀਰ ਯੋਲ ਕੈਂਪ ਵਿਚ ਸਾਡਾ ਚਲਾਨ ਕਰ ਦਿੱਤਾ ਗਿਆ। ਯੋਲ ਕੈਂਪ ਦਾ ਵਰਤਾਓ ਤੇ ਰੋਟੀ ਵਗੈਰਾ ਅੰਗਰੇਜ਼ਾਂ ਦੇ ਵਕਤ ਨਾਲੋਂ ਵੀ ਨਿਕੰਮੀ ਸੀ। ਬੋਲਚਾਲ ਵੀ ਬੜੀ ਰੁੱਖੀ ਸੀ। ਇਸ ਲਈ ਪੁਲਿਸ ਵੱਲੋਂ ਕੋਈ ਜਵਾਬ ਨਾ ਮਿਲਣ ਤੇ ਯੋਲ ਕੈਂਪ ਦੇ ਹਾਕਮਾਂ ਦਾ ਰੁੱਖਾ ਵਰਤਾਓ ਵੇਖ ਕੇ ਸਾਰੇ ਸਾਥੀਆਂ ਨੇ ਭੁੱਖ ਹੜਤਾਲ ਕਰ ਦਿੱਤੀ। ਇਹ ਭੁੱਖ ਹੜਤਾਲ 27-28 ਦਿਨ ਚਲਦੀ ਰਹੀ। ਸੰਤ ਵਿਸਾਖਾ ਸਿੰਘ ਪ੍ਰਧਾਨ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਨੇ ਜਵਾਹਰ ਲਾਲ ਨੂੰ ਮਿਲ ਕੇ ਇਹ ਕਿਹਾ, "ਜਿੰਨ੍ਹਾਂ ਲੋਕਾਂ ਨੇ ਤੁਹਾਡੀਆ ਜੜ੍ਹਾਂ ਲਾਈਆਂ, ਅੱਜ ਆਜ਼ਾਦੀ ਦੇ ਬਾਅਦ ਉਹਨਾਂ ਹੀ ਲੋਕਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਜਾਂਦਾ ਹੈ। ਕੀ ਇਹੋ ਹੈ ਕੌਮੀ ਹਕੂਮਤ?" ਜਵਾਹਰ ਲਾਲ ਨੇ ਕਿਹਾ, "ਬਾਬਾ ਜੀ ਅਜੇ ਤੱਕ ਮੈਨੂੰ ਤਾਂ ਕੋਈ ਇਤਲਾਹ ਨਹੀਂ ਹੋਈ। ਮੈਂ ਪੰਜਾਬ ਵਾਲਿਆਂ ਨੂੰ ਪੁੱਛਦਾ ਹਾਂ।" ਅਖੀਰ 3-4 ਦਿਨ ਬਾਅਦ ਸਾਡੀ ਸਾਰਿਆਂ ਦੀ ਰਿਹਾਈ ਕੀਤੀ ਗਏ. ਤੇ ਅਸਾਂ ਭੁੱਖ ਹੜਤਾਲ ਤੋੜ ਦਿੱਤੀ। ਜਦੋਂ ਪਹਿਲੀਆਂ ਛੇ ਭੁੱਖ ਹੜਤਾਲਾਂ ਹੋਈਆਂ, ਜਲ੍ਹਿਆਂ ਵਾਲੇ ਦੀ ਭੁੱਖ ਹੜਤਾਲ ਸਮੇਤ, ਉਦੋਂ ਅਜੇ ਸਰੀਰ ਐਨਾ ਬੁੱਢਾ ਨਹੀਂ ਸੀ। ਪਰ ਹੁਣ ਬੁਢੇਪੇ ਦਾ ਵਕਤ ਆ ਗਿਆ ਸੀ ਇਸ ਲਈ ਯੋਲ ਕੈਂਪ ਦੀ ਨਾਜਾਇਜ਼ ਬੰਦਿਸ਼ ਤੇ ਭੁੱਖ ਹੜਤਾਲ ਨੇ ਮੇਰੀ ਕਮਰ ਜਲਦੀ ਹੀ ਟੇਢੀ ਕਰ ਦਿੱਤੀ। ਅੱਜ ਵੀ ਜੇ ਕੋਈ ਮੈਨੂੰ ਪੁੱਛਦਾ ਹੈ ਕਿ ਤੇਰੀ ਕਮਰ ਟੇਢੀ ਕਿਉਂ ਹੋ ਗਈ ਤਾਂ ਮੈਂ ਇਹ ਜਵਾਬ ਦਿੰਦਾ ਹਾਂ ਕਿ ਇਹ ਕੌਮੀ ਕਾਂਗਰਸ ਹਕੂਮਤ ਦੀ ਮੇਰੀ ਪਿੱਠ ਤੇ ਮੂਹਰ ਛਾਪ ਹੈ। ਇਹ ਆਖਰੀ (ਸੱਤਵੀਂ) ਭੁੱਖ ਹੜਤਾਲ ਸੀ ਜੋ ਜੇਲ੍ਹ ਸੰਗਰਾਮ ਵਿਚ ਮੈਨੂੰ ਕਰਨੀ ਪਈ।

### 24. ਦੇਸ਼ ਭਗਤ ਯਾਦਗਾਰ ਹਾਲ

ਸੰਤ ਵਿਸਾਖਾ ਸਿੰਘ ਪ੍ਰਧਾਨ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਵਾਕਈ ਸੰਤ ਸਨ। ਉਹਨਾਂ ਨੇ ਕੈਦੀ ਪਰਿਵਾਰ ਸਹਾਇਕ ਕਮੇਟੀ ਦੀ ਅਟੁੱਟ ਸੇਵਾ ਅਖ਼ੀਰ ਦਮ ਤੱਕ ਕੀਤੀ ਅਤੇ ਉਸਦੇ ਪ੍ਰਧਾਨ ਰਹੇ। ਦੂਸਰੇ ਸਾਥੀਆਂ ਨੇ ਵੀ ਦੇਸ਼ ਭਗਤਾਂ ਤੇ ਫਾਂਸੀ ਉਤੇ ਲਟਕ ਚੁੱਕੇ ਸਾਥੀਆਂ ਦੇ ਪਰਿਵਾਰਾਂ ਦੀ ਸਹਾਇਤਾ ਸੱਚੇ ਦਿਲ ਨਾਲ ਕੀਤੀ। ਸੱਚ ਤਾਂ ਇਹ ਹੈ ਕਿ ਗ਼ਦਰ ਪਾਰਟੀ ਜ਼ਿੰਦਾ ਹੀ ਇਸ ਸੇਵਾ ਦੇ ਸਿਰ ਤੇ ਰਹੀ। ਅਮਰੀਕਾ, ਕੈਨੇਡਾ, ਪਨਾਮਾ, ਅਰਜਨਟਾਈਨਾ ਆਦਿ ਬਾਹਰ ਦੇ ਟਾਪੂਆਂ ਦੇ ਸੱਜਣਾਂ ਨੇ ਵੀ ਲੱਖਾਂ ਰੁਪਏ ਕਮੇਟੀ ਨੂੰ ਭੇਜ ਕੇ ਇਹ ਸਾਬਤ ਕਰ ਦਿੱਤਾ ਕਿ ਆਪਣੇ ਬਲੀਦਾਨ ਹੋਏ ਸ਼ਹੀਦਾਂ ਦੀ ਸਾਡੇ ਮਨ ਵਿਚ ਕਿੰਨੀ ਇੱਜ਼ਤ ਹੈ।

ਕਮੇਟੀ ਤੇ ਸੰਤ ਵਿਸਾਖਾ ਸਿੰਘ ਨੇ ਦੇਸ਼ ਭਗਤ ਯਾਦਗਾਰ ਬਣਾਉਣ ਦਾ ਪਹਿਲਾਂ ਹੀ ਇਰਾਦਾ ਕਰ ਲਿਆ ਸੀ ਤੇ ਕਈ ਜਗ੍ਹਾ ਵੀ ਵੇਖੀਆਂ ਸਨ। 29000 ਰੁਪਿਆ ਵਿਸਾਖਾ ਸਿੰਘ ਦੇ ਗੁਜਰਨ ਤੱਕ ਜਮ੍ਹਾ ਹੋ ਚੁੱਕਿਆ ਸੀ ਜੋ ਉਹ ਕਮੇਟੀ ਦੇ ਹਵਾਲੇ ਕਰ ਗਏ। ਪਹਿਲਾਂ ਤਾਂ ਕਮੇਟੀ ਦਾ ਖਿਆਲ ਅੰਮ੍ਰਿਤਸਰ ਯਾਦਗਾਰ ਬਣਾਉਣ ਦਾ ਸੀ। ਪਰ ਉਜਾੜਿਆਂ ਪਿੱਛੋਂ ਹੱਦ ਦੇ ਲਾਗੇ ਯਾਦਗਾਰ ਬਣਾਉਣ ਦਾ ਖਿਆਲ ਬਦਲ ਗਿਆ। ਇਸ ਲਈ 65000 ਦੀ ਜ਼ਮੀਨ, ਜਿਸ ਵਿਚ ਇਕ ਕੋਠੀ ਵੀ ਸੀ ਤੇ ਸੌਦਾ ਵੀ ਸਸਤਾ ਸੀ, ਜਲੰਧਰ ਵਿਚ ਖਰੀਦੀ ਗਈ।

ਸੰਤ ਵਿਸਾਖਾ ਸਿੰਘ ਦੇ ਬਾਅਦ, ਨਵੇਂ ਤੇ ਪੁਰਾਣੇ ਸਾਥੀਆਂ ਨੇ ਤੇ ਖਾਸ ਤੌਰ 'ਤੇ ਭਾਈ ਗੁਰਮੁਖ ਸਿੰਘ ਨੇ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ, ਜਿਸ ਦੀ ਹੁਣ ਬਹੁਤੀ ਲੋੜ ਨਹੀਂ ਸੀ ਰਹੀ, ਤੋੜ ਕੇ ਦੇਸ਼ ਭਗਤ ਯਾਦਗਾਰ ਕਮੇਟੀ ਬਣਾਈ ਤੇ ਜੀ. ਟੀ. ਰੋਡ ਸਿਵਲ ਲਾਈਨਜ਼ ਜਲੰਧਰ ਵਿਚ ਕਮੇਟੀ ਦਾ ਦਫਤਰ ਕਾਇਮ ਕਰ ਦਿੱਤਾ। ਕਮੇਟੀ ਨੇ ਕੰਮ ਦੋ ਹਿੱਸਿਆਂ ਵਿਚ ਵੰਡ ਲਿਆ ਯਾਦਗਾਰ ਦੀ ਇਮਾਰਤ ਬਣਾਉਣਾ ਤੇ ਗ਼ਦਰ ਪਾਰਟੀ ਦਾ ਇਤਿਹਾਸ ਮੁਕੰਮਲ ਕਰਨਾ। ਇਸੇ ਸਮੇਂ ਅਮਰ ਸਿੰਘ ਸੰਧਵਾਂ, ਜੋ ਪਨਾਮਾ ਵਿਚ ਰਹਿ ਚੁੱਕੇ ਸਨ, ਇਕੱਲਿਆਂ ਨੇ ਹੀ 60,000 ਰੁਪਏ ਦਾਨ ਦੇ ਕੇ ਯਾਦਗਾਰ ਦਾ ਮੁੱਢ ਬੰਨ੍ਹ ਦਿੱਤਾ, ਹੋਰਨਾਂ ਸਾਥੀਆਂ ਨੇ ਵੀ ਯਥਾ ਸ਼ਕਤੀ- ਕਿਸੇ ਨੇ ਪੰਜ ਹਜ਼ਾਰ, ਕਿਸੇ ਨੇ ਸੱਤ ਹਜ਼ਾਰ, ਕਿਸੇ ਨੇ ਇਸ ਤੋਂ ਥੋੜ੍ਹਾ ਘੱਟ ਦਿਲ ਖੋਹਲ ਕੇ ਦਾਨ ਕੀਤਾ। ਅਮਰੀਕਾ ਕੈਨੇਡਾ ਤੇ ਹੋਰ ਦੇਸ਼ਾਂ ਵਿਚ ਵੱਸਦੇ ਹਿੰਦੀਆਂ ਨੇ ਲੱਖਾਂ ਰੁਪਿਆ ਕਮੇਟੀ ਨੂੰ ਸੇਵਾ ਲਈ ਘੱਲ ਕੇ, ਸ਼ਹੀਦਾਂ ਲਈ ਆਪਣੇ ਪਿਆਰ ਦਾ ਸਬੂਤ ਦਿੱਤਾ। ਅੱਜ ਇਹਨਾਂ ਦਾਨੀਆਂ ਦੇ ਦੇਸ਼ ਤੇ ਸ਼ਹੀਦਾਂ ਦੇ ਪ੍ਰੇਮ ਦਾ ਸਬੂਤ, ਦੇਸ਼ ਭਗਤ ਯਾਦਗਾਰ ਕੌਮ ਨੂੰ ਦੇ ਰਹੀ ਹੈ। ਇਹ ਸੰਦੇਸ਼ ਦੇ ਰਹੀ ਹੈ ਕਿ ਆਓ ਦੇਸ਼ ਲਈ ਕੁਰਬਾਨੀ ਕਰੋ ਤੇ ਆਪਣੇ ਸ਼ਹੀਦਾਂ ਦੀਆਂ ਕੁਰਬਾਨੀਆਂ ਨਾ ਭੁੱਲੋ।

ਗ਼ਦਰ ਪਾਰਟੀ ਦੇ ਇਤਿਹਾਸ ਦਾ ਪਹਿਲਾ ਹਿੱਸਾ ਕਮੇਟੀ ਨੇ ਤਿਆਰ ਕਰਵਾ ਦਿੱਤਾ ਹੈ, ਪਰ ਮਸਾਲਾ ਨਾ ਮਿਲਣ ਕਰਕੇ ਅਜੇ ਕਈ ਕਮਜ਼ੋਰੀਆਂ ਬਾਕੀ ਹਨ। ਦੂਸਰੇ ਹਿੱਸੇ ਲਈ ਕਮੇਟੀ ਉਦਮ ਕਰ ਰਹੀ ਹੈ।

1964 ਵਿਚ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਗ਼ਦਰ ਪਾਰਟੀ ਦੀ ਗੋਲਡਨ ਜੁਬਲੀ ਮਨਾਈ ਗਈ। ਦੇਸ਼ ਭਰ ਦੇ ਇਨਕਲਾਬੀ ਇਕੱਤਰ ਹੋਏ, ਇਸ ਦੇ ਤਿੰਨ ਸਾਲ ਬਾਅਦ 13 ਸਤੰਬਰ 1967 ਨੂੰ ਯਾਦਗਾਰ ਹਾਲ ਵਿਚ ਇਕ ਸ਼ਹੀਦੀ ਮੇਲਾ ਹੋਇਆ। ਇਸ ਵਿਚ ਵੀ ਹਿੰਦੁਸਤਾਨ ਦੇ ਪੁਰਾਣੇ ਇਨਕਲਾਬੀ, ਬਾਬੇ, ਨਵੇਂ ਨੌਜਵਾਨ, ਦੋਵੇਂ ਕਮਿਊਨਿਸਟ ਗਰੁੱਪ ਤੇ ਹੋਰ ਕਈ ਪਾਰਟੀਆਂ ਦੇ ਨੁਮਾਇੰਦੇ ਇਕੱਠੇ ਹੋਏ। ਆਸ ਸੀ ਕਿ ਇਸ ਇਕੱਠ ਵਿਚ ਏਕਤਾ ਲਈ ਕੋਈ ਚੰਗਾ ਰਾਹ ਨਿਕਲੇਗਾ ਪਰ ਹੋਇਆ ਉਲਟ। ਸਟੇਜ ਉਤੇ ਤੇ ਆਪਣੇ-ਆਪਣੇ ਅਖ਼ਬਾਰਾਂ ਵਿਚ ਏਕਤਾ ਦੀ ਥਾਂ ਅਨੇਕਤਾ ਦਾ ਮੁਜ਼ਾਹਰਾ ਹੋਇਆ ਜਿਸ ਨੂੰ ਕੋਈ ਵੀ ਦੇਸ਼ ਹਿਤੈਸ਼ੀ ਪਸੰਦ ਨਹੀਂ ਕਰ ਸਕਦਾ।

ਅੱਜ ਹਿੰਦੁਸਤਾਨ ਦੀਆਂ ਰਾਜਸੀ ਪਾਰਟੀਆਂ ਉਤੇ ਇਹ ਕਹਾਵਤ ਘਟਦੀ ਹੈ- ਰੋਮ ਸੜ ਰਿਹਾ ਹੈ ਤੇ ਨੀਰੋ ਮਹਿਲ ਵਿਚ ਬੰਸਰੀ ਵਜਾ ਰਿਹਾ ਹੈ।

ਮੈਂ ਦੱਸ ਚੁੱਕਿਆ ਹਾਂ ਕਿ ਕਿਵੇਂ ਭਾਅ ਵਧਣ ਨਾਲ ਮੇਰੀ ਜ਼ਮੀਨ ਛੁੱਟਦੀ ਗਈ ਤੇ ਜ਼ਮੀਨ 'ਚੋਂ ਹੀ ਮੈਂ ਸਕੂਲ ਤੇ ਦੇਸ਼-ਭਗਤ ਯਾਦਗਾਰ ਵਿਚ ਹਿੱਸਾ ਪਾਇਆ। ਆਖੀਰ ਵਿਚ ਸਾਰੇ ਜੀਵਨ ਸੰਗਰਾਮ ਦਾ ਸਿੱਟਾ ਇਹ ਹੈ ਕਿ ਪੂਰੀ ਜ਼ਿੰਦਗੀ ਵਿਚ ਖਰਚ ਕਰਕੇ ਵੀ ਅੱਜ 22 ਏਕੜ ਜ਼ਮੀਨ ਮੇਰੇ ਕੋਲ ਹੈ ਜਿਸ ਤੋਂ ਮੇਰੀ ਤੇ ਮੇਰੀ ਸੇਵਾ ਕਰਨ ਵਾਲਿਆਂ ਦੀ ਰੋਟੀ ਚਲਦੀ ਹੈ। ਨਾ ਹੀ ਮੇਰੇ ਪਾਸ ਜਮ੍ਹਾਂ ਹੈ ਤੇ ਨਾ ਹੀ ਕਰਜ਼ਾ।

ਪਰ ਇਹ 22 ਏਕੜ ਮੇਰੀ ਜਾਨ ਦਾ ਕਲੇਸ਼ ਬਣੇ ਹੋਏ ਹਨ। ਇਸ ਨਿੱਜੀ ਮਲਕੀਅਤੀ ਢਾਂਚੇ ਵਿਚ ਫਾਇਦਾ ਉਠਾਣ ਵਾਲੇ ਤਾਂ ਬਹੁਤ ਹਨ ਜੋ ਦੇਸ਼ ਭਗਤੀ ਮਹਾਤਮਾਪੁਣੇ ਤੇ ਕਈ ਤਰ੍ਹਾਂ ਦੀਆਂ ਰਾਜਸੀ ਚਾਲਾਂ ਰਾਹੀਂ ਜਨਤਾ ਨੂੰ ਧੋਖਾ ਦੇ ਰਹੇ ਹਨ। ਪਰ ਅਸਲ ਵਿਚ ਦੁਖੀ ਦੁਨੀਆਂ ਤੇ ਬੁਢਾਪੇ ਦੀ ਸੰਭਾਲ ਕਰਨ ਵਾਲਾ ਕੋਈ ਨਹੀਂ ਹੈ। ਉਹ ਇਸ ਲਈ ਕਿ ਨਿੱਜੀ ਨਿਜ਼ਾਮ ਵਿਚ ਪੈਸੇ ਤੇ ਖ਼ੂਨ (ਕੰਮ ਕਰਨ ਦੀ ਸ਼ਕਤੀ) ਦੀ ਕਦਰ ਹੈ ਇਨਸਾਨ ਦੀ ਨਹੀਂ।

ਇਸ ਲਈ ਇਹ 22 ਏਕੜ ਜ਼ਮੀਨ ਮੇਰੀ ਜਾਨ ਦਾ ਕਲਾਸ਼ ਬਣੀ ਹੋਈ ਹੈ। ਮੈਨੂੰ ਆਰਾਮ ਤੇ ਬੇਫ਼ਿਕਰੀ ਦੀ ਲੋੜ ਹੈ। ਪਰ ਬੁਢੇਪੇ ਵਿਚ ਆਰਾਮ ਤੇ ਬੇਫਿਕਰੀ ਦੀ ਸਮਾਜਵਾਦੀ ਨਿਜ਼ਾਮ ਤੋਂ ਬਗੈਰ ਕੋਈ ਵੀ ਸੱਚੇ ਸ਼ਬਦਾਂ ਵਿਚ ਗਰੰਟੀ ਨਹੀਂ ਦੇ ਸਕਦਾ।

ਜ਼ਿੰਦਗੀ ਵਿਚ ਮੈਨੂੰ ਲੱਗਭੱਗ ਹਰ ਤਰ੍ਹਾਂ ਦੇ ਲੋਕਾਂ ਜਿਵੇਂ ਅੱਯਾਸ਼ਾਂ, ਰੱਬ ਭਗਤਾਂ, ਰਾਜਸੀ ਦੇਸ਼ ਭਗਤਾਂ, ਗ਼ਦਰ ਪਾਰਟੀ, ਕਮਿਊਨਿਸਟ ਪਾਰਟੀ, ਕਾਂਗਰਸ, ਅਕਾਲੀ ਦਲ ਸਾਰਿਆਂ ਨਾਲ ਵਾਹ ਪਿਆ ਹੈ। ਮੈਂ ਸਾਰਿਆਂ ਕੋਲੋਂ ਹੀ ਕੁਝ ਨਾ ਕੁਝ ਸਿੱਖਿਆ ਹੈ। ਅੱਜ ਵੀ ਮੈਂ ਸਭ ਪਾਰਟੀਆਂ ਦਾ ਧੰਨਵਾਦੀ ਹਾਂ ਤੇ ਅਖਬਾਰਾਂ (ਪ੍ਰੈਸ) ਦਾ ਵੀ, ਜਿਹਨਾਂ ਨੇ ਭੁੱਖ ਹੜਤਾਲਾਂ ਤੇ ਦੂਸਰੇ ਐਜ਼ੀਟੇਸ਼ਨਾਂ ਵੇਲੇ ਸਾਡੀ ਸਹਾਇਤਾ ਕੀਤੀ।

ਮੇਰੀ ਆਤਮਾ ਇਸ ਉਮਰ ਵਿਚ ਇਸ ਗੱਲ ਤੇ ਸੰਤੁਸ਼ਟ ਹੈ ਕਿ ਜੇ ਮੈਂ ਦੇਸ਼ ਸੇਵਾ ਬਹੁਤੀ ਨਹੀਂ ਵੀ ਕਰ ਸਕਿਆ ਤਾਂ ਮੈਂ ਦੇਸ਼ ਨੂੰ ਧੋਖਾ ਵੀ ਨਹੀਂ ਦਿੱਤਾ। ਜਿੰਨਾ ਹੋ ਸਕਿਆ ਆਪਣਾ ਫਰਜ਼ ਸਮਝ ਕੇ ਆਪਣੀ ਤਾਕਤ ਤੇ ਲਿਆਕਤ ਅਨੁਸਾਰ ਕੀਤਾ ਹੈ। ਰਾਜਸੀ ਪੀੜਤਾਂ ਵਾਲੀ ਪੈਨਸ਼ਨ ਵੀ ਮੈਨੂੰ ਮਿਲ ਸਕਦੀ ਸੀ, ਪਰ ਮੈਂ ਲਈ ਨਹੀਂ- ਕਿਉਂਕਿ ਸਰਕਾਰੀ ਰੁਪਏ ਨੂੰ ਮੈਂ ਕੌਮੀ ਰੁਪਿਆ ਸਮਝਦਾ ਹਾਂ। ਮੈਂ ਕਿਸੇ ਵਾਦ ਦਾ ਪੁਜਾਰੀ ਨਹੀਂ। ਜੇ ਕੋਈ ਵੀ ਦੇਸ਼ ਧੱਕੇ ਨਾਲ ਸਾਡੇ ਦੇਸ਼ ਨੂੰ ਤੰਗ ਕਰੇ ਤਾਂ ਮੈਂ ਪਹਿਲਾ ਸਖਸ਼ ਹੋਵਾਂਗਾ ਜੋ ਡੱਟ ਕੇ ਉਹਨਾਂ ਦਾ ਵਿਰੋਧ ਕਰਾਂਗਾ ਤੇ ਆਪਣੀ ਜਾਨ ਤੱਕ ਦੇ ਦਿਆਂਗਾ। ਪਰ ਜੇ ਸਾਡਾ ਮੁਲਕ ਅਨਿਆਂ ਕਰੇ ਜਾਂ ਆਪਣੀ ਸਰਕਾਰ ਲੋਕ ਹਿੱਤਾਂ ਦੇ ਵਿਰੁੱਧ ਕੰਮ ਕਰੇ ਤਾਂ ਮੈਂ ਉਸ ਦੇ ਖਿਲਾਫ ਘੋਲ ਕਰਨੋਂ ਵੀ ਨਹੀਂ ਝਿਜਕਾਂਗਾ। ਮੈਂ ਸਦਾ ਗ਼ਦਰ ਪਾਰਟੀ ਦੀ ਕੌਮੀ ਲੀਹ ਤੇ ਚੱਲਣ ਦਾ ਯਤਨ ਕੀਤਾ ਹੈ। ਦੇਖਦਾ-ਪਰਖਦਾ ਮੈਂ ਸਭ ਪੱਖਾਂ ਨੂੰ ਹਾਂ ਪਰ ਬੁੱਤ ਪ੍ਰਸਤ ਕਿਸੇ ਗੱਲੇ ਨਹੀਂ। ਧਰਮ ਮੈਂ ਸਾਰੇ ਮਨੁੱਖ ਮਾਤਰ ਦਾ ਇਕ ਸਮਝਦਾ ਹਾਂ ਜੋ ਵੰਡਿਆ ਨਹੀਂ ਜਾ ਸਕਦਾ। ਇਹ ਮੇਰਾ ਪੱਕਾ ਨਿਸ਼ਚਾ ਹੈ ਕਿ ਜਦ ਤੱਕ ਆਰਥਿਕ ਵਿਵਸਥਾ ਦੀ ਬੁਨਿਆਦ ਸਮਾਜਵਾਦ ਨਹੀਂ ਅਸਲੀ ਆਜ਼ਾਦੀ ਇਕ ਸੁਪਨਾ ਹੀ ਰਹੇਗੀ।

ਹੁਣ ਮੇਰੀ ਅਵਸਥਾ ਸੌ ਸਾਲ ਦੇ ਨੇੜੇ ਪੁੱਜ ਚੁੱਕੀ ਹੈ। ਬੁਢੇਪੇ ਦਾ ਅਸਰ ਮੇਰੇ ਸਰੀਰ ਤੇ ਪੂਰੀ ਤਰ੍ਹਾਂ ਹੋ ਚੁੱਕਾ ਹੈ। ਹੁਣ ਭੱਜ ਨੱਠ ਕੇ ਦੇਸ਼ ਸੇਵਾ ਕਰਨ ਤੋਂ ਅਸਮਰੱਥ ਹਾਂ। ਪਰ ਚਾਰਪਾਈ ਤੇ ਪਿਆ, ਦੇਸ਼ ਵਾਸਤੇ ਸ਼ੁੱਭ ਇੱਛਾਵਾਂ ਆਪਣੇ ਅੰਦਰ ਜ਼ਰੂਰ ਰੱਖਦਾ ਹਾਂ। ਇਹੀ ਵਜ੍ਹਾ ਹੈ ਕਿ ਮੈਂ ਮੰਜੀ ਉਤੇ ਪਏ ਹੋਏ ਨੇ ਵੀ ਕੁਝ ਪੰਫਲੇਟ ਨੌਜਵਾਨਾਂ ਦੀ ਭੇਟਾ ਕੀਤੇ ਹਨ ਅਤੇ ਜੋ ਕੁਝ ਮੇਰੇ ਪਾਸ ਨੌਜਵਾਨਾਂ ਦੀ ਤਾਰੀਖ਼ੀ ਅਮਾਨਤ ਸੀ ਉਹਨਾਂ ਦੇ ਸਾਹਮਣੇ ਰੱਖ ਦਿੱਤੀ ਹੈ। ਹੁਣ ਮੈਂ ਆਖਰੀ ਉਮਰ ਵਿਚ ਇਹੀ ਅਪੀਲ ਕਰਦਾ ਹਾਂ ਕਿ ਦੇਸ਼ ਨੂੰ ਸੱਚੇ ਅਰਥਾਂ ਵਿਚ ਦੇਸ਼ ਬਣਾਓ ਅਤੇ ਦੁਨੀਆਂ ਦੀਆਂ ਆਜ਼ਾਦ ਕੌਮਾਂ ਨਾਲ ਦੂਸਰੀਆਂ ਕੌਮਾਂ ਦੀ ਇੱਜ਼ਤ ਕਰਦੇ ਹੋਏ- ਆਪਣੀ ਆਜ਼ਾਦੀ ਅਤੇ ਬਰਾਬਰੀ ਨੂੰ ਕਾਇਮ ਰੱਖੋ।

ਮੇਰਾ ਅਕੀਦਾ: ਇਹ ਠੀਕ ਹੈ ਕਿ ਮੈਂ ਰੱਬ ਦੇ ਨਾਂ ਦੀ ਮਾਲਾ ਤਾਂ ਨਹੀਂ ਫੇਰਦਾ, ਪਰ ਉਹਨਾਂ ਦੁਨੀਆਂ ਭਰ ਦੇ ਸ਼ਹੀਦਾਂ- ਚਾਹੇ ਉਹ ਕਿਸੇ ਵੀ ਦੇਸ਼ ਜਾਂ ਕੌਮ ਵਿਚ ਪੈਦਾ ਹੋਏ ਹੋਣ, ਜਿਨ੍ਹਾਂ ਨੇ ਦੁਖੀ ਦੁਨੀਆਂ ਨੂੰ ਜ਼ਾਲਮਾਂ, ਠੱਗਾਂ ਤੇ ਵਹਿਮ ਪ੍ਰਸਤਾਂ ਦੇ ਪੰਜੇ ਤੋਂ ਛੁਡਾਉਣ ਲਈ ਆਪਣੀ ਆਹੂਤੀਆਂ ਦਿੱਤੀਆਂ- ਦੇ ਨਾਮ ਦੀ ਮਾਲਾ ਜ਼ਰੂਰ ਫੇਰਦਾ ਹਾਂ। ਇਹੀ ਮੇਰਾ ਅਕੀਦਾ ਹੈ ਅਤੇ ਇਹੀ ਮੇਰਾ ਧਰਮ ਹੈ। **(ਸਮਾਪਤ)**

# ਬਹੁ-ਕਲਾਵਾਂ ਅਤੇ ਖ਼ੂਬਸੂਰਤੀ ਦਾ ਸੁਮੇਲ- ਸੰਦੀਪ ਕੌਰ ਅਰਸ਼



**ਪ੍ਰੀਤਮ ਲੁਧਿਆਣਵੀ**
**9876428641**

ਹੁਸਨ, ਜਵਾਨੀ, ਖ਼ੂਬਸੂਰਤੀ ਅਤੇ ਬਹੁ-ਕਲਾਵਾਂ ਦਾ ਸੁਮੇਲ ਸੰਦੀਪ ਕੌਰ ਅਰਸ਼ ਨਾਂਓ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀ। "ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:)" ਦੇ "ਕਲਮਾਂ ਦੇ ਸਿਰਨਾਵੇ" ਵਿਚ ਭਰਵੀ ਹਾਜਰੀ ਲਗਵਾ ਚੁੱਕੀ, ਵੱਖ-ਵੱਖ ਅਖਬਾਰਾਂ ਤੇ ਮੈਗਜੀਨਾਂ ਦਾ ਲਗਾਤਾਰ ਸ਼ਿੰਗਾਰ ਬਣਦੀ ਆ ਰਹੀ ਉਸਦੀ ਕਲਮ ਨੇ ਉਸਦਾ ਮਾਣ-ਮੱਤਾ ਤੇ ਸ਼ਾਨਦਾਰ ਸਿਰਨਾਵਾਂ ਵਾਹਕੇ ਰੱਖ ਦਿੱਤਾ ਹੈ। ਦੂਰਦਰਸ਼ਨ ਜਲੰਧਰ ਦੇ ਪ੍ਰੋਗਰਾਮ 'ਵਿਰਾਸਤ', 'ਲਕੀਰਾਂ ਬੋਲਦੀਆਂ', 'ਸਾ ਰੇ ਗਾ ਮਾ' ਆਦਿ ਵਿਚ ਐਂਕਰਿੰਗ ਦੇ ਤੌਰ ਤੇ ਮਿਲਦੇ ਮੌਕਿਆਂ ਅਤੇ 'ਨਵੀਆਂ ਕਲਮਾਂ' ਪ੍ਰੋਗਰਾਮ ਵਿਚ ਕਵੀ-ਦਰਬਾਰ ਦੀ ਪੇਸ਼ਕਾਰੀ ਦੇ ਨਾਲ-ਨਾਲ ਆਲ ਇੰਡੀਆ ਰੇਡੀਓ ਸਟੇਸ਼ਨ ਜਲੰਧਰ ਦੀ ਰੇਡੀਓ-ਟਾਕ ਨੇ ਉਸਦੀ ਪਛਾਣ ਹੋਰ ਵੀ ਗੂਹੜੀ ਕਰ ਕੇ ਰੱਖ ਦਿੱਤੀ।

ਆਪਣੀਆਂ ਸੰਗੀਤਕ ਗਤੀ-ਵਿਧੀਆਂ ਦੀ ਗੱਲ ਕਰਦਿਆਂ ਅਰਸ਼ ਨੇ ਦੱਸਿਆ ਕਿ ਉਹ ਅਜੇ ਸਕੂਲ-ਵਿਦਿਆਰਣ ਹੀ ਸੀ, ਜਦੋ ਗਿੱਧਾ-ਭੰਗੜਾ, ਸਕਿਟ, ਨਾਟਕ ਅਤੇ ਸਟੇਜ-ਸੰਚਾਲਕੀ ਦੇ ਸ਼ੌਕ ਨੇ ਸਕੂਲ ਵਿਚ ਉਸਦੀ ਅੱਡਰੀ ਪਛਾਣ ਬਣਾ ਦਿੱਤੀ ਸੀ। ਫਿਰ ਕਾਲਿਜ ਵਿਚ ਪਹੁੰਚਕੇ ਜਿੱਥੇ ਉਸਨੇ ਐਮ. ਏ. (ਪੁਲੀਟੀਕਲ ਸਾਇੰਸ) ਦੀ ਉਚ-ਡਿਗਰੀ ਹਾਸਲ ਕੀਤੀ, ਉਥੇ ਗੀਤ-ਸੰਗੀਤ ਖੇਤਰ ਨੇ ਵੀ ਅਨੇਕਾਂ ਮਾਨ-ਸਨਮਾਨ ਉਸਦੀ ਝੋਲੀ ਪਾਏ।

ਅਰਸ਼ ਨੂੰ ਨਾ-ਸਿਰਫ ਬੰਧਸ਼ ਵਿਚ ਗੀਤ, ਕਵਿਤਾਵਾਂ ਤੇ ਗ਼ਜ਼ਲਾਂ ਲਿਖਣ ਦੀ ਹੀ ਖ਼ੂਬ ਮੁਹਾਰਤ ਹਾਸਲ ਹੈ, ਬਲਕਿ ਵਾਰਤਿਕ ਵਿਚ ਵੀ ਵੱਖ-ਵੱਖ ਸਮਾਜ-ਸੁਧਾਰਕ ਵਿਸ਼ਿਆਂ ਉਤੇ ਲੇਖ ਲਿਖਣੇ ਦਾ ਉਹ ਸ਼ੌਕ ਪਾਲ ਰਹੀ ਹੈ। ਆਪਣੀਆਂ ਲਿਖੀਆਂ ਕਵਿਤਾਵਾਂ ਤੇ ਗੀਤਾਂ ਨੂੰ ਜਦੋ ਉਹ ਖੁਦ ਹੀ ਕੰਪੋਜ ਕਰ ਕੇ ਆਪਣੀ ਮਿੱਠੀ, ਸੁਰਲੀ ਤੇ ਕੋਇਲ ਵਰਗੀ ਮਧੁਰ ਅਵਾਜ ਵਿਚ ਤਰੰਨੁਮ ਵਿਚ ਪੇਸ਼ ਕਰਦੀ ਹੈ ਤਾਂ ਸਰੋਤਿਆਂ ਤੋ ਮੱਲੋ-ਮੱਲੀ ਵਾਹ-ਵਾਹ ਖੱਟ ਲੈਂਦੀ ਹੈ।



ਇਹ ਉਸਦੀ ਫੇਸ ਬਿਊਟੀ ਦਾ ਇਕ ਪਲੱਸ ਹੀ ਹੈ ਕਿ ਟੈਲੀਫਿਲਮਾਂ ਲਈ ਉਸ ਦੀ ਸਲੈਕਸ਼ਨ ਹੋਣ ਲੱਗਿਆਂ ਦੇਰ ਨਹੀ ਲੱਗਦੀ। ਫਿਲਮ-ਡਾਇਰੈਕਟਰ ਨੂੰ ਹਰ ਤਰਾਂ ਦੇ ਸਮਾਰਟ ਤੇ ਅਟਰੈਕਟਿਵ ਰੋਲ ਵਾਸਤੇ ਇਕ ਦਮ ਯਚ ਜਾਂਦਾ ਹੈ, ਮਿੰਨ੍ਹੀ ਮਿੰਨ੍ਹੀ ਜਿਹੀ ਮੁਸਕਰਾਹਟ ਵੰਡਦਾ, ਗੁਲਾਬ ਦੇ ਫੁੱਲ ਵਰਗਾ ਉਸਦਾ ਮਨਮੋਹਕ ਤੇ ਸ਼ਰਮਾਕਲ ਜਿਹਾ ਚਿਹਰਾ। ਪਰ ਉਹ ਰੋਲ ਦੀ ਚੋਣ ਕਰਨ ਲੱਗੀ ਸੌ ਬਾਰ ਸੋਚਦੀ ਹੈ।

ਕਲਾ, ਸਾਹਿਤ ਤੇ ਸੱਭਿਆਚਾਰ ਦੇ ਖੇਤਰ ਵਿਚ ਅੱਗੇ ਵਧਣ ਲਈ ਜਿੱਥੇ ਉਸਦੇ ਮਨ ਵਿਚ ਲਗਨ, ਮਿਹਨਤ, ਵਿਸਵਾਸ਼, ਦ੍ਰਿੜਤਾ ਹੈ: ਕੰਮ ਕਰਨ ਦਾ ਮਾਦਾ, ਸ਼ੌਕ ਅਤੇ ਜੋਸ਼ ਹੈ, ਉਥੇ ਪੂਰੀ ਹੋਸ਼ ਵੀ ਹੈ। ਹਲਕੀ ਸ਼ੋਹਰਤ ਦੇ ਬਦਲੇ ਉਹ ਕਿਸੇ ਵੀ ਤਰਾਂ ਦੇ ਰੋਲ ਲਈ ਐਸਾ ਸਮਝੌਤਾ ਕਰਨ ਨੂੰ ਤਿਆਰ ਨਹੀ ਹੁੰਦੀ ਜਿਸ ਤੋ ਉਸ ਨੂੰ ਅੱਖਾਂ ਨੀਵੀਆਂ ਕਰਨੀਆਂ ਪੈਣ। "ਦੋ ਪੈਰ ਘੱਟ ਤੁਰਨਾ, ਪਰ ਤੁਰਨਾ ਮੜਕ ਦੇ ਨਾਲ" ਵਾਲੀ ਸੋਚ ਉਤੇ ਪਹਿਰਾ ਦੇਣ ਵਾਲੀ ਸੰਦੀਪ ਹਰ ਪਲ, ਹਰ ਕਦਮ ਬੋਚ-ਬੋਚ ਕੇ ਧਰਦੀ ਹੈ।

ਇੱਜਤ ਨੂੰ ਪਹਿਲ ਦਿੰਦੀ ਹੋਈ ਆਖਦੀ ਹੈ, "ਕਲਾ ਤੇ ਸ਼ੋਹਰਤ ਵੀ ਤਦ ਹੀ ਚੰਗੀ ਲੱਗਦੀ ਹੈ ਜੇਕਰ ਸਾਡੀ ਇੱਜਤ ਤੇ ਸਾਡਾ ਕੁਰੈਕਟਰ ਸਾਡੇ ਪੱਲੇ ਹੈ। ਵਰਨਾ ਕਲਾ ਕਿਸ ਕੰਮ।"

ਜਗਰਾਂਉ ਸ਼ਹਿਰ ਵਿਚ ਡੇਰੇ ਲਾਈ ਬੈਠੀ ਕਪੂਰਥਲਾ ਸ਼ਹਿਰ ਦੀ ਜੰਮਪਲ, ਬੀ.-ਐੱਡ. ਦੀ ਵਿਦਿਆਰਣ ਸੰਦੀਪ ਨੇ ਇਕ ਸਵਾਲ ਦਾ ਜੁਵਾਬ ਦਿੰਦਿਆਂ ਦੱਸਿਆ ਕਿ ਪੇਕੇ ਘਰ ਵਿਚ ਜਿੱਥੇ ਉਸ ਦੇ ਪਿਤਾ ਹਰਬੰਸ ਸਿੰਘ ਜੀ ਅਤੇ ਬਾਕੀ ਪਰਿਵਾਰ ਉਸ ਦੀ ਕਲਾ ਦੀ ਕਦਰ ਕਰਦੇ ਉਸਨੂੰ ਅੱਗੇ ਵਧਣ ਲਈ ਹਮੇਸ਼ਾਂ ਹੱਲਾ-ਸ਼ੇਰੀ, ਸਹਿਯੋਗ ਤੇ ਮਿਲਵਰਤਨ ਦਿਆ ਕਰਦੇ ਸਨ, ਹੁਣ ਉਸਦਾ ਜੀਵਨ ਸਾਥੀ ਲਖਵਿੰਦਰ ਸਿੰਘ ਧੰਜਲ ਉਸ ਦੀ ਕਲਾ ਨੂੰ ਖ਼ੂਬ ਸਲਾਹੁੰਦਾ, ਮਾਣ ਕਰਦਾ ਅਤੇ ਉਸਨੂੰ ਅੱਗੇ ਵਧਣ ਵਿਚ ਪੂਰਨ ਸਹਾਈ ਹੋ ਰਿਹਾ ਹੈ।

ਅੱਲਾ ਕਰੇ, ਕਲਾ, ਸਾਹਿਤ ਤੇ ਸੱਭਿਆਚਾਰ ਦੀ ਪੁਜਾਰਨ ਸੰਦੀਪ ਕੌਰ ਅਰਸ਼ ਦੇ ਹਰ ਸੁਪਨੇ ਨੂੰ ਬੂਰ ਪਵੇ!

ਆਮੀਨ!




# ਗੂੜ੍ਹੇ ਸਾਕ ਭਰਾਵਾਂ ਦੇ



ਡਾ. ਕਰਮਜੀਤ ਸਿੰਘ
91-98763-23862

ਪੰਜਾਬੀ ਸਾਕਾਦਾਰੀ ਪ੍ਰਬੰਧ ਬੜਾ ਗੁੰਝਲਦਾਰ ਹੈ। ਭਾਰਤੀ ਸਾਕਾਦਾਰੀ ਪ੍ਰਬੰਧ ਨਾਲੋਂ ਵੀ ਗੁੰਝਲਦਾਰ। ਰਿਸ਼ਤੇਦਾਰੀ ਨੂੰ ਪੀੜ੍ਹੀਆਂ ਅਨੁਸਾਰ ਦੇਖੀਏ ਤਾਂ ਇਹ ਬਾਬੇ ਤੱਕ ਹੀ ਜਾਂਦੀ ਹੈ। 'ਪੜ ਪਿਆ ਸਾਕ ਗਿਆ' ਭਾਵੇਂ ਪੜਦਾਦਾ/ਨਕੜਦਾਦਾ, ਪੜਨਾਨਾ/ਨਕੜਨਾਨਾ ਸ਼ਬਦ ਪ੍ਰਚੱਲਿਤ ਹਨ ਪਰ ਉਨ੍ਹਾਂ ਅਨੁਸਾਰ ਦੂਸਰੇ ਰਿਸ਼ਤਿਆਂ ਦਾ ਜੁਗਰਾਫ਼ੀਆ ਨਹੀਂ ਬਦਲਦਾ। ਇਨ੍ਹਾਂ ਤੋਂ ਅਗਾਂਹ ਬਜ਼ੁਰਗ ਜਠੇਰਿਆਂ ਵਿਚ ਸ਼ਾਮਲ ਹੋ ਜਾਂਦੇ ਹਨ ਜਿਨ੍ਹਾਂ ਨੂੰ ਵਿਆਹ ਆਦਿ 'ਤੇ ਮੰਨਿਆ ਜਾਂਦਾ ਹੈ ਜਾਂ ਵਡੇਰਿਆਂ ਦਾ ਵਰ੍ਹੇ ਬਾਅਦ ਸ਼ਰਾਧ ਕਰਵਾਇਆ ਜਾਂਦਾ ਹੈ।

ਸਿੱਧੀ ਲਕੀਰ ਤਾਂ ਬਾਰੇ-ਪੁੱਤਰ-ਪੋਤੇ ਤੱਕ ਹੀ ਸੀਮਤ ਰਹਿੰਦੀ ਹੈ। ਪੋਤਿਆਂ-ਪੜੋਤਿਆਂ ਵਾਲਾ ਹੋਣ ਵਾਲੇ ਨੂੰ ਸੋਨੇ ਦੀ ਪੌੜੀ 'ਤੇ ਚੜ੍ਹਾਇਆ ਜਾਂਦਾ ਹੈ। ਇਸ ਤੋਂ ਇਲਾਵਾ, ਸੱਸ, ਪਤੀਸ, ਸਹੁਰਾ, ਪਤਿਔਰਾ, ਦਦਿਓਰਾ, ਨਣਾਨ, ਭਰਜਾਈ, ਮਾਸੀ-ਭਾਣਜੀ, ਮਾਮਾ-ਭਾਣਜਾ, ਭਾਣਜੀ, ਨਾਨਾ-ਦੋਹਤੀ, ਨਨਿਓਰਾ, ਨਾਨੀ ਸੱਸ, ਫੁੱਫੜ-ਭੂਆ ਅਤੇ ਹੋਰ ਅਨੇਕਾਂ ਅੰਗਲ-ਸੰਗਲੀਆਂ ਜੋੜੀਆਂ ਜਾਂਦੀਆਂ ਹਨ। ਇਹ ਰਿਸ਼ਤੇ ਪ੍ਰਕਿਰਤਕ ਨਹੀਂ ਸਗੋਂ ਸਮਾਜਿਕ ਹਨ। ਸਮਾਜਿਕ ਰਿਸ਼ਤੇ ਬਣਨ ਦੇ ਨਾਲ ਹੀ ਮੂਲ ਭਾਵਨਾਵਾਂ ਵੀ ਬਦਲਣ ਲੱਗਦੀਆਂ ਹਨ। ਵਰਗ-ਸਮਾਜ ਦੀ ਸ਼ੁਰੂਆਤ ਨਾਲ ਇਨ੍ਹਾਂ ਭਾਵਨਾਵਾਂ ਵਿਚ ਹੋਰ ਵਿਗਾੜ ਪੈਦਾ ਹੁੰਦੇ ਹਨ। ਜਾਇਦਾਦ ਨੂੰ ਜੱਦੀ ਕਰਨ ਨਾਲ ਰਿਸ਼ਤੇ ਹੋਰ ਹੀ ਰੂਪ ਗ੍ਰਹਿਣ ਕਰ ਜਾਂਦੇ ਹਨ।

ਪਿਆਰ ਦੀ ਮੂਲ ਭਾਵਨਾ ਵਿਰੋਧੀ ਜਿਨਸਾਂ ਨੂੰ ਇਕ ਦੂਜੇ ਨਾਲ ਜੋੜਦੀ ਹੈ ਤੇ ਜੀਆਂ ਨੂੰ ਇਕ ਦੂਜੇ ਨਾਲ ਗੰਢਦੀ ਹੈ। ਪਰ ਵਰਗ ਸਮਾਜ ਵਿਚ ਇਹੀ ਪਿਆਰ ਵਿਗੜ ਕੇ ਜਾਇਦਾਦ ਨਾਲ ਬੱਝ ਜਾਂਦਾ ਹੈ। ਅਜੋਕੇ ਸਮਾਜ ਵਿਚ ਇਹ ਬੈਂਕ-ਬੈਲੈਂਸ ਨਾਲ ਜਾ ਜੁੜਦਾ ਹੈ। ਜਿਨ੍ਹਾਂ ਰਿਸ਼ਤਿਆਂ ਵਿਚ ਇਸ ਜਾਇਦਾਦ ਦਾ ਦਖ਼ਲ ਜਿੰਨਾ ਘੱਟ ਹੋਵੇਗਾ ਓਨਾ ਹੀ ਪਿਆਰ ਗੂੜ੍ਹਾ ਹੋਵੇਗਾ। ਮੱਧਕਾਲੀ ਤੇ ਅਜੋਕੀ ਪਰਿਵਾਰ ਦੀ ਇਕਾਈ ਵਿਚ ਇਹ ਉਦਾਹਰਣ ਦੇਖੀ ਜਾ ਸਕਦੀ ਹੈ। ਮੱਧਕਾਲੀ ਤੇ ਅਜੋਕੀ ਪਰਿਵਾਰ ਦੀ ਇਕਾਈ ਵਿਚ ਇਹ ਉਦਾਹਰਣ ਦੇਖੀ ਜਾ ਸਕਦੀ ਹੈ। ਸ਼ਰੀਕ ਹੈ ਹੀ ਉਹ ਜਿਸ ਨੇ ਜਾਇਦਾਦ ਵੰਡਾਉਣ ਵਿਚ ਸ਼ਰੀਕ ਹੋਣਾ ਹੈ। ਇਸ ਲਈ ਭਰਾ ਭਰਾ ਸ਼ਰੀਕ ਹੋ ਜਾਂਦੇ ਹਨ। ਤਾਏ ਚਾਚੇ ਸ਼ਰੀਕ ਹੋ ਜਾਂਦੇ ਹਨ। ਪਿਉ-ਪੁੱਤ ਦਾ ਵੈਰੀ ਬਣਦਾ ਹੈ। ਜੇ ਭੈਣ ਹਿੱਸਾ ਵੰਡਾਉਣ ਲੱਗੇ ਤਾਂ ਉਹ ਵੀ ਸ਼ਰੀਕ ਬਣ ਜਾਂਦੀ ਹੈ। ਜੇ ਮਾਂ ਕੋਲ ਵੰਡਾਉਣ ਲਈ ਕੁਝ ਨਹੀਂ ਤੇ ਧੀ ਨੇ ਉਸ ਕੋਲੋਂ ਲੈਣਾ ਕੁਝ ਨਹੀਂ ਤਾਂ ਉਨ੍ਹਾਂ ਦਾ ਪਿਆਰ ਨਿਸੁਆਰਥ ਹੋਵੇਗਾ, ਇਸੇ ਲਈ ਉਸ ਵਿਚ ਮਾਨਵਤਾ ਵਧੇਰੇ ਹੁੰਦੀ ਹੈ, ਸੁੱਚਤਾ ਵਧੇਰੇ ਦਿਖਾਈ ਦਿੰਦੀ ਹੈ। ਇਸੇ ਲਈ ਮਾਂ ਧੀ ਨਾਲ ਜੁੜੇ ਗੀਤ ਭਾਵੁਕਤਾ ਵਿਚ ਗੁੱਧੇ ਹੋਏ ਹਨ ਤੇ ਉਹ ਮਨ ਨੂੰ ਧੂਅ ਵੀ ਪਾਉਂਦੇ। ਇੱਥੇ ਸਾਡਾ ਇਹ ਭਾਵ ਕਦਾਚਿਤ ਨਹੀਂ ਕਿ ਭੈਣ ਨੂੰ ਜਾਇਦਾਦ ਵਿਚੋਂ ਹਿੱਸਾ ਨਹੀਂ ਲੈਣਾ ਚਾਹੀਦਾ। ਬਲਕਿ ਅਸੀਂ ਤਾਂ ਵਰਗ ਰਹਿਤ ਸਮਾਜ ਦੀ ਕਲਪਨਾ ਕਰਦੇ ਹਾਂ ਜਿੱਥੇ ਇਹ ਰਿਸਤੇ ਸਾਰੇ ਪਰਿਵਾਰ ਵਿਚ ਹੀ ਦਖ਼ਲ ਨਾ ਦੇਣ। ਪਰ ਜੋ ਸਥਿਤੀ ਹੈ ਉਸ ਵਿਚ ਜੇ ਭੈਣ ਕੁਝ ਲੈਂਦੀ ਨਹੀਂ ਤੇ ਭਰਾ ਦਾ ਪ੍ਰਕਿਰਤਕ ਰਿਸ਼ਤਾ ਬਣਿਆ ਰਹਿੰਦਾ ਹੈ ਤਾਂ ਉਨ੍ਹਾਂ ਦੋਨਾਂ ਦਾ ਨਿਸੁਆਰਥ ਪਿਆਰ ਮਾਂ-ਧੀ ਦੇ ਪਿਆਰ ਤੋਂ ਕਿਸੇ ਤਰ੍ਹਾਂ ਘੱਟ ਨਹੀਂ। ਅਸਲ ਵਿਚ ਲੋਕ-ਗੀਤਾਂ ਵਿਚ ਇਸੇ ਨਿਸੁਆਰਥ ਪਿਆਰ ਨੂੰ ਗਾਇਆ ਗਿਆ ਹੈ। ਲੋਕ-ਗੀਤਾਂ ਵਿਚ ਇਹ ਦੇਖਣ ਵਾਲੀ ਗੱਲ ਹੈ ਕਿ ਜਿੱਥੇ ਦੂਰ ਦਾ ਰਿਸ਼ਤਾ ਹੈ ਉਸ ਸਬੰਧੀ ਇਕ ਅੱਧ ਬੋਲੀ ਮਿਲ ਜਾਵੇਗੀ ਪਰ ਨੇੜਲੇ ਰਿਸ਼ਤੇ ਲੰਮੇ ਗੀਤਾਂ ਤੱਕ ਪਹੁੰਚ ਰੱਖਦੇ ਹਨ। ਭੈਣ-ਭਰਾ ਦਾ ਰਿਸ਼ਤਾ ਅਜਿਹਾ ਹੀ ਹੈ। ਇਹ ਪਹਿਲਾਂ ਬੋਲੀਆਂ ਵਿਚ ਹੀ ਦੇਖਿਆ ਜਾ ਸਕਦਾ ਹੈ।

**ਸ਼ੀਸ਼ੀਏ ਗੁਲਾਬ ਰੰਗੀਏ**
**ਵੀਰੇ ਆਉਣਗੇ, ਪੱਗਾਂ ਨੂੰ ਮਾਵਾਂ ਲਾਉਣਗੇ।**
**ਕੋਠੇ ਕੋਠੇ ਆ ਜਾ ਵੀਰਨਾ**
**ਅੱਗੇ ਬੈਠੀ ਆ ਕਪੱਤੀ ਸੱਸ ਮੇਰੀ**
**ਰੁੱਖੀ ਸੁੱਖੀ (ਮਿੱਸੀ) ਖਾ ਲੈ ਵੀਰਨਾ**
**ਜੁਦੀ ਹੋਊਂਗੀ ਉਲਾਂਭੇ ਤੇਰੇ ਲਾਹੂੰਗੀ**
**ਮੈਂ ਤਾਂ ਗੁੰਦ ਕੇ ਤੜਾਗੀ ਪਾਮਾਂ।**
**ਇਕ ਵੀਰ ਦਈਂ ਵੇ ਰੱਬਾ।**

ਇਹ ਤਾਂ ਸ਼ੁਰੂਆਤ ਹੈ। ਵੀਰ ਨੇ ਲੋਹੜੀ ਲੈ ਕੇ ਆਉਣਾ ਹੈ, ਜਿਸ ਵਿਚ ਉਸ ਲਈ ਤੋਹਫ਼ੇ ਹੋਣਗੇ, ਪਰ ਮੂਲ ਭਾਵ ਪਿਆਰ ਦਾ ਹੈ। ਅਨੇਕਾਂ ਲੋਹੜੀ ਦੇ ਗੀਤ, ਵੀਰ ਨੂੰ ਸੰਬੋਧਿਤ ਹਨ। ਬਿਆਈਆਂ/ਜਨਮ ਦੇ ਗੀਤਾਂ ਵਿਚ ਵੀਰ ਸ਼ਾਮਲ ਹੈ। ਕਈ ਥਾਂ ਤਾਂ ਮਾਹੀਏ ਨੂੰ ਹਟਾ ਕੇ ਵੀਰ ਰੱਖ ਦਿੱਤਾ ਗਿਆ ਹੈ ਜਿਸ ਤੋਂ ਪਿਆਰ ਦੀ ਤੀਖਣਤਾ ਦਾ ਅਹਿਸਾਸ ਸਾਹਮਣੇ ਆਉਂਦਾ ਹੈ। ਕਿਤੇ ਵੀਰ ਨਿਆਣਾ ਹੈ ਫਿਰ ਵੀ ਭੈਣ ਉਸੇ ਨੂੰ ਆਪਣੇ ਨਾਲ ਭੇਜਣ ਲਈ, ਮਾਂ ਨਾਲ ਜ਼ਿੱਦ ਕਰਦੀ ਹੈ। ਕਿਤੇ ਸੱਸ ਆਏ ਵੀਰ ਨੂੰ ਮਿਲਣ ਨਹੀਂ ਦਿੰਦੀ ਤਾਂ ਭੈਣ ਭਰਾ ਅਤਿ ਦੁਖੀ ਹੁੰਦੇ ਹਨ। ਭਰਾ ਤਾਂ ਸਤਿਆ ਇੱਥੋਂ ਤੱਕ ਕਹਿ ਜਾਂਦਾ ਹੈ।

**ਤੂੰ ਮਰ ਜਾਵੇਂ ਭੈਣੇ ਸਾਡਾ ਸਾਕ ਟੁੱਟੇ।**
**ਵੀਰਾ ਮੌਤ ਨਾ ਆਉਂਦੀ ਬੜੇ ਦੁਖੀਆਂ ਨੂੰ।**

ਦੋਨਾਂ ਦਾ ਮੇਲ ਨਾ ਹੋਣ 'ਤੇ ਇਹ ਦੁਖਾਂਤ ਦਾ ਸਿਖ਼ਰ ਹੈ। ਜਿਸ ਲੰਬੇ ਗੀਤ ਦਾ ਇੱਥੇ ਮੈਂ ਜ਼ਿਕਰ ਕਰ ਰਿਹਾ ਹਾਂ, ਉਹ ਟੱਪਿਆਂ ਵਿਚ ਪੂਰਾ ਹੁੰਦਾ ਹੈ। ਪਰ, ਭੈਣ-ਭਰਾ ਦੇ ਪਿਆਰ ਦਾ ਪੱਖ ਹਰ ਟੱਪੇ ਵਿਚ ਸ਼ਾਮਲ ਹੈ।

**ਵੱਡੇ ਬੱਢ ਦਰਿਆਵਾਂ ਦੇ ਵੇ ਵੱਡੇ ਬੱਢ ਦਰਿਆਵਾਂ ਦੇ**
**ਹੋਰ ਸਾਨੂੰ ਲੱਖ ਮਿਲਦੇ ਪਰ ਗੂਅੜੇ ਸਾਕ ਭਰਾਵਾਂ ਦੇ।**
**ਵੇ ਗੂਅੜੇ ਸਾਕ ਭਰਾਵਾਂ ਦੇ।**

ਇਸੇ ਭਾਵਨਾ ਨੂੰ ਇਕ ਹੋਰ ਗੀਤ ਵਿਚ ਵਿਸਤਾਰ ਮਿਲਿਆ ਹੈ ਜਿਸ ਵਿਚ ਭੈਣ ਚਾਚੇ ਤਾਏ ਦੇ ਪੁੱਤਾਂ ਤੋਂ ਪਿਆਰ ਨਹੀਂ ਪਾ ਸਕਦੀ, ਪਰ ਮਾਪਿਆਂ ਦੀ ਥਾਂ ਭਰਾ ਉਸ ਨੂੰ ਸਹੀ ਮਾਣ-ਆਦਰ ਦਿੰਦਾ ਹੈ। ਛੋਟੀ ਉਮਰ ਵਿਚ ਸਭ ਤੋਂ ਜ਼ਿਆਦਾ ਨੇੜੇ ਜੇ ਕਿਸੇ ਦਾ ਮਿਲਦਾ ਹੈ ਤਾਂ ਉਹ ਭਰਾ ਦਾ ਹੀ ਹੁੰਦਾ ਹੈ। ਇਸ ਨਾਤੇ ਵੀ ਇਹ ਪਿਆਰ ਇੱਥੋਂ ਤੱਕ ਵਿਸਤਾਰ ਗ੍ਰਹਿਣ ਕਰਦਾ ਹੈ।

**ਭੈਣ ਦਿਆ ਸੁਹਣਿਆ ਵੀਰਾ ਵੇ/**
**ਕੱਚੀ ਕੰਧ ਵਿਚ ਮੋਰੀ ਆ,**
**ਆ ਕੇ ਤੂੰ ਮਿਲ ਵੀਰਨਾ ਵੇ**
**ਤੈਨੂੰ ਕਾਹਦੀ ਵੀ ਚੋਰੀ ਆ,**
**ਵੇ ਤੈਨੂੰ ਕਾਹਦੀ ਵੀ ਚੋਰੀ ਆ।**

ਇਹ ਟੱਪਾ ਬਿਲਕੁਲ ਵੱਖਰੀ ਸਥਿਤੀ ਬਿਆਨ ਕਰਦਾ ਹੈ। ਭੈਣ ਨੂੰ ਪਤਾ ਹੈ ਕਿ ਸਹੁਰਿਆਂ ਵੱਲੋਂ ਭਰਾ ਨਾਲ ਕੀ ਸਲੂਕ ਹੋਵੇਗਾ ਪਰ ਫਿਰ ਵੀ ਉਸ ਨੂੰ ਬੇਝਿਜਕ ਆਉਣ ਦੀ ਸਲਾਹ ਦਿੰਦੀ ਹੈ।

ਛੋਟੀ ਉਮਰ ਵਿਚ ਭੈਣ ਥਾਲ ਪਾਉਂਦੀ ਵੀਰੇ ਦੀਆਂ ਕਾਮਨਾਵਾਂ ਕਰਦੀ, ਉਸ ਦੀ ਭਵਿੱਖ ਵਿਚ ਸੁਹਣੀ ਬਹੂ ਆਉਣ ਦੇ ਸੁਪਨੇ ਲੈਂਦੀ ਹੈ। ਪਰ ਉਸ ਨੂੰ ਇਹ ਗਿਆਨ ਨਹੀਂ ਹੁੰਦਾ ਕਿ ਉਹ ਦੂਰ ਵਿਆਹੀ ਜਾਵੇਗੀ। ਤਾਂ ਕੀ ਸਥਿਤੀਆਂ ਹੋਣਗੀਆਂ। ਇਨ੍ਹਾਂ ਟੱਪਿਆਂ ਦੀ ਸਿਰਜਣਹਾਰ ਨੇ ਜ਼ਮਾਨਾ ਦੇਖ ਲਿਆ ਹੈ। ਪੇਕਾ ਘਰ ਵੀ ਤੇ ਸਹੁਰਾ ਘਰ ਵੀ। ਇਸ ਲਈ ਉਹ ਅਜਿਹੇ ਪ੍ਰੌੜ ਵਿਚਾਰਾਂ ਨੂੰ ਦੋ-ਦੋ ਪੰਗਤੀਆਂ ਵਿਚ ਸੂਤਰ ਬੱਧ ਕਰ ਰਹੀ ਹੈ। ਸਭ ਤੋਂ ਧੂਅ ਪਾਉਣ ਵਾਲੀ ਸਥਿਤੀ ਇਹ ਹੈ ਕਿ ਉਹ ਭਰਾ ਤੋਂ ਦੂਰ ਬੈਠੀ ਇਹ ਸਭ ਕੁਝ ਸੋਚ ਰਹੀ ਹੈ, ਇਸੇ ਲਈ ਇਸ ਵਿਚ ਬਿਰਹਾ ਭਾਵ ਵਧੇਰੇ ਹੈ।

**ਭੈਣ ਦਿਆ ਸੋਹਣਿਆ ਵੀਰਾ ਵੇ,**
**ਭੈਣਾਂ ਦਾਣੇ ਵੀ ਭੁਨਾਏ ਹੋਏ ਆ,**
**ਆਣ ਕੇ ਤੂੰ ਚੱਬ ਵੀਰਿਆ,**
**ਤੇਰੇ ਨਿੱਤ ਦੇ ਵੰਡਾਏ ਹੋਏ ਆ,**
**ਵੇ ਤੇਰੇ ਨਿੱਤ ਦੇ ਵੰਡਾਏ ਹੋਏ ਆ।**
**ਭੈਣ ਦਿਆ ਸੁਹਣਿਆ ਵੀਰਾ ਵੇ,**
**ਛੱਜ ਭਰਿਆ ਏ ਗੱਠਿਆਂ ਦਾ,**
**ਕੱਲੀ ਦਾ ਮੇਰਾ ਦਿਲ ਨਾ ਲੱਗੇ,**
**ਦਿਲ ਲੱਗਦਾ ਈ ਕੱਠਿਆਂ ਦਾ।**

ਇਹ ਸਥਿਤੀ ਸੱਚਮੁੱਚ ਭਾਵੁਕ ਕਰ ਦੇਣ ਵਾਲੀ ਹੈ। ਪੰਜਾਬ ਦੇ ਘਰਾਂ ਵਿਚ ਲੌਢੇ ਵੇਲੇ ਦਾਣੇ ਭੁਨਾ ਕੇ ਚੱਬਣ ਦਾ ਰਿਵਾਜ਼ ਆਮ ਰਿਹਾ ਹੈ। ਜਦੋਂ ਵੀ ਦਾਣੇ ਭੁੰਨਾਏ ਜਾਣਗੇ, ਭੱਠੀ ਵਾਲੀ ਤੇ ਦਾਣੇ ਭੁੰਨਾਉਣ ਵਾਲਿਆਂ ਦਾ ਜ਼ਿਕਰ ਆਵੇਗਾ। ਪਰ ਇੱਥੇ ਭੈਣ ਭਰਾ ਨੂੰ ਯਾਦ ਕਰਦੀ ਹੈ। ਇਕੱਠਿਆਂ ਦਾ ਦਿਲ ਲੱਗਦਾ ਹੈ ਪਰ ਇਕੱਠੇ ਹੋ ਨਹੀਂ ਸਕਦੇ। ਇਹੀ ਦੁਖਾਂਤਕ ਸਥਿਤੀ ਹੈ ਜੋ ਭਾਵਾਂ ਵਿਚ ਤੂਫ਼ਾਨ ਲਿਆ ਰਹੀ ਹੈ। ਜਦੋਂ ਮਨ ਵੱਸੋਂ ਬਾਹਰ ਹੁੰਦਾ ਹੈ ਤਾਂ ਫਿਰ ਰੋਣ ਤੋਂ ਬਗ਼ੈਰ ਕੋਈ ਚਾਰਾ

ਭੈਣ ਦਿਆ ਸੁਹਣਿਆ ਵੀਰਾ ਵੇ, ਭੈਣ ਕੱਪੜੇ ਧੋਂਦੀ ਆ।

**ਆ ਕੇ ਤੂੰ ਦੇਖ ਵੀਰਿਆ, ਨਾਲੇ ਛਮ ਛਮ ਰੋਂਦੀ ਆ।**
**ਵੇ ਨਾਲੇ ਛਮ ਛਮ ਰੋਂਦੀ ਆ।**

ਇਹ ਨੋਟ ਕਰਨ ਵਾਲੀ ਗੱਲ ਹੈ ਕਿ ਟੱਪੇ ਦੀਆਂ ਪਹਿਲੀਆਂ ਪੰਗਤੀਆਂ ਜਿੱਥੇ ਭਾਵਾਂ ਨੂੰ ਡੂੰਘੇਰਾ ਕਰਦੀਆਂ ਹਨ ਉਥੇ ਇਨ੍ਹਾਂ ਦਾ ਪੰਜਾਬੀ ਸਭਿਆਚਾਰ ਤੇ ਨਿੱਤ ਦੇ ਜੀਵਨ ਨਾਲ ਬਹੁਤ ਨੇੜਲਾ ਸਬੰਧ ਹੈ। ਦਰਿਆ ਪੰਜਾਬ ਦੀ ਜਾਨ ਹਨ। ਪੰਜਾਬ ਦਾ ਨਾਂ ਹੀ ਪੰਜ ਦਰਿਆਵਾਂ ਨਾਲ ਸਬੰਧਤ ਹੈ, ਕਦੇ ਸੱਤ ਦਰਿਆਵਾਂ ਨਾਲ ਵੀ ਰਿਹਾ ਹੈ। 'ਕੱਚੀ ਕੰਧ ਵਿਚ ਮੋਰੀ' ਸਿਰਫ਼ ਤੁਕਾਂਤ ਮੇਲ ਲਈ ਹੀ ਨਹੀਂ ਹੈ ਸਗੋਂ ਪੰਜਾਬੀ ਜੀਵਨ, ਵਿਸ਼ੇਸ਼ ਤੌਰ 'ਤੇ ਨਿਮਨ ਵਰਗ ਦੀ ਕੱਚੇ ਕੋਠਿਆਂ ਵਾਲੀ ਆਰਥਿਕਤਾ ਵੱਲ ਵੀ ਧਿਆਨ ਦੁਆਉਂਦਾ ਹੈ। ਭੈਣ ਦੀ ਘਰੇਲੂ ਸਥਿਤੀ ਵੀ ਇਸ ਤੋਂ ਗੁੱਝੀ ਨਹੀਂ ਰਹਿੰਦੀ। 'ਛੱਜ ਭਰਿਆ ਈ ਗੱਠਿਆਂ ਦਾ' ਇਹ ਐਵੇਂ ਹੀ ਨਹੀਂ ਭਰਿਆ, ਸਗੋਂ ਗੱਠੇ ਲੋਕ ਜੀਵਨ ਦਾ ਅਨਿੱਖੜਵਾਂ ਅੰਗ ਹਨ। ਰੋਟੀ ਵੀ ਕਈ ਵਾਰ ਆਚਾਰ ਤੇ ਗੱਠਿਆਂ ਨਾਲ ਹੀ ਖਾਣੀ ਪੈਂਦੀ ਹੈ। ਕੱਪੜੇ ਧੋਣੇ ਔਰਤ ਦੇ ਨਿੱਤ ਕਰਮ ਵਿਚ ਸ਼ਾਮਲ ਹੈ, ਖ਼ਾਸ ਤੌਰ 'ਤੇ ਨੂੰਹ ਦੇ। ਇਵੇਂ ਹੀ ਅਗਾਂਹ ਜਾ ਕੇ 'ਛੱਜ ਭਰਿਆ ਲੀਰਾਂ ਦਾ' ਵੀ ਬੜਾ ਮਹੱਤਵਪੂਰਨ ਹੈ। ਪੰਜਾਬੀ ਘਰਾਂ ਵਿਚ ਲੀਰਾਂ ਨੂੰ ਵੀ ਸੁੱਟਿਆ ਨਹੀਂ ਜਾਂਦਾ। ਉਨ੍ਹਾਂ ਦੀਆਂ ਗੁੱਡੀਆਂ ਪਟੋਲੇ ਬਣਾਏ ਜਾਂਦੇ ਹਨ। ਖਿੱਦੋ ਵਿਚ ਲੀਰਾਂ ਭਰਦੀਆਂ ਹਨ। ਇਹੀ ਲੀਰਾਂ ਸਰਾਹਣਿਆਂ ਵਿਚ ਜਾ ਪੈਂਦੀਆਂ ਹਨ। ਇਸ ਤੋਂ ਬਾਅਦ ਹੀ ਇਹ ਕੂੜੇ ਦੇ ਢੇਰ ਉੱਪਰ ਜਾਂਦੀਆਂ ਹਨ। 'ਕੰਢਾ ਭੱਜ ਗਿਆ ਥਾਲੀ' ਦਾ ਵੀ ਬੇਅਰਥ ਵਰਤੋਂ ਨਹੀਂ ਭਾਵੇਂ ਅਚੇਤ ਹੀ ਹੈ। ਭਾਵੇਂ ਹੱਥ 'ਤੇ ਰੱਖ ਕੇ ਵੀ ਰੋਟੀ ਖਾਧੀ ਜਾ ਸਕਦੀ ਹੈ, ਪਰੰਤੂ ਆਏ ਗਏ ਲਈ ਆਉ-ਭਗਤ ਵਾਸਤੇ ਥਾਲ-ਥਾਲੀਆਂ ਪੰਜਾਬੀ ਘਰਾਂ ਵਿਚ ਜ਼ਰੂਰ ਰੱਖੀਆਂ ਜਾਂਦੀਆਂ ਹਨ। ਇਹ ਥਾਲੀਆਂ ਖੱਟ ਵਿਚ ਰੱਖੀਆਂ ਜਾਂਦੀਆਂ ਹਨ। ਸ਼ਗਨਾਂ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇੱਥੋਂ ਤੱਕ ਕਿ ਮੌਤ ਸਮੇਂ ਵੀ ਕਿਸੇ ਨਾ ਕਿਸੇ ਰੂਪ ਵਿਚ ਨਾਲ ਰਹਿੰਦੀ ਹੈ। ਇਸ ਲਈ ਛੋਟੇ-ਛੋਟੇ ਟੱਪੇ ਵੀ ਪੂਰੇ ਸਭਿਆਚਾਰ ਨੂੰ ਉਘਾੜ ਕੇ ਸਾਹਮਣੇ ਲੈ ਆਉਂਦੇ ਹਨ।




ਭੈਣ ਦਿਆ ਸੁਹਣਿਆ ਵੀਰਾ ਵੇ, ਛੱਜ ਭਰਿਆ ਏ ਲੀਰਾਂ ਦਾ।
ਆਣ ਕੇ ਤੂੰ ਵੇਖ ਵੀਰਿਆ ਵੇ,

**ਸਾਡਾ ਹਾਲ ਫ਼ਕੀਰਾਂ ਦਾ।**
**ਵੇ ਸਾਡਾ ਹਾਲ ਫ਼ਕੀਰਾਂ ਦਾ।**
**ਭੈਣ ਦਿਆ ਸੁਹਣਿਆ ਵੀਰਾ ਵੇ,**
**ਕੰਢਾ ਭੱਜ ਗਿਆ ਥਾਲੀ ਦਾ।**
**ਵਿਹੜੇ ਵਿਚ ਵੀਰ ਘੁੰਮਦਾ ਵੇ ਕਿਸੇ ਕਰਮਾਂ ਵਾਲੀ ਦਾ**
**ਵੇ ਕਿਸੇ ਕਰਮਾਂ ਵਾਲੀ ਦਾ।**

ਆਰਥਿਕਤਾ ਦੇ ਨਾਲ-ਨਾਲ ਬਿਰਹਾ ਵਿਚ ਫ਼ਕੀਰੀ ਹਾਲ ਸੱਚਮੁੱਚ ਦਿਲ ਨੂੰ ਛੂਹ ਲੈਣ ਵਾਲਾ ਹੈ। ਅਖ਼ੀਰ 'ਤੇ ਭੈਣ ਉਨ੍ਹਾਂ ਨੂੰ ਕਰਮਾਂ ਵਾਲਾ ਕਹਿੰਦੀ ਹੈ ਜਿਸ ਘਰ ਵੀਰ ਘੁੰਮਦਾ ਹੋਵੇ ਤੇ ਗੀਤ ਖ਼ਤਮ ਹੋ ਜਾਂਦਾ ਹੈ। ਪਰ ਇਹ ਗੀਤ ਖੁੱਲ੍ਹਾ ਰੂਪ ਹੈ। ਇਸ ਵਿਚ ਅਨੇਕਾਂ ਹੋਰ ਟੱਪੇ ਜੋੜੇ ਜਾ ਸਕਦੇ ਹਨ। ਇਕ ਥਾਂ ਮੈਂ ਅਜਿਹਾ ਹੋਰ ਟੱਪਾ ਜੁੜਿਆ ਸੁਣਿਆ ਸੀ ਜਿਸ ਵਿਚ ਭਰਾ ਦੇ ਦੋਸਤਾਂ ਜ਼ਿਕਰ ਕੀਤਾ ਗਿਆ ਸੀ। ਅਜਿਹੇ ਗੀਤਾਂ ਤੋਂ ਇਲਾਵਾ ਅਨੇਕਾਂ ਗੀਤਾਂ ਵਿਚ ਵੀਰ ਦੇ ਆਉਣ ਦਾ ਜ਼ਿਕਰ ਹੈ। ਜਿਨ੍ਹਾਂ ਵਿਚ ਵੀਰ ਦੀ 'ਸੂਈ ਸੂਈ ਪਗੜੀ, ਕਲਗੀ' ਲਿਸ਼ਕਾਰੇ ਮਾਰਦੀ ਹੈ। ਕਿਤੇ ਕਰੇਲੇ ਬਣਾ ਕੇ ਵੀਰ ਨੂੰ ਆਉਣ ਲਈ ਕਿਹਾ ਗਿਆ ਹੈ। ਕਿਤੇ ਵੀਰ ਦੇ 'ਮੇਮਾਂ ਦੇ ਮੰਦਰ' 'ਤੇ ਰਹਿਣ ਦਾ ਜ਼ਿਕਰ ਹੈ 'ਤੇ ਕਿਤੇ ਵੀਰ ਨਾਲ ਰੱਤੇ ਡੋਲੇ ਬੈਠ ਕੇ ਆਉਣ ਦੇ ਦ੍ਰਿਸ਼ ਹਨ। ਇਸੇ ਤਰ੍ਹਾਂ ਹੋਰ ਅਨੇਕਾਂ ਗੀਤਾਂ ਵਿਚ ਭੈਣ-ਭਰਾ ਦੇ ਪਿਆਰ ਦੇ ਬਹੁਤ ਸਾਰੇ ਪੱਖ ਪੇਸ਼ ਹੁੰਦੇ ਹਨ ਪਰ ਨਾਲ-ਨਾਲ ਪੰਜਾਬੀ ਸਭਿਆਚਾਰ ਦਾ ਪਿਛੋਕੜ ਪੂਰੇ ਜਲੌਅ ਵਿਚ ਵਿਖਾਈ ਦਿੰਦਾ ਹੈ। ਅਸੀਂ ਅਜੇ ਤੱਕ ਇਨ੍ਹਾਂ ਗੀਤਾਂ ਦੀ ਸਮਾਜ ਸ਼ਾਸਤਰੀ ਜਾਂ ਸਭਿਆਚਾਰ ਵਿਗਿਆਨ ਦੀ ਦ੍ਰਿਸ਼ਟੀ ਤੋਂ ਪੁਣ-ਛਾਣ ਨਹੀਂ ਕੀਤੀ ਹੈ। ਅਜਿਹਾ ਕਰਨ ਨਾਲ ਇਨ੍ਹਾਂ ਗੀਤਾਂ ਦੀ ਹੋਰ ਵਧੇਰੇ ਸਾਰਥਕਤਾ ਸਾਹਮਣੇ ਆਵੇਗੀ।

# 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"




## ਰਾਣੀ ਅਣਬੋਲਿਆ

*(ਆਖਰੀ ਕਿਸਤ)*

ਰਾਣੀ ਅਣਬੋਲਿਆਂ ਲੜਕੇ ਨੂੰ ਪੁਛਦੀ ਆ... ਮਹਾਰਾਜ ਤੁਸੀਂ ਇਨ੍ਹਾਂ ਮਕਾਨਾਂ ਦੀ ਚੱਠ ਨਹੀਂ ਕੀਤੀ।

**"ਨਹੀਂ ਅਜੇ ਨਹੀਂ।''**
**"ਫੇਰ ਚੱਠ ਕਰੋ ਪਹਿਲਾਂ।**
**ਤਦੇ ਵੱਸਣ ਦਾ ਸੁਆਦ ਆ।''**
**"ਅੱਛਾ! ਜਿੱਦਾਂ ਤੇਰੀ ਮਰਜ਼ੀ।''**

ਉਨ੍ਹੀਂ ਚੱਠ ਲਈ ਦਿਨ ਮੁਕੱਰਰ ਕਰ ਲਿਆ। ਸਾਰੇ ਸ਼ਹਿਰ ਵਿਚ ਢੰਡੋਰਾ ਫਿਰਵਾ ਦਿੱਤਾ। ਅਖੇ ਫਲਾਨੇ ਦਿਨ ਨੂੰ ਸੌਦਾਗਰ ਦੇ ਘਰ ਹਰ ਜੀਅ ਨੇ ਲੰਗਰ ਛੱਕਣ ਆਉਣੈ। ਕੋਈ ਘਰ ਨਾ ਰਹੇ। ਟੱਬਰਾਂ ਦੇ ਟੱਬਰ ਈ ਆਉਣ।

ਲੰਗਰ ਵਾਲੇ ਦਿਨ ਲੜਕੇ ਨੇ ਉਹੀਓ ਝੋਲ਼ੀ ਨੂੰ ਧੂਫ ਦਿੱਤਾ। ਉਹਦੇ ਵਿਚ ਸੱਤ ਸੱਤ ਪ੍ਰਕਾਰ ਦੇ ਖਾਣੇ ਬਣ ਬਣ ਕੇ ਨਿਕਲਣ ਲੱਗ ਪਏ। ਸਾਰਾ ਨਗਰ ਈ ਖਾਣਾ ਖਾਣ ਆਇਆ। ਪਰ ਉਥੇ ਤੋਟ ਕੋਈ ਨਾ। ਲੋਕ ਖੁਸ਼ੀ-ਖੁਸ਼ੀ ਲੰਗਰ ਖਾ ਕੇ, ਅਸੀਸਾਂ ਦਿੰਦੇ ਜਾ ਰਹੇ ਨੇ।

ਸ਼ਾਮ ਤਿੰਨ ਵਜੇ ਤੱਕ ਸਾਰੀ ਜਨਤਾ ਲੰਗਰ ਖਾ ਕੇ ਚਲੀ ਗਈ। ਰਾਜ ਦਰਬਾਰ ਦੇ ਸਾਰੇ ਅਹਿਲਕਾਰ, ਬਾਦਸ਼ਾਹ ਤੇ ਅੱਠੇ ਰਾਣੀਆਂ ਨੂੰ ਬਾਅਦ ਵਿਚ ਪੰਗਤ 'ਚ ਬਿਠਾਇਆ। ਹੁਣ ਅਣਬੋਲਿਆਂ ਰਾਣੀ ਨੇ ਆਪ ਵਰਤਾਉਣਾ ਸ਼ੁਰੂ ਕੀਤਾ। ਜਦੋਂ ਰਾਣੀ ਪਹਿਲੀ ਵਾਰੀ ਖਾਣਾ ਲੈ ਕੇ ਆਈ ਤਾਂ ਵਜ਼ੀਰ ਨੇ ਖੱਟੇ ਦੇ ਛਿੱਟੇ ਨਾਲ ਰਾਣੀ ਦੇ ਪੈਰ 'ਤੇ ਨਸ਼ਾਨੀ ਲਾਤੀ। ਰਾਣੀ ਕੋਲ ਸੱਤ ਤਰ੍ਹਾਂ ਦੇ ਖਾਣੇ ਸਨ। ਉਹ ਹਰ ਖਾਣਾ ਵਰਤਾਉਣ ਸਮੇਂ ਨਵਾਂ ਸੂਟ ਪਾ ਕੇ ਜਾਂਦੀ।

ਬਾਦਸ਼ਾਹ ਬਹੁਤ ਹੈਰਾਨ ਹੋਇਆ। ਕਹਿੰਦਾ ਬਈ ਆਹ ਤਾਂ ਹਰ ਵਾਰੀ ਨਵੀਂ ਰਾਣੀ ਨਵਾਂ ਖਾਣਾ ਲੈ ਕੇ ਆਉਂਦੀ। ਲਗਦਾ ਸੌਦਾਗਰ ਦੀਆਂ ਸੱਤ ਰਾਣੀਆਂ।

ਵਜ਼ੀਰ ਬੋਲ ਉਠਿਆ, ਬਾਦਸ਼ਾਹ ਹਜ਼ੂਰ ਤੁਸੀਂ ਇੰਨਾ ਵੀ ਨਹੀਂ ਸਮਝੇ। ਰਾਣੀ ਇਕੋ ਈ ਆ। ਸਿਰਫ਼ ਹਰ ਵਾਰ ਸੂਟ ਈ ਬਦਲ ਕੇ ਆਉਂਦੀ।

"ਤੈਨੂੰ ਕਿਵੇਂ ਪਤਾ।''

"ਮਹਾਰਾਜ ਮੈਂ ਇਹਦੇ ਪੈਰ 'ਤੇ ਖੱਟੇ ਦੀ ਛਿੱਟ ਮਾਰ ਕੇ ਨਿਸ਼ਾਨੀ ਲਾਈਓ ਆ। ਇਹਨੇ ਹੁਣ ਪਾਣੀ ਪਾਉਣ ਆਉਣੇ ਤੁਸੀਂ ਦੇਖ ਲਿਓ।''

"ਹੈਂ...! ਹੈ ਤਾਂ ਓਹੀ।''

ਸਾਰੀਆਂ ਰਾਣੀਆਂ, ਅਹਿਲਕਾਰਾਂ ਨੇ ਖਾਣਾ ਖਾ ਲਿਆ। ਬਾਦਸ਼ਾਹ ਵੀ ਹੱਥ ਸੁੱਚੇ ਕਰਕੇ ਖੜ ਗਿਆ।

ਅਣਬੋਲਿਆਂ ਰਾਣੀ ਬਾਦਸ਼ਾਹ ਅੱਗੇ ਹੱਥ ਜੋੜ ਕੇ ਖੜ ਗਈ। ਕਹਿੰਦੀ ਮਹਾਰਾਜ ਮੈਂ ਇਕ ਵਚਨ ਕਰਾਂ। "ਬੇਟਾ ਕਰ।''

ਅਣਬੋਲਿਆਂ ਰਾਣੀ ਨੇ ਉਸੇ ਵਕਤ ਰੌਸ਼ਨਦਾਨ ਤੋਂ ਗੁੱਡੀ ਲਾਹੀ। ਗੁੱਡੀ ਦੇ ਦਵੱਲੇ ਥੱਪੜ ਮਾਰੇ ਤਾਂ ਉਹ ਦਾਈ ਬਣ ਗਈ।

ਲਓ ਜੀ, ਏਸੇ ਨੂੰ ਹੀ ਪੁੱਛ ਲਓ ਕਿ ਕੀ ਕੀ ਵਾਰਦਾਤ ਕੀਤੀਓ ਆ ਏਸ ਨੇ ਤੁਹਾਡੇ ਨਾਲ।

ਦਾਈ ਘਬਰਾ ਗਈ। ਉਸਨੂੰ ਹੁਣ ਬੋਲਣਾ ਪਿਆ। ਦਾਈ ਨੇ ਬਾਦਸ਼ਾਹ ਦੇ ਖੌਫ਼ ਤੋਂ ਡਰਦਿਆਂ ਸ਼ੁਰੂ ਤੋਂ ਲੈ ਕੇ ਆਖਰ ਤੱਕ ਜੋ ਅੱਠਵੀਂ ਰਾਣੀ ਤੇ ਉਹਦੀ ਔਲਾਦ ਨਾਲ ਕੀਤਾ ਹੂ-ਬ-ਹੂ ਬੱਕ ਦਿੱਤਾ।

ਬਾਦਸ਼ਾਹ ਉੱਠਿਆ, ਉੱਠ ਕੇ ਪੁੱਤਰ ਨੂੰ ਕਲ਼ਾਵੇ 'ਚ ਲੈ ਲਿਆ। ਅੱਠਵੀਂ ਰਾਣੀ ਉੱਠੀ ਉਹਨੇ ਆਪਣੀ ਧੀ ਨੂੰ ਬੁੱਕਲ 'ਚ ਲੈ ਲਿਆ।



ਡਾ. ਜਸਵੰਤ ਰਾਏ
91-98158-25999

ਦਾਈ ਕਹਿੰਦੀ ਬਾਦਸ਼ਾਹ ਆਹ ਤੇਰਾ ਪੁੱਤ, ਆਹ ਧੀ ਤੇ ਆਹ ਤੇਰੀ ਬਹੂ ਆ। ਇਹ ਬੱਚੇ ਜੌੜੇ ਹੋਏ ਸੀ ਅੱਠਵੀਂ ਰਾਣੀ ਨੂੰ। ਸੱਤ ਰਾਣੀਆਂ ਦੇ ਆਖੇ ਲੱਗ ਮੈਂ ਇਹਨਾਂ ਨੂੰ ਨਦੀ 'ਚ ਰੋੜ੍ਹ ਆਈ ਸੀ। ਦੋ ਲੱਖ ਰੁਪਏ ਦਿੱਤੇ ਸੀ ਰਾਣੀਆਂ ਨੇ ਮੈਨੂੰ ਇਸ ਕੰਮ ਬਦਲੇ।

ਦਾਈ ਨੇ ਸਾਰੀਆਂ ਕਹਾਣੀਆਂ ਸੱਚੀਆਂ ਦੱਸ ਦਿੱਤੀਆਂ। ਬਾਦਸ਼ਾਹ ਨੇ ਆਪਣੇ ਤੇਹਾਂ ਬੱਚਿਆਂ ਨੂੰ ਢਿੱਡ ਨਾਲ ਲਾ ਲਿਆ। ਇਹ ਤੋਂ ਬਾਅਦ ਫਿਰ ਸ਼ਹਿਰੋਂ ਕੁੱਤੇ ਮੰਗਾਏ। ਖੱਡੇ ਕਢਾ ਕੇ ਫੇਰ ਸੱਤੇ ਰਾਣੀਆਂ ਤੇ ਅੱਠਵੀਂ ਦਾਈ ਨੂੰ ਕੁੱਤਿਆਂ ਤੋਂ ਪੜਾਇਆ। ਫੇਰ ਮਹਿਲਾਂ 'ਚੋਂ ਤਿੰਨ ਪਾਲਕੀਆਂ ਮੰਗਾਈਆਂ। ਪਾਲਕੀਆਂ 'ਚ ਲੜਕਾ, ਲੜਕੀ ਤੇ ਰਾਣੀ ਅਣਬੋਲਿਆਂ ਨੂੰ ਬਿਠਾ ਕੇ ਮਹਿਲੀਂ ਲੈ ਕੇ ਗਿਆ ਬਾਦਸ਼ਾਹ। ਬਾਅਦ ਵਿਚ ਇਹੀ ਲੜਕਾ ਉਸ ਬਾਦਸ਼ਾਹ ਦੀ ਗੱਦੀ ਤੇ ਬੈਠਿਆ।

# ਬਹੁ ਅਯਾਮੀ ਸ਼ਾਇਰ

## ਜਗਤਾਰ (ਡਾ.)

**19ਵੀਂ** ਸਦੀ ਦੇ ਅੰਤ ਵਿਚ ਜਦੋਂ ਪਾਲ ਗਾਗਿਨ (1808-1903) ਨੇ ਇਕ ਵਾਰੀ ਆਲਿਵਟ੍ਰੀ (ਜੈਤੂਨ ਦੇ ਰੁੱਖ) ਦੇ ਪੱਤੇ ਨੀਲੇ ਰੰਗ ਦੇ ਪੇਂਟ ਕੀਤੇ ਤਾਂ ਉਸਨੂੰ ਵੇਖਣ ਵਾਲਿਆਂ ਪਾਗਲ ਤੱਕ ਕਹਿ ਦਿੱਤਾ।

ਇਸੇ ਤਰ੍ਹਾਂ ਰੂਸੀ ਪੇਂਟਰ ਰੌਰਿਕ ਨੇ ਜਦੋਂ ਪਹਾੜੀਆਂ ਦਾ ਰੰਗ ਨੀਲਾ ਦਰਸਿਆ ਤਾਂ ਲੋਕਾਂ ਨੂੰ ਬੜਾ ਅਜੀਬ ਲੱਗਾ। 1966 ਵਿਚ ਮੈਂ ਉਸਦੇ ਬੇਟੇ ਕੋਲ ਨਗਰ ਠਹਿਰਿਆ ਤਾਂ ਉਸਨੂੰ ਪੁੱਛਿਆ ਕਿ, ''ਤੁਹਾਡੇ ਪਿਤਾ ਜੀ ਪਹਾੜਾਂ ਦਾ ਰੰਗ ਨੀਲਾ ਕਿਉਂ ਦਰਸਾਉਂਦੇ ਹਨ?''

ਤਾਂ ਉਹਨਾਂ ਕਿਹਾ, "ਜਦੋਂ ਪਹਾੜਾਂ ਤੇ ਰੁੱਖਾਂ ਨੂੰ ਫਾਸਲੇ ਤੋਂ ਵੇਖਿਆ ਜਾਵੇ ਤਾਂ ਧੁੱਪ ਨਾਲ ਮਿਲਕੇ ਸਾਵਾ ਰੰਗ ਨੀਲਾ ਹੋ ਜਾਂਦਾ ਹੈ। ਇਸਨੂੰ ਰੰਗਾਂ ਦੇ ਪ੍ਰਭਾਵਾਂ ਕਾਰਨ ਉਹਨਾਂ ਪ੍ਰਭਾਵਾਂ ਦੇ ਸੰਦਰਭ ਵਿਚ ਰੱਖ ਕੇ ਹੀ ਸਮਝਿਆ ਜਾ ਸਕਦਾ ਹੈ।

Bruce. D. Kurtz ਨੇ ਵੀ ਆਪਣੀ ਪੁਸਤਕ ਵਿਜ਼ੁਅਲ ਇਮੈਜੀਨੇਸ਼ਨ ਵਿਚ ਲਿਖਿਆ ਹੈ ਕਿ "When we perceive something as black it is really a very dark blue or green." (Page 177)

ਕੁਲਵਿੰਦਰ ਦੀ ਪੁਸਤਕ ਦੇ ਨਾਮਕਰਨ ਬਾਰੇ ਵੀ ਕਈ ਲੋਕ ਕਿੰਤੂ ਕਰ ਸਕਦੇ ਹਨ ਕਿ ਖੰਡਰਾਂ ਵਿਚ ਤਾਂ ਰੁੱਖ ਉਗਦੇ ਹਨ ਰੁੱਖਾਂ ਵਿਚ ਖੰਡਰ ਕਿਵੇਂ ਉਗ ਸਕਦੇ ਹਨ?


ਮਗਰ ਅਜਿਹਾ ਅਕਸਰ ਹੁੰਦਾ ਹੈ। ਜਦੋਂ ਖੰਡਹਰਾਂ ਦੇ ਆਸਾਰ ਜਾਂ ਸਮਾਰਕੀ-ਚਿੰਨ੍ਹ ਰੁੱਖਾਂ ਦੀ ਹੋਂਦ ਵਿਚ ਘਿਰ ਕੇ ਰੁੱਖਾਂ ਵਿਚ ਉੱਗੇ ਹੋਏ ਪ੍ਰਤੀਤ ਹੁੰਦੇ ਹਨ। ਇਹ ਆਪਣੀ ਆਪਣੀ ਦ੍ਰਿਸ਼ਟੀ ਦੀ ਸੀਮਾ ਹੈ।

ਉਂਜ ਵੀ ਕੁਲਵਿੰਦਰ ਦੀਆਂ ਬਹੁਤੀਆਂ ਗ਼ਜ਼ਲਾਂ ਦਾ ਅਧਿਐਨ ਇਹ ਸਾਬਤ ਕਰਦਾ ਹੈ ਕਿ ਉਸਦੀਆਂ ਗ਼ਜ਼ਲਾਂ ਵਿਚ ਕੇਵਲ ਆਧੁਨਿਕ ਪਹਿਲੂ ਹੀ ਵਿਦਮਾਨ ਨਹੀਂ ਪ੍ਰਯੋਗਿਕ ਤੇ ਤਜਰੀਦੀ ਪਹਿਲੂ ਦਾ ਵੀ ਕਾਫੀ ਦਖਲ ਹੈ।

ਉਸਦੀਆਂ ਗ਼ਜ਼ਲਾਂ ਨੂੰ ਪ੍ਰੰਪਰਾਗਤ ਅਰਥਾਂ ਦੀ ਦ੍ਰਿਸ਼ਟੀ ਤੋਂ ਨਹੀਂ ਵੇਖਿਆ ਜਾ ਸਕਦਾ ਨਾ ਹੀ ਵੇਖਣਾ ਚਾਹੀਦਾ ਹੈ।

ਉਦਾਹਰਣ ਲਈ ਉਸਦਾ ਇਕ ਸ਼ਿਅਰ ਹੈ:

**ਮੈਂ ਬਿਖ਼ਰ ਜਾਂਦਾ ਹਾਂ ਤਰਕਾਲਾਂ ਨੂੰ ਹੋ ਕੇ ਹਰਫ਼ ਹਰਫ਼**
**ਪਰ ਉਦੈ ਹੋਵਾਂ ਸਵੇਰੇ ਪਾ ਕੇ ਹਰਫ਼ਾਂ ਦਾ ਲਿਬਾਸ।**






ਸ਼ਾਇਦ ਪੰਜਾਬੀ ਕਵਿਤਾ ਵਿਚ ਪਹਿਲੀ ਵਾਰ ਕਿਸੇ ਨੇ ਹਰਫ (ਵਰਣ) ਤੇ ਹਰਫਾਂ ਦਾ ਲਿਬਾਸ (ਲਫਜ਼) ਹਰਫ ਦੇ ਸੂਖਸ਼ਮ ਅੰਤਰ ਨੂੰ ਪ੍ਰਤੀਕਾਤਮਕ ਰੂਪ ਵਿਚ ਪ੍ਰਤੱਖਿਆ ਹੈ। ਸ਼ਬਦ (ਲਫਜ਼) ਧੁਨੀਆਂ ਦਾ ਸਮੂਹ ਹੈ ਜਿਸਦਾ ਅਰਥ ਹੈ ਪਰ ਹਰਫ ਇਕ ਫਿਨਾਮਨ ਹੈ, ਜਿਸ ਦਾ ਕੋਈ ਅਰਥ ਨਹੀਂ। ਹਰਫ ਆਪਣੇ ਆਪ ਕੋਈ ਅਰਥ ਪੈਦਾ ਵੀ ਨਹੀਂ ਕਰ ਸਕਦਾ।

ਲਫਜ਼ ਇਕ ਖਾਨਦਾਨ, ਇਕ ਕਬੀਲੇ, ਗਰੋਹ, ਨਗਰ ਤੇ ਮੁਲਕ ਦੀ ਹੈਸੀਅਤ ਰੱਖਦਾ ਹੈ। ਭਾਵ ਲਫਜ਼ ਦੀ ਇਕ ਸ਼ਖਸੀਅਤ ਹੈ ਇਕ ਹੈਸੀਅਤ ਹੈ। ਜਦੋਂ ਕੋਈ ਮੁਲਕ ਵਜੂਦ ਵਿਚ ਆਉਂਦਾ ਹੈ ਤਾਂ ਉਸਦੇ ਦੋਸਤ ਤੇ ਦੁਸ਼ਮਣ ਵੀ ਪੈਦਾ ਹੋ ਜਾਂਦੇ ਹਨ। ਕੁਲਵਿੰਦਰ ਨੇ ਹਰਫ਼ ਨੂੰ ਹਰਫ਼ਾ ਦਾ ਲਿਬਾਸ ਕਹਿ ਕੇ ਲਫਜ਼ ਵਿਚ ਬਦਲ ਦਿੱਤਾ ਹੈ। ਅਜਿਹਾ ਕਮਾਲ ਮੈਂ ਸਿਰਫ ਡਾ. ਵਜ਼ੀਰ ਆਗਾ ਦੇ ਇਕ ਸ਼ਿਅਰ ਵਿਚ ਹੀ ਦੇਖਿਆ ਸੀ।

**ਲਫ਼ਜ਼ ਮਹਿਫ਼ੂਮ ਸੇ ਡਰਤਾ ਹੈ ਸਦਾ,**
**ਹਰਫ਼ ਬੇਖ਼ੌਫ਼ੋ ਖ਼ਾਤਰ ਜਾਗਤਾ ਹੈ।**

ਮਗਰ ਡਾ. ਵਜ਼ੀਰ ਆਗ਼ਾ ਨੇ ਹਰਫ ਤੇ ਲਫਜ਼ ਨੂੰ ਜੁਦਾਗਾਨਾ ਹੈਸੀਅਤ ਵਿਚ ਲਿਆ ਹੈ। ਪਰ ਕੁਲਵਿੰਦਰ ਨੇ ਹਰਫ਼ਾਂ ਦੇ ਸਮੂਹ ਨੂੰ ਲਬਾਸ ਕਹਿ ਕੇ ਹਰਫ਼ ਨੂੰ ਲਫਜ਼ਾਂ ਦੇ ਅਰਥਾਂ ਵਿਚ ਬਦਲ ਦਿੱਤਾ ਹੈ।

ਤਰਕਾਲਾਂ ਨੂੰ ਆਦਮੀ ਆਪਣੇ ਆਪ ਨੂੰ ਟੁਕੜਿਆਂ ਵਿਚ ਵਟਿਆ ਮਹਿਸੂਸ ਕਰਦਾ ਹੈ ਪਰ ਸਵੇਰੇ ਫਿਰ ਉਹ ਸੰਘਰਸ਼ਸ਼ੀਲ ਹੋ ਕੇ ਤੁਰਦਾ ਹੈ।

ਇਸ ਸ਼ਿਅਰ ਦੀ ਤਹਿ ਵਿਚ ਤਨਹਾਈ ਦਾ ਇਹਸਾਸ ਵੀ ਲੁਪਤ ਹੈ। ਇਹ ਇਹਸਾਸ ਅਣਕਹੀ ਕਵਿਤਾ ਦੀ ਥਾਂ-ਕਮਾਲ ਮਿਸਾਲ ਹੈ। ਇਹ ਹਾਲਤ ਪਰਵਾਸੀ ਮਨੁੱਖ ਦੀ ਐਨ ਸਹੀ ਤਸਵੀਰਕਸ਼ੀ ਹੈ। ਜੋ ਤਨਹਾਈ ਵਿਚ ਹਰਫ਼ ਹਰਫ਼ ਹੋ ਕੇ ਕਿਰ ਜਾਂਦਾ ਹੈ। ਕੁਲਵਿੰਦਰ ਦੀ ਸ਼ਾਇਰੀ ਦਾ ਕਮਾਲ ਹੀ ਇਹ ਹੈ ਕਿ ਉਹ ਸ਼ਬਦਾਂ ਦੀ ਬਾਜ਼ੀਗਰੀ ਵਿਚ ਯਕੀਨ ਨਹੀਂ ਰੱਖਦਾ ਬਲਕਿ ਸ਼ਬਦਾਂ ਦੇ ਤੀਬਰ ਤੇ ਗਹਿਰੇ ਪ੍ਰਭਾਵ ਦੀ ਸਿਰਜਣਾ ਵਿਚ ਯਕੀਨ ਰੱਖਦਾ ਹੈ ਤੇ ਉਹ ਸ਼ਬਦ -ਬਿੰਬਾਂ ਦੇ ਅਰਥਚਾਰੇ ਨੂੰ ਬਦਲ ਬਦਲ ਕੇ ਪੇਸ਼ ਕਰਦਾ ਹੈ। ਹਰਫ਼ ਸ਼ਬਦ ਦੀਆਂ ਹੋਰ ਮਿਸਾਲਾਂ ਵੇਖੋ-

**ਜਲਨ ਪਹੁੰਚੇਗੀ ਇਹਨਾਂ ਦੀ ਸੁਲਗਦੇ ਸੀਨਿਆਂ ਤਾਈਂ**
**ਇਹ ਧੁਖਦੇ ਹਰਫ਼ ਸਫ਼ਿਆਂ ਤੇ ਵਛਾ ਕੇ ਕੀ ਕਰੋਗੇ।**

ਹਰਫ਼ ਦਾ ਅਰਥ ਇਲਜ਼ਾਮ ਵੀ ਹੈ। ਸਫ਼ਾ ਦਾ ਅਰਥ ਵਿਸਤਿਰਤ ਰੂਪ ਵਿਚ ਦੁਨੀਆਂ ਵੀ ਹੈ। ਹੁਣ ਅਸੀਂ ਇਹਨਾਂ ਦੋ ਸ਼ਬਦਾਂ ਦੇ ਅਰਥਾਂ ਵਿਚ ਉਪਰੋਕਤ ਸ਼ਿਅਰ ਨੂੰ ਲਈਏ ਤਾਂ ਇਸਦੇ ਅਰਥਾਂ ਦੀ ਗਹਿਰਾਈ ਤਕ ਪਹੁੰਚ ਸਕਦੇ ਹਾਂ।

ਭਾਵ ਇਸ ਦੁਨੀਆਂ ਦੇ ਸੜ ਰਹੇ ਦੁਖੀ ਲੋਕਾਂ ਦਾ ਦੁੱਖ ਹੋਰ ਵੀ ਵੱਧ ਜਾਵੇਗਾ ਜੇ ਤੁਸੀਂ ਮਾਰੂ ਤੇ ਕੋਹਝੇ ਸ਼ਬਦਾਂ ਦਾ ਦੁਨੀਆਂ ਵਿਚ ਪ੍ਰਯੋਗ ਕਰੋਗੇ।

ਕੁਝ ਹੋਰ ਸ਼ਬਦਾਂ ਦੀ ਆਦਿਰਸ਼ਤਾ ਵਿਚ ਪਾਰਦਿਰਸ਼ਤਾ ਵੇਖੋ-

**ਬਿਰਖ ਸਭ ਸਹਿਮੇਂ ਖੜੇ ਪੱਤਾ ਵੀ ਇਕ ਹਿਲਦਾ ਨਾ ਸੀ**
**ਰਾਤ ਭਰ ਜੰਗਲ 'ਚ ਇਕ ਪੰਛੀ ਵੀ ਘਰ ਮੁੜਿਆ ਨਾ ਸੀ।**

ਬਿਰਖ- ਵਾਸੀ
ਪੰਛੀ- ਭੋਲੇ ਭਾਲੇ ਲੋਕ
ਜੰਗਲ- ਕਾਨੂੰਨ ਰਹਿਤ ਪ੍ਰਬੰਧ

ਇਹਨਾਂ ਪ੍ਰਤੀਕਾਂ ਰਾਹੀਂ ਉਸਨੇ ਵਹਿਸ਼ਤ ਤੇ ਦਹਿਸ਼ਤ ਭਰੇ ਮਾਹੌਲ ਦੀ ਸਿਰਜਣਾ ਕੀਤੀ ਹੈ।

ਬਿਰਛ ਦੇ ਪ੍ਰਤੀਕ ਨੂੰ ਉਸਨੇ ਕਈ ਅਰਥਾਂ ਵਿਚ ਚਿਤਰਿਆ ਹੈ ਜਿਵੇਂ:-

**ਸੁਲਗਦੀ ਰਾਤ, ਬਲਦਾ ਬਿਰਖ, ਤਾਰਾ ਟੁੱਟਦਾ ਹੋਇਆ,**
**ਮੈਂ ਖੁਦ ਵੀ ਹੋ ਗਿਆ ਟੁਕੜੇ, ਇਹ ਮੰਜ਼ਰ ਦੇਖਦਾ ਹੋਇਆ।**




**ਝੜ ਗਿਆ ਹਰ ਸਬਜ਼ ਪੱਤਾ, ਡਿਗ ਪਈ ਹਰ ਸ਼ਾਖ਼ ਵੀ,**
**ਬਿਰਛ ਪਰ ਅੰਨ੍ਹੀ ਹਵਾ ਦੇ ਸਾਮ੍ਹਣੇ ਝੁਕਿਆ ਨਾ ਸੀ।**

**ਉਹ ਕੈਸਾ ਬਿਰਖ ਸੀ ਜੋ ਬਰਫ਼ ਦੇ ਜੰਗਲ 'ਚ ਉਗਿਆ ਸੀ,**
**ਨਾ ਕੋਈ ਮਾਣ ਸਕਿਆ ਛਾਂ ਮਸਾਫਿਰ ਗੁਜ਼ਰਦਾ ਹੋਇਆ।**

**ਖ਼ਬਰ ਕੁਝ ਵੀ ਨਹੀਂ ਕਿਸ ਹਾਲ ਵਿਛੜੀ ਬਿਰਖ ਤੋਂ ਉਹ, ਪਰ**
**ਭਿਆਨਕ ਚੀਖ਼ ਬਣਕੇ ਬੰਸਰੀ ਤੋਂ ਮੈਂ ਜੁਦਾ ਹੋਇਆ।**

ਉਸਨੇ ਚੌਥੇ ਸ਼ਿਅਰ ਵਿਚ ਹਿਜਰ ਦੇ ਦਰਦ ਨੂੰ ਤੇ ਪਹਿਲੇ ਸ਼ਿਅਰ ਵਿਚ ਹਿਜਰਤ ਪਿੱਛੋਂ ਬਿਖਰ ਕੇ ਟੁੱਟ ਜਾਣ ਨੂੰ ਪ੍ਰਕਿਰਤਕ ਬਿੰਬਾਂ ਰਾਹੀਂ ਜਿਸ ਕਮਾਲ, ਤੀਬਰ ਅਨੁਭੂਤੀ ਤੇ ਗਹਿਰੇ ਜਜ਼ਬੇ ਨਾਲ ਚਿਤਰਿਆ ਹੈ ਇਸਦਾ ਕੋਈ ਜਵਾਬ ਨਹੀਂ। ਇਸੇ ਤਰ੍ਹਾਂ, ਉਸਨੇ ਖੰਡਰ ਦੇ ਸ਼ਬਦ ਤੋਂ ਕਈ ਤਰ੍ਹਾਂ ਦੇ ਮਾਅਨਵੀ ਪਹਿਲੂ ਉਜਾਗਰ ਕੀਤੇ ਹਨ।

ਕੁਲਵਿੰਦਰ ਦੀਆਂ ਗ਼ਜ਼ਲਾਂ ਵਿਚ ਪ੍ਰਾਕਿਰਤਕ ਬਿੰਬ ਤੇ ਪ੍ਰਤੀਕ ਉਸਨੂੰ ਸਰਵਿਆਪਕਤਾ ਤੇ ਬ੍ਰਹਿਮੰਡਿਕ ਰਮਨੀਕਤਾ ਨਾਲ ਜੋੜਦੇ ਹਨ। ਉਸਨੂੰ ਪ੍ਰਕਿਰਤੀ ਦਾ ਬੜਾ ਗਹਿਰਾ ਅਧਿਐਨ ਹੈ ਤਾਂ ਹੀ ਤਾਂ ਉਹ ਪ੍ਰਕਿਰਤਕ ਪਦਾਰਥਾਂ ਦੇ ਹਰ ਮੂਡ ਤੇ ਤੇਵਰ ਤੋਂ ਵਾਕਿਫ਼ ਹੈ।

ਹਵਾ ਦੇ ਮੂਡ ਹੀ ਲੈ ਲਵੋ :

**ਗੁਜ਼ਰਿਆ ਕੌਣ ਹੈ ਮਨ ਦੀ ਗਲੀ 'ਚੋਂ,**
**ਕਿ ਤੜਪੇ ਬਿਰਛ ਪੌਣਾਂ ਨਾਲ ਰਲਕੇ।**

**ਨਾ ਮੁੜਕੇ ਮੈਂ ਬੁਝੇ ਦੀਵੇ ਜਗਾਏ,**
**ਨਾ ਉਹ ਮੁੜਿਆ ਹਵਾ ਦਾ ਰੁਖ਼ ਬਦਲਕੇ।**

**ਹਵਾਵਾਂ ਦੀ ਸਰਸਰ ਖ਼ਤਮ ਰਾਤ ਸੁੰਨੀ**
**ਘਰੋ ਘਰ ਤੁਸੀਂ ਦੀਵਿਆਂ ਨੂੰ ਜਗਾਉ।**

**ਘਰ ਦੇ ਚਰਾਗ਼ ਰੋਜ਼ ਹੀ ਪੌਣਾਂ ਬਝਾਉਂਦੀਆਂ**
**ਜੇਰੇ ਦੇ ਨਾ.ਲ ਰੋਜ਼ ਪਰ ਮਾਂਵਾਂ ਜਗਾਉਂਦੀਆਂ।**

ਉਪਰੋਕਤ ਚਾਰ ਸ਼ਿਅਰਾਂ ਵਿਚ ਹਵਾ ਦੇ ਚਾਰ ਮਿਜਾਜ਼ (ਭਾਵ ਦਸ਼ਾ, ਕਰੋਧ, ਰੋਸ, ਦੁਸ਼ਮਣੀ) ਚਿਤਰੇ ਗਏ ਹਨ।

ਮਹਾਨ ਸ਼ਾਇਰ ਵਾਰਸ ਸ਼ਾਹ ਨੂੰ ਜਿੰਨੀ ਜੀਵ-ਵਿਗਿਆਨ ਤੇ ਪ੍ਰਕਿਰਤਕ-ਪਥਾਰਥਾਂ ਦੇ ਮਿਜਾਜ਼ ਦੀ ਸਮਝ ਸੀ (ਗੁਰੂ ਕਵੀਆਂ ਤੋਂ ਬਿਨਾਂ) ਹੋਰ ਕਿਸੇ ਪੰਜਾਬੀ ਸ਼ਾਇਰ ਵਿਚ ਨਹੀਂ।

ਵਾਰਸ ਦਾ ਇਕ ਸ਼ਿਅਰ ਹੈ :

**ਵਾਰਸ ਤਖ਼ਤਹਜ਼ਾਰੇ ਦੇ ਡੰਬਰੇ ਨੂੰ**
**ਰੰਗ ਰੰਗ ਦੀਆਂ ਜਾਲੀਆਂ ਪਾਉਂਦੀ ਏ।**

ਮਛਲੀਆਂ ਨੂੰ ਪੁਰਸ਼ (ਭਾਵ ਪੁਲਿੰਗ) ਰੂਪ ਵਿਚ ਘੱਟ ਹੀ ਪੁਕਾਰਿਆ ਜਾਂਦਾ ਹੈ ਪਰ ਡੰਬਰਾ ਪੁਲਿੰਗ ਦੇ ਰੂਪ ਵਿਚ ਆਉਂਦਾ ਹੈ। ਸੋ ਰਾਂਝੇ ਲਈ ਡੰਬਰਾ ਸ਼ਬਦ ਹੀ ਯੋਗ ਹੈ। ਵਾਰਸ ਨੂੰ ਦਰਿਆ ਦੇ ਪ੍ਰਕਿਰਤਕ-ਮੂਡਾਂ ਦਾ ਮੌਸਮਾਂ ਦੇ ਪਰਿਵਰਤਨ ਕਾਰਨ ਆਉਂਦੇ ਬਦਲਾਉ ਦਾ ਗਿਆਨ ਸੀ। ਉਸਨੇ ਤਾਹੀਂ ਰੰਗ ਰੰਗ ਦੀਆਂ ਜਾਲੀਆਂ ਦਾ ਬਿੰਬ ਵਰਤਿਆ ਹੈ। ਮਛੇਰੇ ਵੀ ਮੌਸਮਾਂ ਅਨੁਸਾਰ ਪਾਣੀ ਦਾ ਰੰਗ ਵੇਖ ਕੇ ਹਰਾ, ਨੀਲਾ, ਮਟਮੈਲਾ ਤੇ ਭੂਰਾ ਜਾਲ ਪਾਉਂਦੇ ਹਨ। ਤਾਂ ਕਿ ਮਛਲੀਆਂ ਜਾਲ ਦੇ ਰੰਗ ਤੋਂ ਸੁਚੇਤ ਨਾ ਹੋ ਸਕਣ। ਇੰਨੀ ਬਰੀਕਬੀਨੀ ਵਾਰਸ ਦੀ ਸਿਰਜਣਾ ਵਿਚ ਹੀ ਉਪਲਬਧ ਹੈ।

ਕੁਝ ਇਸੇ ਤਰ੍ਹਾਂ ਹੀ ਪ੍ਰਕਿਰਤਕ-ਪਦਾਰਥਾਂ ਦੇ ਮੂਡ ਦੀ ਕੁਲਵਿੰਦਰ ਨੂੰ ਸੋਝੀ ਹੈ। ਉਸਦੀ ਇਸ ਬਰੀਕਬੀਨੀ ਦਾ ਇਕ ਦ੍ਰਿਸ਼ਟਾਂਤ ਮੈਂ ਇੱਥੇ ਦੇਣਾ ਚਾਹਾਂਗਾ।

**ਘਰ, ਨਗਰ, ਰਿਸ਼ਤਾ ਵੀ ਹਰ ਇਕ, ਕਬਰ ਪਿਉ ਦੀ ਮਾਂ ਉਦਾਸ,**
**ਦੇਸ਼ ਛਡ ਆਇਆ ਹਾਂ ਕੀ ਕੀ ਉਸ ਕੁੜੀ ਦੇ ਨਾਲ ਨਾਲ।**

ਸ਼ਾਇਰ ਦਾ ਦੇਸ਼, ਨਗਰ, ਘਰ, ਕਬਰਾਂ ਤੇ ਮਾਂ ਨਾਲ ਤਾਂ ਰਿਸ਼ਤਾ ਸੀ ਪਰ ਓਸ ਕੁੜੀ ਨਾਲ ਤਾਂ ਅਜੇ ਕੋਈ ਰਿਸ਼ਤਾ ਬਣ ਹੀ ਨਹੀਂ ਸੀ ਸਕਿਆ। ਪਰ ਸਭ ਰਿਸ਼ਤਿਆਂ ਤੋਂ ਵੱਧ ਉਸਨੂੰ ਉਸ ਦੀ ਪੀੜ ਹੈ ਜੋ ਕੋਈ ਰਿਸ਼ਤਾ ਬਣ ਨਹੀਂ ਸਕਿਆ ਸੀ।

ਅਜਿਹਾ ਸ਼ਿਅਰ ਕਦੀ ਕਦੀ ਹੀ ਵਜੂਦ ਵਿਚ ਆਉਂਦਾ ਹੈ। ਕਿੰਨੀ ਬਰੀਕ ਪਹਿਚਾਣ ਹੈ ਸ਼ਾਇਰ ਨੂੰ ਰਿਸ਼ਤਿਆਂ ਦੀ ਤੇ ਅਣਬਣੇ ਰਿਸ਼ਤੇ ਦੀ।

ਪੰਜਾਬੀ ਵਿਚ ਕੁਝ ਲੋਕਾਂ ਨੇ Folk Loric ਸਾਹਿਤ ਦੀ ਸਿਰਜਣ ਕਰਕੇ ਪ੍ਰਸਿੱਧੀ ਪ੍ਰਾਪਤ ਕੀਤੀ ਹੈ, ਕੁਝ ਲੋਕਾਂ ਨੇ ਪੱਤਰਕਾਰਤਾ ਦੇ ਪੱਧਰ ਦੀ ਰਚਨਾ ਕਰਕੇ ਜਾਂ ਤਰਨੱਮੀ ਅੰਦਾਜ਼ ਨਾਲ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਪਰ ਗਹਿਰ ਗੰਭੀਰ ਸ਼ਾਇਰੀ ਨੂੰ ਆਲੋਚਕ, ਪਾਠਕ ਤੇ ਪ੍ਰਸਿੱਧੀ ਘੱਟ ਹੀ ਪ੍ਰਾਪਤ ਹੁੰਦੀ ਹੈ। ਕੁਲਵਿੰਦਰ ਦੀ ਥੋੜ੍ਹੀ ਜਿਹੀ ਸ਼ਾਇਰੀ ਨੂੰ ਛੱਡ ਕੇ ਉਸਦੀ ਜ਼ਿਆਦਾਤਰ ਸ਼ਾਇਰੀ ਬੜੀ ਗਹਿਰ-ਗੰਭੀਰ ਹੈ। ਦੁਨੀਆਂ ਦੀ ਜ਼ਿਆਦਾਤਰ ਸ਼ਾਇਰੀ ਵਾਂਗ ਉਸਦੇ ਨਸੀਬ ਵਿਚ ਵੀ ਸ਼ਾਇਦ ਪ੍ਰਸਿੱਧੀ ਤੇ ਪਾਠਕਾਂ ਦੀ ਬਹੁਗਿਣਤੀ ਨਾ ਹੋਵੇ। ਕਿਉਂਕਿ ਉਸਦੀ ਰਚਨਾ ਪ੍ਰਸਿੱਧ ਕਲਾ ਨਾਲ ਨਹੀਂ ਜੁੜੀ ਹੋਈ, ਨਾ ਹੀ ਭਾਈ ਵੀਰ ਸਿੰਘ ਵਾਂਗ ਕਿਸੇ ਇਕ ਵਿਸ਼ੇਸ਼ ਫ਼ਿਰਕੇ ਨਾਲ ਜੁੜੀ ਹੋਈ ਹੈ ਤੇ ਨਾ ਕਿਸੇ ਸਿਆਸੀ ਪਾਰਟੀ ਦੀ ਪਰਚਾਰਕ ਹੈ। ਕਿਤੇ ਕਿਤੇ ਉਸਦੀਆਂ ਗ਼ਜ਼ਲਾਂ ਵਿਚ ਭਾਵ-ਬੋਧ ਦੀ ਗਹਿਰਾਈ ਕਾਰਨ ਓਪਰੀ ਨਜ਼ਰੇ ਧੁੰਦਲਾਪਨ ਜ਼ਰੂਰ ਪ੍ਰਤੀਤ ਹੁੰਦਾ ਹੈ।

(ਬਾਕੀ ਅਗਲੇ ਸਫੇ ਤੇ)

# ਕੁਲਵਿੰਦਰ ਦੀ ਸ਼ਾਇਰੀ

## ਗੁਰਇਕਬਾਲ ਸਿੰਘ (ਡਾ.)

ਹੰਗੇਰੀਅਨ ਲੇਖਕ ਪਾਲ ਟੇਥਰੀ ਨੇ ਲਿਖਿਆ ਹੈ ਕਿ ਤੁਸੀਂ ਉਸ ਮਿੱਟੀ ਵਿਚ ਕਿਵੇਂ ਸੌਂ ਸਕਦੇ ਹੋ, ਜਿਸ ਨੇ ਤੁਹਾਨੂੰ ਪਾਲਿਆ ਹੀ ਨਹੀਂ, ਗੋਦ ਵਿਚ ਨਹੀਂ ਖਿਡਾਇਆ, ਸੁਭਾਅ ਅਨੁਕੂਲ ਨਹੀਂ ਬਣਾਇਆ। ਕੁਲਵਿੰਦਰ ਦੀ ਸ਼ਾਇਰੀ ਬਾਰੇ ਲਿਖਦਿਆਂ ਮੇਰੇ ਜ਼ਿਹਨ ਵਿਚ ਇਹ ਗੱਲ ਵਾਰ-ਵਾਰ ਆ ਰਹੀ ਸੀ ਕਿ ਕੋਈ ਵੀ ਬੰਦਾ ਆਪਣੇ 'ਘਰ' ਨਾਲੋਂ ਵੱਡਾ ਨਹੀਂ ਹੋ ਸਕਦਾ। ਬੰਦੇ ਦੇ ਜ਼ਿਹਨ ਵਿਚ ਉਸਰਿਆ ਤੇ ਪਸਰਿਆ ਘਰ ਉਹਦੀ ਸਮੁੱਚੀ ਜ਼ਿੰਦਗੀ ਨੂੰ ਪ੍ਰਭਾਵਿਤ ਤੇ ਨਿਰਧਾਰਿਤ ਕਰਦਾ ਹੈ। ਪਰ ਜਦੋਂ ਇਹ ਘਰ ਦਾ ਸੰਕਲਪ ਪ੍ਰਵਾਸੀ ਬੈਠੇ ਪੰਜਾਬੀ ਦੀ ਸੰਵੇਦਨਾ ਨੂੰ ਟੁੰਬਦਾ ਹੈ ਤਾਂ ਉਹ ਛੱਡੀ ਗਈ ਧਰਤੀ ਦੇ ਉਸ ਸਮੇਂ ਛੱਡੇ ਗਏ ਘਰ ਦੀ ਕਸਮ ਨੂੰ ਵੀ ਆਪਣੇ ਨਾਲ ਚੁੱਕੀ ਫਿਰ ਰਿਹਾ ਹੁੰਦਾ ਹੈ। ਉਸ ਵਕਤ ਵਿਦੇਸ਼ੀ ਧਰਤੀ 'ਤੇ ਉਸਾਰਿਆ ਗਿਆ ਘਰ ਆਪਣੇ 'ਘਰ' ਨਾਲੋਂ ਵੱਡਾ ਨਹੀਂ ਹੁੰਦਾ ਅਤੇ ਨਾ ਹੀ ਬੰਦਾ ਵਿਦੇਸ਼ੀ ਘਰ ਵਿਚ ਸਕੂਨ ਨਾਲ ਸੌਂ ਸਕਦਾ ਹੈ। ਇਹ ਛਟਪਟਾਹਟ, ਇਹ ਅਜਨਬੀਅਤ, ਇਹ ਬੇਗਾਨਗੀ, ਇਹ ਤੁੱਛਤਾ, ਇਹ ਲਘੂਤਾ, ਇਹ ਉਦਰੇਵਾਂ, ਇਹ ਸੀਮਾਵਰਤਣ, ਇਹ ਵਿਜੋਗ, ਇਹ ਪੀੜ੍ਹੀ ਪਾੜਾ, ਇਹ ਸਭਿਆਚਾਰਕ ਤਣਾਉ ਉਸ ਦੇ ਆਪਣੇ ਉਸਾਰੇ ਘਰ ਦੇ ਆਲੇ ਦੁਆਲੇ ਇਕ ਚੱਕਰਵਿਊ ਉਸਾਰਦੇ ਹਨ। ਇਸ ਚੱਕਰਵਿਊ ਵਿਚ ਫਸਿਆ ਬੰਦਾ ਫਿਰ ਆਪਣੇ 'ਘਰ', ਆਪਣੀਆਂ ਜੜ੍ਹਾਂ ਵੱਲ ਖ਼ਿਆਲਾਂ ਦਾ, ਵਿਚਾਰਾਂ ਦਾ, ਭਾਵਨਾਵਾਂ ਦਾ ਸਫ਼ਰ ਕਰਦਾ ਹੈ। ਤੇ ਜਦੋਂ ਇਹ ਸਫ਼ਰ ਕਰਤਾਰੀ ਸ਼ਕਤੀ ਨਾਲ ਸਾਂਝ ਵਿਚ ਬੱਝਦਾ ਹੈ ਤਾਂ ਸਿਰਜਤ ਟੈਕਸਟ ਨੂੰ ਜਨਮ ਦਿੰਦਾ ਹੈ ਤੇ ਸਿਰਜਣਾ ਕੁਦਰਤ ਨਾਲ ਸਾਂਝ ਵਿਚੋਂ ਮਾਨਵੀ ਹੋਂਦ ਤੇ ਹੋਣੀ ਦੀ ਤਲਾਸ਼ ਕਰਦੀ ਹੋਈ ਸ਼ਾਇਰੀ ਦੀਆਂ ਨਵੀਨ ਕਾਵਿ-ਵਿਧੀਆਂ ਦਾ ਆਧਾਰ ਬਣਦੀ ਹੋਈ ਅਨੁਭਵ ਦੀ ਵਿਅਕਤੀਗਤਤਾ ਅਤੇ ਵਿਲੱਖਣਤਾ ਨੂੰ ਪਛਾਣਦੀ ਹੈ।

ਵਿਦੇਸ਼ਾਂ ਵਿਚ ਬੈਠੇ ਸ਼ਾਇਰਾਂ ਦੁਆਰਾ ਲਿਖੀ ਜਾ ਰਹੀ ਬਹੁਤੀ ਗ਼ਜ਼ਲ ਪੰਜਾਬ ਵਿਚਲੇ ਸਥਾਪਤ ਸ਼ਾਇਰਾਂ ਤੋਂ ਪ੍ਰਭਾਵਿਤ ਗ਼ਜ਼ਲ ਹੈ। ਪ੍ਰਭਾਵਿਤ ਹੋਣਾ ਮਾੜੀ ਗੱਲ ਨਹੀਂ, ਪਰ ਅਨੁਭਵ ਦੀ ਵਿਅਕਤੀਗਤਤਾ ਤੇ ਨਵੀਨ ਪ੍ਰਗਟਾਅ ਵਿਧੀਆਂ ਦੀ ਵਿਲੱਖਣਤਾ ਬਹੁਤ ਮਹੱਤਵਪੂਰਨ ਹੈ। ਇਹ ਹੀ ਕਿਸੇ ਸ਼ਾਇਰ ਦੀ ਗੰਭੀਰਤਾ ਅਤੇ ਸੰਵੇਦਨਾ ਨੂੰ ਨਿਰਧਾਰਿਤ ਕਰਦੀ ਹੈ। ਕੁਲਵਿੰਦਰ, ਸਾਡਾ 'ਪਾਤਾਲ ਦੀ ਧਰਤੀ' 'ਤੇ ਵੱਸਿਆ ਸਾਫਟਵੇਅਰ ਇੰਜੀਨੀਅਰ ਸ਼ਾਇਰ ਹੈ। ਉਹ ਅਤਿਵਿਕਸਤ ਸਮਾਜ ਵਿਚ ਵੱਸਿਆ ਆਪਣੇ 'ਘਰ' ਨਾਲ ਜੁੜਿਆ ਹੋਇਆ ਹੈ। ਇਕ ਪਾਸੇ ਪੱਛਮੀ ਸਰੋਕਾਰ ਨਾਲ ਜੁੜਿਆ ਆਪਣੇ ਸਵੈ ਦੀ ਕੈਦ ਨੂੰ ਹੰਢਾ ਰਿਹਾ ਹੈ। ਸਵੈ ਦੀ ਕੈਦ ਉਸ ਨੂੰ ਉਥੋਂ ਦੇ ਸਮਾਜਿਕ ਸਰੋਕਾਰਾਂ ਨਾਲੋਂ ਤੋੜਨ ਲਈ ਯਤਨਸ਼ੀਲ ਹੈ। ਦੂਜੇ ਪਾਸੇ ਆਪਣੇ 'ਘਰ', ਆਪਣੀਆਂ ਜੜ੍ਹਾਂ ਦੀ ਤਲਾਸ਼ ਹੈ। ਇਹ ਟਕਰਾਓ ਬੰਦੇ ਨੂੰ ਇਕ ਖੰਡਤ ਹੋਂਦ ਵਿਚ ਪਾ ਦਿੰਦਾ ਹੈ:

**ਬਿਗਾਨੇ ਬਿਰਖ ਦੀ ਛਾਂ ਹੇਠ ਕਮਲਿਆ ਬਹਿ ਕੇ,**
**ਕਦੇ ਤੂੰ ਸੋਚਿਆ ਵੀ ਹੈ ਕੀ ਹੋਂਦ ਹੈ ਤੇਰੀ?**

**ਜਦ ਵੀ ਚਾਹਿਆ ਤਪਦਿਆਂ ਰਾਹਾਂ 'ਚ ਪਲ ਭਰ ਛਾਂ ਮਿਲੇ,**
**ਬਿਰਖ਼ ਰਸਤੇ ਵਿਚ ਮਿਲੇ, ਉਹਨਾਂ ਦਾ ਪਰ ਸਾਇਆ ਨਾ ਸੀ।**

**ਸੁਲਗਦੀ ਰਾਤ, ਬਲਦਾ ਬਿਰਖ਼, ਤਾਰਾ ਟੁੱਟਦਾ ਹੋਇਆ,**
**ਮੈਂ ਖ਼ੁਦ ਹੀ ਹੋ ਗਿਆ ਟੁਕੜੇ ਇਹ ਮੰਜ਼ਰ ਦੇਖਦਾ ਹੋਇਆ।**

ਸ਼ਾਇਰ ਦਾ ਖੰਡਤ ਵਿਅਕਤਿਤਵ ਉਸ ਦੇ ਪ੍ਰਵਾਸ ਸੰਕਟ ਵਿਚ ਪਿਆ ਹੈ। ਇਹ ਸੰਕਟ ਰਿਸ਼ਤਿਆਂ ਦੀ ਵਿਆਕਰਣ ਤੋੜ ਨਹੀਂ ਰਿਹਾ ਹੈ, ਸਗੋਂ ਇਕ ਨਾ ਮਿਟਣ ਵਾਲੀ ਦੂਰੀ ਸਿਰਜ ਰਿਹਾ ਹੈ, ਅਜਨਬੀਅਤ ਨੂੰ ਸਿਰਜ ਰਿਹਾ ਹੈ। ਇਹ ਸੰਕਟ ਜ਼ਿਹਨ ਵਿਚ ਇਕ ਤੀਬਰ ਤ੍ਰਾਸਦਿਕ ਵੇਦਨਾ ਦਾ ਆਧਾਰ ਬਣ ਰਿਹਾ ਹੈ। ਕੁਲਵਿੰਦਰ ਇਸ ਖੰਡਤ ਅਨੁਭਵ ਨੂੰ ਖ਼ੂਬਸੂਰਤੀ ਨਾਲ ਸਿਰਜ ਰਿਹਾ ਹੈ:

**ਮਿਲਣ ਦਾ ਵਕਤ ਹੈ, ਬੇਚੈਨ ਹੈ ਮਾਂ ਬੇਵਸੀ ਵਿਚ,**
**ਤੁਸੀਂ ਫਿਰ ਕਬਰ 'ਤੇ ਹਰ ਸਾਲ ਜਾ ਕੇ ਕੀ ਕਰੋਗੇ?**

**ਘਰ, ਨਗਰ, ਰਿਸ਼ਤਾ ਵੀ ਹਰ ਇਕ, ਕਬਰ ਪਿਉ ਦੀ ਮਾਂ ਉਦਾਸ,**
**ਦੇਸ਼ ਛੱਡ ਆਇਆ ਹਾਂ ਕੀ ਕੀ ਉਸ ਕੁੜੀ ਦੇ ਨਾਲ ਨਾਲ।**

**ਬਿਰਖ਼ ਘਰ ਦੇ ਵੱਢ ਕੇ ਤੇ ਕਰ ਕੇ ਗੁਲ ਦੀਵੇ ਤਮਾਮ,**
**ਬਹਿ ਕੇ ਹੁਣ ਖੰਡਰਾਤ 'ਤੇ ਸੋਚਾਂ, ਕੀ ਹੈ ਮੇਰਾ ਮਕਾਮ।**

**ਬਿਰਖ਼ ਘਣ ਛੱਤਾ ਜੇ ਛਾਂਗਣ ਲਗ ਗਿਐਂ ਤਾਂ ਸੋਚ ਲੈ,**
**ਮੌਤ ਤੇਰੀ ਵੀ ਕਿਸੇ ਦਿਨ ਇਸ ਤਰ੍ਹਾਂ ਹੀ ਆਏਗੀ।**

ਕੁਲਵਿੰਦਰ ਅਜਨਬੀ ਸਥਿਤੀਆਂ ਦੀ ਵਿਆਕਰਣ ਨੂੰ ਜਾਣਦਾ ਹੈ। ਉਹ ਉਹਨਾਂ ਨਾਲ ਸੰਘਰਸ਼ਸ਼ੀਲ ਹੈ। ਖੰਡਤ ਹੋਂਦ ਦਾ ਉਸ ਨੂੰ ਗਿਆਨ ਹੈ। ਪਰ ਦੋਹਾਂ ਵਰਤਾਰਿਆਂ ਵਿਚੋਂ ਪਾਰ ਜਾਣ ਦੇ ਰਸਤੇ ਦੀ ਉਸ ਨੂੰ ਤਲਾਸ਼ ਹੈ ਜਿਹੜੀ ਉਸਨੂੰ ਆਪਣੇ 'ਘਰ' ਦੇ ਅਰਥ ਸਮਝਾਏਗੀ, 'ਘਰ' ਦੀ ਪਛਾਣ ਕਰਾਏਗੀ :

**ਕਿਸੇ ਦਿਨ ਉਸ ਦੀ ਮਿੱਟੀ 'ਚੋਂ ਵੀ ਸੂਹੇ ਫੁੱਲ ਉੱਗਣਗੇ,**
**ਬਣੇਗਾ ਖ਼ਾਕ, ਪੱਤਾ ਜ਼ਰਦ ਟ੍ਹਾਣੋਂ ਟੁੱਟਿਆ ਹੋਇਆ।**

ਨਵ-ਸਿਰਜਣ ਜਾਂ ਨਵ-ਰਿਸ਼ਤੇ ਦੀ ਪਛਾਣ ਕੁਲਵਿੰਦਰ ਦੀ ਪ੍ਰਾਪਤੀ ਹੈ।

ਕੁਲਵਿੰਦਰ ਦੀ ਸ਼ਾਇਰੀ ਬਾਰੇ ਦੂਜੀ ਮਹੱਤਵਪੂਰਨ ਗੱਲ ਉਸਦਾ ਬਿਰਖ਼ ਦੇ ਚਿਹਨ ਨੂੰ ਵੱਖ ਵੱਖ ਅਰਥਾਂ/ਸਥਿਤੀਆਂ ਵਿਚ ਬੰਨ੍ਹਣਾ ਹੈ। ਸੂਰਜ, ਨਦੀ, ਜੰਗਲ, ਫੁੱਲ, ਘਰ, ਦੀਵਾ, ਖੰਡਰ, ਸਮੁੰਦਰ ਅਤੇ ਜੁਗਨੂੰ ਆਦਿ ਸ਼ਬਦਾਂ ਨੂੰ ਵੀ ਸ਼ਾਇਰ ਨੇ ਵਿਭਿੰਨ ਵਸਤੂਗਤ ਸਥਿਤੀਆਂ ਦਾ ਆਧਾਰ ਬਣਾਇਆ ਹੈ। ਅਸਲ ਵਿਚ ਇਹ ਕੁਦਰਤ ਦਾ ਮਾਨਵੀਕਰਣ ਹੈ। ਮਾਨਵੀ ਸਮਾਜ ਦੀ ਅਮਾਨਵੀਅਤਾ ਦਾ ਸਤਾਇਆ ਮਨੁੱਖ ਕੁਦਰਤ ਨਾਲ ਸਾਂਝ ਪਾਉਂਦਾ ਹੈ। ਕੁਦਰਤ ਨਾਲ ਨੇੜਤਾ ਵਿਚੋਂ ਹੀ ਉਹ ਇਨਸਾਨੀ ਕਦਰਾਂ ਕੀਮਤਾਂ ਦੀ ਤਲਾਸ਼ ਕਰਦਾ ਹੈ। ਕੁਲਵਿੰਦਰ 'ਬਿਰਖ' ਨੂੰ ਵਿਭਿੰਨ ਮਾਨਵੀ ਸਰੋਕਾਰਾਂ ਨਾਲ ਜੋੜ ਕੇ ਵੇਖਦਾ ਹੈ। ਇਸੇ ਕਰਕੇ ਹੀ ਉਸ ਨੇ ਇਸ ਸ਼ਬਦ

(ਬਾਕੀ ਅਗਲੇ ਸਫੇ ਤੇ)

# ਬਹੁ ਅਯਾਮੀ ਸ਼ਾਇਰ

ਜਿਵੇਂ-

**ਖ਼ਬਰ ਕੁਝ ਵੀ ਨਹੀਂ ਕਿਸ ਹਾਲ ਵਿਛੜੀ ਬਿਰਖ ਤੋਂ ਉਹ, ਪਰ**
**ਭਿਆਨਕ ਚੀਖ ਬਣਕੇ ਬੰਸਰੀ ਤੋਂ ਮੈਂ ਜੁਦਾ ਹੋਇਆ।**
**ਪਰ ਉਸਦੇ ਸਾਦਾ ਸ਼ਿਅਰਾਂ ਵਿਚ ਵੀ ਬੜੀ ਗਹਿਰਾਈ ਹੈ।**
**ਨਾ ਇਸ ਵਿਚ ਰੌਸ਼ਨੀ, ਨਾ ਨਿੱਘ ਨਾ ਹੀ ਰੰਗ ਰਿਹਾ,**
**ਕਿ ਤੇਰੇ ਵਾਂਗ ਹੀ ਕਿੰਨਾ ਬਦਲ ਗਿਆ ਸੂਰਜ।**
**ਮੈਂ ਤੜਪ ਕੇ ਲੂਸਿਆ ਸਾਂ ਆਪਣੀ ਹੀ ਰੇਤ ਵਿਚ,**
**ਉਸਦਿਆਂ ਨੈਣਾਂ 'ਚ ਤਾਂ ਬਸ ਝੀਲ ਸੀ ਸਹਿਰਾ ਨਾ ਸੀ।**
**ਭਟਕਦੀ ਰੂਹ ਪਿੰਜਰ ਨੂੰ ਮਿਲਾ ਕੇ ਕੀ ਕਰੋਗੇ।**
**ਨਦੀ ਨੂੰ ਹੁਣ ਥਲਾਂ ਤੀਕਰ ਲਿਜਾ ਕੇ ਕੀ ਕਰੋਗੇ?**
**ਤੇਰੀ ਯਾਦ 'ਚ ਦੀਵਾ ਜਗਦੈ**
**ਹਉਕਾ ਲਈਏ ਡਰਦੇ ਡਰਦੇ।**
**ਬਰਫ਼ ਦੇ ਜੰਗਲ ਵਿਚ ਉਗਿਆ ਰੁੱਖ,**
**ਸੜ ਨਾ ਜਾਵੇ ਠਰਦੇ ਠਰਦੇ।**

ਉਸਦੀਆਂ ਗ਼ਜ਼ਲਾਂ ਵਿਚ ਪਰਵਾਸ ਦਾ ਸਿੱਧਾ-ਸਪਾਟ ਪ੍ਰਗਟਾਅ ਤਾਂ ਨਹੀਂ ਪਰ ਪਰਵਾਸ ਵਿਚ ਮਨੁੱਖੀ ਮਨ ਦੇ ਖ਼ਾਲੀਪਣ ਦਾ, ਬਿਖਰਾਓ ਤੇ ਖੰਡਤਾ ਦਾ ਤੇ ਓਪਰੇਪਨ ਦਾ ਇਹਸਾਸ ਜ਼ਰੂਰ ਹੈ। ਇਸੇ ਕਾਰਨ ਕਰਕੇ ਉਸਦੀਆਂ ਗ਼ਜ਼ਲਾਂ ਵਿਚ ਆਮ ਪਰਵਾਸੀ ਸ਼ਾਇਰਾਂ ਵਰਗਾ ਝੂਹੇਰਵਾ ਵੀ ਨਹੀਂ। ਕੁਝ ਦ੍ਰਿਸ਼ਟਾਂਤ ਵੇਖੋ:

**ਇਸ ਨਗਰ ਅੰਦਰ ਕੁਈ ਵੀ ਅਜਨਬੀ ਚਿਹਰਾ ਨਹੀਂ,**
**ਫਿਰ ਵੀ ਕਿਉਂ ਲਗਦੈ ਜਿਵੇਂ ਇਕ ਸ਼ਖ਼ਸ ਵੀ ਅਪਣਾ ਨਹੀਂ।**

**ਮਿਲਨ ਦਾ ਵਕਤ ਹੈ ਬੇਚੈਨ ਹੈ ਮਾਂ ਬੇਬਸੀ ਵਿਚ**
**ਤੁਸੀਂ ਫਿਰ ਕਬਰ 'ਤੇ ਹਰ ਸਾਲ ਜਾ ਕੇ ਕੀ ਕਰੋਗੇ**

**ਨਾ ਮੁੜਕੇ ਮੈਂ ਬੁਝੇ ਦੀਵੇ ਜਗਾਏ,**
**ਨਾ ਉਹ ਮੁੜਿਆ ਹਵਾ ਦਾ ਰੁਖ਼ ਬਦਲਕੇ।**

**ਬਰਫ਼ ਬਣਕੇ ਹੈ ਪਰਤਿਆ ਘਰ ਨੂੰ,**
**ਅੱਗ ਬਣਕੇ ਸੀ ਨਿਕਲਿਆ ਸ਼ਾਇਦ।**

**ਤੀਲਿਆ ਦੇ ਆਲ੍ਹਣੇ ਵਿਚ ਸੀ ਪਰਿੰਦਾ ਖ਼ੁਸ਼ ਬਹੁਤ**
**ਸੰਗਮਰਮਰ ਦੇ ਮਕਾਨ ਅੰਦਰ ਮਗਰ ਕਿਉਂ ਹੈ ਉਦਾਸ?**

**ਮੈਂ ਬਿਖਰ ਜਾਂਦਾ ਹਾਂ ਤਰਕਾਲਾਂ ਨੂੰ ਹੋ ਕੇ ਹਰਫ਼ ਹਰਫ਼,**
**ਪਰ ਉਦੈ ਹੋਵਾਂ ਸਵੇਰੇ ਪਾ ਕੇ ਹਰਫ਼ਾਂ ਦਾ ਲਿਬਾਸ।**

**ਖ਼ੂਬਸੂਰਤ ਸ਼ਾਮ, ਮਹਿਕੀਲੀ ਹਵਾ, ਰੰਗਾਂ ਦਾ ਸਾਥ,**
**ਐਸੇ ਵਾਤਾਵਰਨ ਵਿਚ ਵੀ ਲਗ ਰਹੇ ਚਿਹਰੇ ਉਦਾਸ।**

**ਘਰ, ਨਗਰ, ਰਿਸ਼ਤਾ ਵੀ ਹਰ ਇਕ ਕਬਰ ਪਿਉ ਦੀ ਮਾਂ ਉਦਾਸ,**
**ਦੇਸ਼ ਛੱਡ ਆਇਆ ਹਾਂ ਕੀ ਕੀ ਉਸ ਕੁੜੀ ਦੇ ਨਾਲ ਨਾਲ।**

ਪਰਵਾਸੀ ਲੋਕ ਜਵਾਨੀ ਵਿਚ ਪਰਦੇਸ ਜਾ ਕੇ ਬੁਢਾਪੇ ਵਿਚ ਵਾਪਸ ਪਰਤਦੇ ਸਨ। ਉਹਨਾਂ ਦੇ ਪਰਿਵਾਰ ਮਾਇਕ ਪੱਖੋਂ ਤਾਂ ਸੌਖੇ ਹੋ ਜਾਂਦੇ ਸਨ ਪਰ ਉਹਨਾਂ ਦੀਆਂ ਬੀਵੀਆਂ ਦੇ ਖੇਡਣ ਹੱਸਣ ਦੇ ਦਿਨ ਬੀਤ ਚੁੱਕੇ ਹੁੰਦੇ ਸਨ। (ਭਾਵੇਂ ਅੱਜ ਦੇ ਦੌਰ ਵਿਚ ਪਰਵਾਸੀਆਂ ਦੀ ਇਹ ਸਥਿਤੀ ਨਹੀਂ ਪਰ 20ਵੀਂ ਸਦੀ ਦੇ ਛੇਵੇਂ ਦਹਾਕੇ ਤੱਕ ਪਰਵਾਸੀਆਂ ਦੇ ਪਰਿਵਾਰਾਂ ਨੂੰ ਇਹ ਸੰਤਾਪ ਹੰਢਾਉਣਾ ਪੈਂਦਾ ਸੀ।)

ਜਿਸ ਅੰਦਾਜ਼ ਨਾਲ ਇਸ ਸੰਤਾਪ ਦੀ ਅਭਿਵਿਅਕਤੀ ਕੁਲਵਿੰਦਰ ਨੇ ਕੀਤੀ ਹੈ, ਉਹ ਬੇਮਿਸਾਲ ਹੈ।

**ਭਟਕਦੀ ਰੂਹ ਪਿੰਜਰ ਨੂੰ ਮਿਲਾ ਕੇ ਕੀ ਕਰੋਗੇ।**
**ਨਦੀ ਨੂੰ ਹੁਣ ਥਲਾਂ ਤੀਕਰ ਲਿਜਾ ਕੇ ਕੀ ਕਰੋਗੇ।**

**ਤੁਸੀਂ ਵੀ ਰੇਤ ਹੋ ਜੇ ਆਖ਼ਰੀ ਤਹਿ ਤੀਕ ਯਾਰੋ,**
**ਤਾਂ ਅਪਣੇ ਕੱਲ 'ਤੇ ਹੰਝੂ ਬਹਾ ਕੇ ਕੀ ਕਰੋਗੇ।**

**ਉਹ ਕਿਵੇਂ ਪੁਜਦਾ ਕਿਵੇਂ ਪੁਜਦਾ ਉਹ ਮੇਰੀ ਰੂਹ ਤੀਕ,**
**ਉਹ ਤਾਂ ਮੇਰੇ ਜਿਸਮ ਦੀ ਅੱਗ 'ਚੋਂ ਗੁਜ਼ਰ ਸਕਿਆ ਨਾ ਸੀ।**

ਕੁਲਵਿੰਦਰ ਨੂੰ ਸ਼ਾਬਦਿਕ-ਸੰਸਾਰ ਦੇ ਅਰਥਚਾਰੇ ਦੀ ਸ਼ਕਤੀ ਦਾ ਅਸੀਮ ਗਿਆਨ ਹੈ। ਉਪਰੋਕਤ ਸ਼ਿਅਰਾਂ ਵਿਚ 'ਅਪਣੇ ਥਲ' ਸ਼ਬਦ ਨਾ ਹੁੰਦਾ ਤਾਂ ਸ਼ਿਅਰ ਵਿਚ ਗਹਿਰਾਈ ਨਹੀਂ ਆਉਣੀ ਸੀ।

ਇਸੇ ਤਰ੍ਹਾਂ ਭਟਕਦੀ ਰੂਹ, ਪਿੰਜਰ, ਥਲ ਤੇ ਨਦੀ ਦੇ ਬਿੰਬ ਸ਼ਿਅਰ ਨੂੰ ਮੁੱਲਵਾਨ ਬਣਾ ਰਹੇ ਹਨ। ਪੰਜਾਬੀ ਸ਼ਾਇਰੀ ਵਿਚ ਸਵੈਪਰਦਰਸ਼ਨੀ ਤੇ ਸਵੈਤਰਸ ਦੀ ਭਾਵਨਾ ਬਹੁਤ ਹੈ ਪਰ ਇਸ ਤੋਂ ਇਹ ਕਵੀ ਮੁਕਤ ਹੈ।

ਕੁਲਵਿੰਦਰ ਦੀ ਸ਼ਾਇਰੀ ਕਿਤੇ ਕਿਤੇ ਅਜਿਹੇ ਸਰੋਕਾਰਾਂ ਨਾਲ ਵੀ ਜੁੜਦੀ ਹੈ ਜੋ ਸੰਘਰਸ਼ ਕਰ ਰਹੇ ਲੋਕਾਂ ਨੂੰ ਉਤਸ਼ਾਹ ਵੀ ਦਿੰਦੀ ਹੈ ਅਤੇ ਉਹਨਾਂ ਦਾ ਪੱਖ ਵੀ ਪੂਰਦੀ ਹੇ।

**ਬਣੋ ਜੁਗਨੂੰ ਜਾਂ ਸੂਰਜ ਹੀ ਬਣੋ ਚੀਰੋ ਹਨੇਰਾ,**
**ਨਾ ਫੁੱਲਾਂ ਵਾਂਗ ਮੁਰਝਾਉ ਚਰਾਗ਼ਾਂ ਦਾ ਸਮਾਂ ਹੈ।**

**ਜੋ ਸੂਰਜ ਦੀ ਤਰ੍ਹਾਂ ਚਮਕਣ ਖ਼ਿਆਲਾਂ ਦੇ ਸਫ਼ੇ 'ਤੇ,**
**ਕੁਝ ਐਸੇ ਹਰਫ਼ ਲਿਖ ਜਾਉ ਚਰਾਗ਼ਾਂ ਦਾ ਸਮਾਂ ਹੈ।**

ਕੁਲਵਿੰਦਰ ਨੂੰ ਸ਼ਬਦਾਂ ਦੀ ਨਸ਼ਿਸ਼ਤ ਦਾ ਵੀ ਬੜਾ ਗਿਆਨ ਹੈ। ਕੁਝ ਉਦਾਹਰਣ ਵੇਖੋ-

**ਡਗਰ ਅੰਨ੍ਹੀ, ਪਹਾੜੀ ਵਲਵਲਾਵੇਂ, ਬਰਫ਼ਬਾਰੀ**
**ਤੁਸੀਂ ਇਸ ਹਾਲ ਇਸ ਮੌਸਮ 'ਚ ਆ ਕੇ ਕੀ ਕਰੋਗੇ?**

**ਸੁਲਗਦੀ ਰਾਤ, ਬਲਦਾ ਬਿਰਖ, ਤਾਰਾ ਟੁੱਟਦਾ ਹੋਇਆ,**
**ਮੈਂ ਖ਼ੁਦ ਵੀ ਹੋ ਗਿਆਂ ਟੁਕੜੇ ਇਹ ਮੰਜ਼ਰ ਦੇਖਦਾ ਹੋਇਆ।**

**ਬਿਰਖ ਘਰ ਦੇ ਵੱਢਕੇ ਤੇ, ਕਰਕੇ ਗੁਲ ਦੀਵੇ ਤਮਾਮ,**
**ਬਹਿਕੇ ਹੁਣ ਖੰਡਰਾਤ ਤੇ ਸੋਚਾਂ ਕੀ ਹੈ ਮੇਰਾ ਮਕਾਮ?**

**ਨਾ ਪਰਿੰਦੇ, ਆਲ੍ਹਣੇ, ਬਾਰਸ਼ ਹਵਾ, ਪੱਤੇ ਨਾ ਸ਼ਾਖ਼,**
**ਇਸ ਤਰ੍ਹਾਂ ਦੇ ਹੀ ਨੇ ਗੁਜ਼ਰੇ ਬਿਰਖ 'ਤੇ ਮੌਸਮ ਤਮਾਮ।**

**ਦਿਲ ਵੀ, ਦਰਿਆ, ਆਸ ਵੀ, ਪੰਛੀ ਦੀ ਪਰਵਾਜ਼ ਵੀ,**
**ਕੀ ਕੁਝ ਲਹਿੰਦਾ ਜਾ ਰਿਹੈ ਸੂਰਜ ਲੱਥਣ ਨਾਲ।**

**ਸ਼ਾਮ, ਅੱਖ ਨਮ, ਢਲਦੇ ਸੂਰਜ ਦਾ ਨਾ ਮੰਜ਼ਰ ਲਿਖ ਦਿਉ।**
**ਘਰ ਨੂੰ ਜਦ ਵੀ ਖ਼ਤ ਲਿਖੋ ਬਸ ਹਾਲ ਬਿਹਤਰ ਲਿਖ ਦਿਉ।**

ਕੁਲਵਿੰਦਰ ਦੇ ਸ਼ਿਅਰ ਕਿਧਰੇ ਵੀ ਲੰਗੜਾ ਰਹੇ ਪ੍ਰਤੀਤ ਨਹੀਂ ਹੁੰਦੇ। ਬਹਿਰ ਪੱਖੋਂ ਉਹ ਬੜਾ ਸੁਚੇਤ ਤੇ ਸੁਜਗ ਕਵੀ ਹੈ। ਪੰਜਾਬੀ ਦੇ ਅਕਸਰ ਕਵੀ ਹਾਏ ਹੱਵਜ਼ (ਜਿਵੇਂ ਰਾਹ, ਚਾਹ ਆਦਿ ਦੀ) ਵਾਂਗ ਹਾਏ ਹੁੱਤੀ ਵੀ ਗਿਰਾ ਦਿੰਦੇ ਹਨ (ਜਿਵੇਂ ਰੂਹ, ਮਲਾਹ ਆਦਿ) ਜੋ ਬੜਾ ਵੱਡਾ ਐਬ ਹੈ ਪਰ ਕੁਲਵਿੰਦਰ ਵਿਚ ਇਹ ਐਬ ਕਿਧਰੇ ਨਜ਼ਰ ਨਹੀਂ ਆਇਆ। ਕਿਸੇ ਜ਼ਮਾਨੇ ਵਿਚ ਮਹਾਂ ਕਵੀ ਗ਼ਾਲਿਬ ਨੇ ਕਿਹਾ ਸੀ-

**ਹਰ ਚੰਦ ਹੋ ਮਸ਼ਾਹਿਦਾ-ਇ-ਹਕ ਕੀ ਗੁਫ਼ਤਗੂ**
**ਬਨਤੀ ਨਹੀਂ ਹੈ ਸਾਗ਼ਰੋ-ਮੀਨਾ ਕਹੇ ਬ਼ਗੈਰ।**

ਪਰ ਅੱਜ ਦੇ ਦੌਰ ਵਿਚ ਮੀਨਾ-ਓ-ਸਾਗ਼ਰ ਦੇ ਬਿੰਬ ਤੇ ਪ੍ਰਤੀਕ ਆਧੁਨਿਕ ਭਾਵ-ਬੋਧ ਪ੍ਰਗਟ ਕਰਨ ਦੇ ਸਮਰੱਥ ਨਹੀਂ। ਇਹਨਾਂ ਬਿੰਬਾਂ ਤੇ ਪ੍ਰਤੀਕਾਂ ਦੀ ਹੁਣ ਸਾਰਥਿਕਤਾ ਵੀ ਨਹੀਂ ਰਹੀ। ਹੁਣ ਰੁੱਖਾਂ, ਨਦੀਆਂ, ਸਮੁੰਦਰਾਂ, ਥਲਾਂ, ਪੌਣਾਂ, ਰੰਗਾਂ, ਮਹਿਕਾਂ, ਖੰਡਰਾਂ, ਨਗਰਾਂ ਤੇ ਜੀਵ-ਜੰਤੂਆਂ ਦੁਆਰਾ ਹੀ ਸ਼ਾਇਰੀ ਵਿਚ ਤਾਜ਼ਗੀ ਆ ਸਕਦੀ ਹੈ। ਨਹੀਂ ਤਾਂ ਮੁਰਦਾ ਬਿੰਬਾਂ ਤੇ ਪ੍ਰਤੀਕਾਂ ਨਾਲ ਸ਼ਾਇਰੀ ਵੀ ਜੀਵਤ ਨਹੀਂ ਰਹਿ ਸਕੇਗੀ। ਕੁਲਵਿੰਦਰ ਕੋਲ ਤਾਜ਼ੇ ਪ੍ਰਤੀਕਾਂ ਤੇ ਬਿੰਬਾਂ ਦੀ ਕਮੀ ਨਹੀਂ।

ਗਹਿਰੇ ਅਧਿਐਨ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਕੁਲਵਿੰਦਰ ਪਸੇਂਟਰ ਪੋਇਟ ਹੈ। ਪਰ ਅੱਜ ਇਹ ਬਿੰਬ ਤੇ ਪ੍ਰਤੀਕ ਹਰ ਸ਼ਾਇਰ ਵਰਤ ਰਿਹਾ ਹੈ, ਇਸ ਲਈ ਆਪਣੀ ਪਹਿਚਾਣ ਬਣਾਏ ਰੱਖਣ ਲਈ ਕੁਲਵਿੰਦਰ ਨੂੰ ਇਹਨਾਂ ਵਿਚ ਬਦਲਾਓ ਲਿਆਉਣਾ ਪਵੇਗਾ।

ਮੈਂ ਚਾਹੁੰਦਾ ਸਾਂ ਕਿ ਇਹਨਾਂ ਗ਼ਜ਼ਲਾਂ ਦਿਆਂ ਅਯਾਮਾਂ ਬਾਰੇ ਹੋਰ ਵਿਸਤਾਰ ਨਾਲ ਲਿਖਦਾ ਪਰ ਮੈਂ ਚਾਹੁੰਦਾ ਹਾਂ ਕਿ ਕੁਝ ਗੱਲਾਂ ਵਿਗਿਆਨਕ-ਯੁਗ ਦੇ ਸਿਆਣੇ ਪਾਠਕਾਂ ਲਈ ਵੀ ਛੱਡ ਦਿੱਤੀਆਂ ਜਾਣ।

ਯਕੀਨ ਹੀ ਨਹੀਂ ਵਿਸ਼ਵਾਸ ਹੈ ਕਿ ਇਸ ਬੁਲੰਦ ਤੇ ਗਹਿਰੀ ਸ਼ਾਇਰੀ ਦਾ ਇੰਡੋ-ਪਾਕ ਤੇ ਵਿਦੇਸ਼ਾਂ ਵਿਚ ਜੈਨੂਅਨ ਲੋਕ ਸਵਾਗਤ ਕਰਨਗੇ।

## ਕੁਲਵਿੰਦਰ ਦੀ ਸ਼ਾਇਰੀ

ਨੂੰ ਵਿਭਿੰਨ ਅਰਥਾਂ ਦਾ ਪ੍ਰਵਾਹਨ ਬਣਾਇਆ ਹੈ। ਕਿਤੇ ਬਿਰਖ਼ ਸਮਾਜਿਕ ਸਰੋਕਾਰਾਂ ਨਾਲੋਂ ਟੁੱਟਿਆ ਪ੍ਰਤੀਤ ਹੁੰਦਾ ਹੈ ਤੇ ਕਿਤੇ ਅਜਨਬੀਅਤ ਵਰਤਾਰੇ ਵਜੋਂ, ਕਿਤੇ ਬਿਰਖ਼ ਜਿਉਂਦੀਆਂ ਇਨਸਾਨੀ ਕਦਰਾਂ ਕੀਮਤਾਂ ਦਾ ਪ੍ਰਤੀਕ ਹੈ ਤੇ ਕਿਤੇ ਸਵੈ ਤੇ ਪਿਆਰ ਸੰਵੇਦਨਾ ਦਾ, ਕਿਤੇ ਬਿਰਖ਼ ਬੇਗਾਨਗੀ ਦੇ ਅਰਥਾਂ ਨੂੰ ਪੇਸ਼ ਕਰ ਰਿਹਾ ਹੈ ਤੇ ਕਿਤੇ ਆਪਣਿਆਂ ਤੋਂ ਵਿਦਾਇਗੀ ਨੂੰ। ਕਿਤੇ ਬਿਰਖ਼ ਵਿਭਿੰਨ ਵਸਤੂਗਤ ਸਥਿਤੀਆਂ ਦਾ ਪ੍ਰਗਟ ਕਰਦਾ ਹੋਇਆ ਮਾਨਵਤਾ ਦੀ ਤਲਾਸ਼ ਦਾ ਮੂਲ ਸਰੋਕਾਰ ਬਣ ਜਾਂਦਾ ਹੈ:

**ਨਾ ਪਰਿੰਦੇ, ਆਲ੍ਹਣੇ, ਬਾਰਸ਼, ਹਵਾ, ਪੱਤੇ ਨਾ ਸ਼ਾਖ਼,**
**ਇਸ ਤਰ੍ਹਾਂ ਦੇ ਹੀ ਨੇ ਗੁਜ਼ਰੇ ਬਿਰਖ 'ਤੇ ਮੌਸਮ ਤਮਾਮ।**

**ਬਿਰਖ਼ ਘਣਛੱਤਾ ਜੇ ਛਾਂਗਣ ਲਗ ਗਿਐਂ ਤਾਂ ਸੋਚ ਲੈ,**
**ਮੌਤ ਤੇਰੀ ਵੀ ਕਿਸੇ ਦਿਨ ਇਸ ਤਰ੍ਹਾਂ ਦੀ ਆਏਗੀ।**

**ਤੁਸੀਂ ਤਾਂ ਬਿਰਖ਼ ਹੀ ਕੱਟਣਾ ਸੀ ਸੋ ਉਹ ਕੱਟ ਦਿੱਤਾ,**
**ਤੁਹਾਨੂੰ ਕੀ ਪਤਾ ਰਗ਼ ਰਗ਼ 'ਚ ਉਸ ਦੇ ਧੜਕਨ ਦੀ।**

**ਹਜ਼ਾਰਾਂ ਪੰਛੀਆਂ ਦਾ ਉਸ 'ਤੇ ਰੋਜ਼ ਫੇਰਾ ਸੀ,**
**ਮਗਰ ਉਹ ਬਿਰਖ਼ ਤਿਰੇ ਬਿਨ ਬੜਾ ਹੀ ਤਨਹਾ ਸੀ।**

ਕੁਲਵਿੰਦਰ ਦੀ ਸ਼ਾਇਰੀ ਦਾ ਤੀਜਾ ਮਹੱਤਵਪੂਰਨ ਨੁਕਤਾ ਉਸ ਦਾ ਗ਼ਜ਼ਲ ਦੇ ਵਿਸ਼ੇ ਅਤੇ ਤਕਨੀਕ ਬਾਰੇ ਸਵੈ-ਸੰਬਾਦ ਹੈ। ਉਹ ਗ਼ਜ਼ਲ ਵਿਚ 'ਸੂਰਜ ਵਾਂਗ ਚਮਕਦੇ ਖ਼ਿਆਲਾਂ', 'ਦਰਦ ਦੇ ਰਿਸ਼ਤਿਆਂ, 'ਮਹਿਬੂਬ ਦੇ ਗਿਲੇ-ਸ਼ਿਕਵਿਆਂ', 'ਵਕਤ ਦੀ ਕੁੜੱਤਣ' ਅਤੇ 'ਧੁਖਦਿਆਂ ਹਰਫ਼ਾਂ' ਨੂੰ ਵਸਤੂਗਤ ਯਥਾਰਥ ਬਣਾਉਂਦਾ ਹੈ। ਪਰ ਇਹਨਾਂ ਖ਼ਿਆਲਾਂ ਨੂੰ ਉਹ ਪਿੰਗਲ ਤੇ ਅਰੂਜ਼ ਦੇ ਕੱਟੜ ਸੀਮਤ ਚੌਖ਼ਟੇ ਦੀ ਕੈਦ ਤੋਂ ਮੁਕਤ ਕਰਦਾ ਹੈ। ਉਸ ਦਾ ਜ਼ੋਰ ਵਿਸ਼ੇ ਦੀ ਵਸਤੂਗਤ ਅਤੇ ਤਕਨੀਕ ਦੀ ਸਾਦਗੀ ਦੇ ਸਮਨਵੈ 'ਤੇ ਹੈ। ਉਹ ਖ਼ਿਆਲਾਂ ਨੂੰ ਪਹਿਲ ਦਿੰਦਾ, ਉਹਨਾਂ ਨੂੰ ਸਾਦਗੀ ਵਿਚ ਬੰਨ੍ਹਣ ਦਾ ਅਲੰਬਰਦਾਰ ਹੈ। ਇਹ ਉਸ ਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਵਿਚ ਵੀ ਭਲੀ ਭਾਂਤ ਉਜਾਗਰ ਹੁੰਦਾ ਹੈ:

**ਫ਼ਾਇਲਾਤੁਨ, ਫ਼ਾਇਲੁਨ ਵਿਚ ਗੁੰਮ ਹੋ ਕੇ,**
**ਕਿੰਜ ਨਾਪੋਗੇ ਗ਼ਜ਼ਲ ਦੀ ਸਾਦਗੀ ਨੂੰ।**

**ਹੁਣ ਨਿਖਾਰੀ ਜਾ ਤੂੰ 'ਕੁਲਵਿੰਦਰ' ਗ਼ਜ਼ਲ ਨੂੰ ਰਾਤ ਭਰ,**
**ਸੌਂ ਗਏ ਰੋਟੀ ਬਿਨਾਂ ਬੱਚਾ ਤੇਰਾ ਬੀਵੀ ਤੇਰੀ।**

ਸੋ ਕੁਲਵਿੰਦਰ ਬਾਰੇ ਕਿਸੇ ਵੀ ਪੂਰਵ ਧਾਰਨਾ ਨੂੰ ਨਾ ਨਿਸਚਿਤ ਕਰਦਾ ਹੋਇਆ ਮੈਂ ਇਹ ਹੀ ਆਖਣਾ ਚਾਹਾਂਗਾ ਕਿ ਕੁਲਵਿੰਦਰ ਅਸਲੋਂ ਨਵਾਂ ਗ਼ਜ਼ਲਗੋ ਹੈ ਤੇ ਉਸ ਦੀ ਗ਼ਜ਼ਲ ਵਿਚੋਂ ਗ਼ਜ਼ਲ ਭਲੀ-ਭਾਂਤ ਉਘੜਦੀ ਹੈ।




ਨਾਮਵਾਰ ਗਜਲਗੋ ਕੁਲਵਿੰਦਰ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਅਤੇ ਨਾਮਵਾਰ ਗਜਲਗੋ ਹਰਜਿੰਦਰ ਕੰਗ ਨਾਲ ਇਕ ਸਾਹਿਤਕ ਸਮਾਗਮ ਦੌਰਾਨ




ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੇ ਸਲਾਨਾ ਸਮਾਗਮ 'ਤੇ ਸੁਰਜੀਤ ਪਾਤਰ, ਸੁਖਵਿੰਦਰ ਕੰਬੋਜ ਅਤੇ ਹੋਰਨਾ ਨਾਲ।




ਨੀਲੀਆਂ ਲਾਟਾਂ ਦਾ ਸੇਕ" ਗ਼ਜ਼ਲ ਸੰਗ੍ਰਹਿ ਉਪਰ ਸ੍ਰੀ ਕੰਵਰ ਚੌਹਾਨ ਯਾਦਗਾਰੀ ਪੁਰਸਕਾਰ ਪ੍ਰਾਪਤ ਕਰਦਿਆਂ (ਖੱਬਿਓ-ਸੱਜੇ) ਕਵਤਿਰੀ ਪਾਲ ਕੌਰ, ਦਰਸ਼ਨ ਬੁੱਟਰ, ਬਰਜਿੰਦਰ ਚੌਹਾਨ, ਕੁਲਵਿੰਦਰ, ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ ਅਤੇ ਹੋਰ।

## ਪਖੰਡੀ ਸਾਧ



‘ਚਰਨ ਆਨੰਦ’ (916-587-4002)

ਸੱਚੇ-ਸੁੱਚੇ, ਸਾਧ-ਸੰਤ, ਪੁਜਾਰੀ, ਕਰਨ ਜੋ ਸੇਵਾ ਸਮਾਜ ਦੀ ਭਾਰੀ,
ਕਰਦਾ ਹਾਂ ਨਮਸਕਾਰ ਇਨ੍ਹਾਂ ਨੂੰ, ਕਰਨ ਜੋ ਸੱਚੀ ਇਹ ਰੁਜ਼ਗਾਰੀ
ਗੱਲ ਇੱਥੇ ਨਾ ਇਨ੍ਹਾਂ ਦੀ ਕਰੀਏ, ਸੁਣ ਲਵੇ ਇਹ ਖ਼ਲਕਤ ਸਾਰੀ
ਸਮਝ ਲੈਣਗੇ ਆਪੇ ਉਹੀਓ, ਲੱਗੀ ਜਿਨ੍ਹਾਂ ਤੇ ਇਹ ਚੋਟ ਕਰਾਰੀ।
ਇਕ ਵਾਰ ਇਕ ਪਿੰਡ ਸਾਧੂ ਆਇਆ ਆਣ ਡੇਰਾ ਉਸ ਖੂਬ ਜਮਾਇਆ
ਕਰਨ ਲੱਗਾ ਉਹ ਫਿਰ ਭੀੜ ਇਕੱਠੀ, ਮੈਨੂੰ ਜਾਪਿਆ ਉਹ ਪਾਖੰਡੀ
ਮਨ ਆਇਆ ਜਾ ਘੇਰਾਂ ਉਸ ਨੂੰ, ਛਿੱਤਰ-ਛੁੱਤਰ ਜਾ ਫੇਰਾਂ ਉਸਨੂੰ,
ਵੇਖਿਆ ਲੋਕਾਂ ਦਾ ਜੰਮਘਟਾ ਮੰਨ ਮੇਰਾ ਫਿਰ ਹੋ ਗਿਆ ਖੱਟਾ।
ਸੋਚਿਆ ਰੰਗ ਵਿਚ ਕਿਉਂ ਭੰਗ ਪਾਵਾਂ, ਜਿੱਥੇ ਇਕੱਠੇ ਸਾਰੇ ਮੈਂ ਵੀ ਜਾਵਾਂ,
ਚਮਤਕਾਰ ਫਿਰ ਕਰਨ ਲੱਗਾ ਉਹ ਸਭ ਦੇ ਮਨ ਨੂੰ ਹਰਨ ਲੱਗਾ ਉਹ
ਉੱਛਲ-ਉੱਛਲ ਉਹ ਮਾਰ ਛਲਾਂਗਾ, ਕੱਢਣ ਲੱਗਾ ਉਹ ਅੰਦਰੋਂ ਚਾਂਗਾਂ
ਮੈਨੂੰ ਕੋਈ ਸਮਝ ਨਾ ਆਵੇ ਕੈਸ ਉਹ ਇਹ ਖੇਡ ਦਿਖਾਵੇ
ਬੈਠ ਗਿਆ ਫਿਰ ਧੂੰਣੀ ਲਾ ਕੇ, ਕਹਿਣ ਲੱਗਾ ਬੈਠੋ ਸਭ ਆ ਕੇ
ਮਨ ਵਿਚ ਕਿਸੇ ਦੇ ਜੇ ਹੋਵੇ ਇੱਛਾ ਉਹ ਪੁੱਛ ਸਕਦਾ ਹੈ ਆਪਣਾ ਕਿੱਸਾ।
ਫਿਰ ਬੋਲਿਆ ਉਹ ਊਟ ਪੁਟਾਂਗ ਜਿਸ ਦਾ ਸਿਰ ਨਾ ਪੈਰ ਕੋਈ ਟਾਂਗ
ਏਨੇ ਨੂੰ ਇਕ ਬੀਬੀ ਬੋਲੀ ਜੇ ਤੂੰ ਸੱਚਾ ਸਾਧ ਤਾਂ ਭਰ ਮੇਰੀ ਝੋਲੀ
ਮੈਂ ਬਥੇਰੇ ਯਤਨ ਨੇ ਕੀਤੇ ਸਾਧਾਂ ਦੇ ਡੇਰੇ ਜਾ ਮੰਤਰ ਪੀਤੇ
ਤੁਸੀਂ ਵੀ ਕੋਈ ਕਰ ਯਤਨ ਲਗਾਓ ਮੈਨੂੰ ਇਕ ਪੁੱਤਰ ਬੱਕਸ਼ਾਓ
ਕਰਾਂਗੀ ਤੁਹਾਡੀ ਹਰ ਗੁਲਾਮੀ ਜੇ ਤੂੰ ਹੋਇਓ ਮੇਰਾ ਅੰਤਰਜਾਮੀਂ
ਸਭ ਦੇ ਤਾਨਿਆਂ ਤੋਂ ਹਰ ਗਈਆਂ ਪੁੱਤ ਨਾ ਮਿਲਿਆ ਤਾਂ ਮਰ ਗਈਆ
ਗੱਲ ਸੁਣ ਉਸ ਧੂੰਣੀ ਹੱਥ ਪਾਇਆ, ਮੁੱਠੀ ਭਰ ਕੁਝ ਉਸ ਫੜਾਇਆ
ਲੈ ਬੀਬੀ ਘਰ ਲੈ ਜਾ ਇਸ ਨੂੰ, ਅੱਖਾਂ ਪਾ ਉਸ ਅੱਖਾਂ ਨਾਲ ਸਮਝਾਇਆ
ਕੱਟ ਜਾਣਗੇ ਸਭ ਦੁੱਖੜੇ ਤੇਰੇ, ਸੱਚ ਹੋਣਗੇ ਸੁਪਨੇ ਤੇਰੇ।
ਇਹ ਸਭ ਦੇਖ ਰਹੀ ਸੀ ਜੰਤਾ, ਸੋਚੇ ਸਾਧ ਨਹੀਂ ਇਹ ਹੈ ਕੋਈ ਰੰਮਤਾ,
ਪੁੱਛਣ ਲੱਗੇ ਫਿਰ ਵਾਰੋ-ਵਾਰੀ, ਚੜ੍ਹ ਗਈ ਸਭ ਨੂੰ ਸਾਧ ਖੁਮਾਰੀ।
ਮੈਨੂੰ ਕੁਝ ਵੀ ਸਮਝ ਨਾ ਆਵੇ, ਉਮੜੀ ਭੀੜ ਨੂੰ ਕੌਣ ਸਮਝਾਵੇ,
ਮੈਂ ਕੀਤੀ ਫਿਰ ਆਖਰ ਤੌਬਾ, ਇਹ ਕੰਮ ਨਹੀਂ ਇਤਨਾ ਸੌਖਾ।
ਮਿਲਕੇ ਸਾਰੇ ਇੰਝ ਕਰਾਂਗੇ, ਇਸ ਸਾਧ ਨੂੰ ਕੱਲ ਫੜਾਂਗੇ,
ਦੋ ਦਿਨ ਹੋਏ ਮੈਂ ਸੋਚੀ ਜਾਵਾਂ, ਜਾ ਕੇ ਕਿਸ ਨੂੰ ਗੱਲ ਸੁਣਾਵਾਂ।
ਸੋਚਿਆ ਕੋਈ ਸਬੂਤ ਲਿਆਵਾਂ ਤਦ ਇਸ ਨੂੰ ਪਿੰਡੋਂ ਭਿਜਵਾਵਾਂ,
ਕਰਾਂ ਨਾ ਇਸ ਵਿਚ ਕੋਈ ਦੇਰੀ, ਝੁੱਲ ਜਾਏ ਨਾ ਕੋਈ ਹਨੇਰੀ।
ਸਾਧ ਨੇ ਹੁੰਦੇ ਬੜੇ ਹੀ ਢੌਂਗੀ, ਕਰ ਜਾਂਦੇ ਕੁਝ ਰਾਤ-ਬਰਾਤੀ
ਇਹ ਸੋਚ ਮੈਂ ਡੇਰੇ ਤੁਰਿਆ, ਉਸ ਰਾਤ ਮੈਨੂੰ ਸੁਪਨਾ ਫੁਰਿਆ।
ਡੇਰੇ ਪਹੁੰਚ ਮੈਂ ਓਟ ਲਗਾਈ ਹੋ ਗਈ ਅੰਦਰੋਂ ਸਭ ਰੁਸ਼ਨਾਈ,
ਵਹਿਮ ਨਾ ਰਿਹਾ ਹੁਣ ਦਿਲ ਵਿਚ ਮੇਰੇ, ਕਰਾਂਗਾ ਇਕੱਠ ਹੁਣ ਅਤੀ ਸਵੇਰੇ।
ਇਸ ਬਾਬੇ ਦੀ ਹਊ ਧੁਲਾਈ ਤਦ ਹੋ ਜਾਊ ਸਾਫ-ਸਫਾਈ।
ਮੁੜ ਆਇਆ ਘਰ ਰਾਤ ਲੰਘਾਈ, ਅਤੀ ਸਵੇਰ ਜਾਂ ਨੀਂਦ ਫਿਰ ਆਈ।
ਉਠਿਆ ਜਦ ਮੈਂ ਸਿਖਰ ਦੁਪਹਿਰੀ, ਪੇਪਰ ਤੇ ਜਦ ਅੱਖ ਮੈਂ ਫੇਰੀ,
ਦੇਖੀ ਖਬਰ ਜੋ ਪਹਿਲੇ ਪੇਜ਼ ਤੇ, ਕਿਵੇਂ ਸੌਂ ਗਿਆ ਮੈਂ ਘੋੜੇ ਵੇਚ ਕੇ।
ਪਛਤਾਵਾ ਸੀ ਮੈਨੂੰ ਭਾਰੀ, ਸਾਧ ਕੱਢ ਲੈ ਗਿਆ ਪਿੰਡ ਦੀ ਨਾਰੀ,
ਪਿਆ ਸੀ ਸਾਰੇ ਪਿੰਡ ਵਿਚ ਰੌਲਾ ਮੈਂ ਵੀ ਹੋ ਗਿਆ ਕੱਖੋਂ ਹੌਲਾ।
ਵੇਖਿਆ ਜਦ ਮੈਂ ਬਾਹਰ ਆ ਕੇ, ਸੁਣਿਆ ਸਭ ਦੇ ਕੋਲ ਮੈਂ ਜਾ ਕੇ,
ਪੈ ਗਈ ਵਿਪਤਾ ਸਭ ਨੂੰ ਭਾਰੀ, ਕਰਨ ਲੱਗੇ ਉਸ ਲੱਭਣ ਤਿਆਰੀ।
ਛੱਡਣਾ ਨਹੀਂ ਇਹ ਸਾਧ ਪਖੰਡੀ, ਢੂੰਡ ਦਿਓ ਹਰ ਪੱਗ, ਹਰ ਡੰਡੀ,
ਇਹ ਮਸਲਾ ਨਹੀਂ ਕਿਸੇ ਇਕ ਘਰ ਦਾ, ਇਹ ਮਸਲਾ ਹੈ ਸਾਰੇ ਪਿੰਡ ਦਾ।
ਹੋ ਜਾਈਏ ਜੇ ਅਸੀਂ ਹੁਸ਼ਿਆਰ, ਡੋਬੀਏ ਇਹਨਾਂ ਨੂੰ ਅੱਧ ਵਿਚਕਾਰ,
ਭੰਡ ਦਈਏ ਇਨ੍ਹਾਂ ਦੇ ਬੱਲਬੂਤ, ਫਿਰ ਨਾ ਬਣੀਏ ਕਦੇ ਕਲਬੂਤ।
ਜੱਗ ਨੂੰ ਸਦਾ ਇਹ ਲੁੱਟਦੇ ਆਏ, ਲੋਕ ਦਿਲਾਂ ਵਿਚ ਭਰਮ ਬਿਠਾਏ,
’ਚਰਨ’ ਕਹੇ ਰੱਖ ਨਾ ਉਸ ਤੋਂ ਦੂਰੀ, ਕਰੇ ਸਦਾ ਜੋ ਆਸਾ ਪੂਰੀ।
ਆਓ ਰਲ-ਮਿਲ ਪ੍ਰਣ ਇਹ ਪਾਈਏ, ਵਹਿਮਾਂ ਭਰਮਾਂ ਤੋਂ ਦੂਰ ਹੋ ਜਾਈਏ।

## ਗ਼ਜ਼ਲ

ਕਸ਼ਮੀਰ ਘੇਸਲ
0946456047

ਤੇਰੇ ਦਿਤੇ ਦੁੱਖ-ਦਰਦ ਤੇ ਹੰਝੂ ਖ਼ਾਰੇ, ਸਭ ਤੇਰੇ ਨਾਂਅ ।
ਇਹ ਹੌਕੇ, ਹਾਵੇ ਅਤੇ ਅੰਗਿਆਰੇ, ਸਭ ਤੇਰੇ ਨਾਂਅ ।
ਟੁੱਟਦੀ ਰੁੱਤ ਦੇ ਵਿਚ ਗ਼ਮਾਂ ਦਾ ਤੋਲ ਵਧੇਰੇ ਹੁੰਦੈ,
ਇਹ ਖ਼ੁਸ਼ੀਆਂ ਸਾਵੀਂ, ਹੌਲੇ ਅਤੇ ਭਾਰੇ,ਸਭ ਤੇਰੇ ਨਾਂਅ।
ਅੱਜ ਜੋ ਵੀ ਰੁਲਦੇ ਖੁਲਦੇ ਨੇ ਧਰਤੀ ਤੇ ਉਹ ਦੇਖ ਲੈ,
ਇਹ ਸਭ ਹੀ ਕਿਸਮਤ ਦੇ ਮਾਰੇ, ਸਭ ਤੇਰੇ ਨਾਂਅ।
ਅਸਾਂ ਦੇ ਚਾਵਾਂ ਵਾਲੇ ਚਮੁਖੀਏ ਦੀਵੇ ਬੁੱਝ ਗਏ ਨੇ,
ਉਹ ਜੋ ਅੰਬਰਾਂ ਤੇ ਟਹਿਕਣ ਤਾਰੇ, ਸਭ ਤੇਰੇ ਨਾਂਅ।
ਦੋ ਦੂਣੀ ਨੂੰ ਪੰਜ ਕਰਨਾ ਅਤੇ ਵਾਕ ਚਤੁਰਾਈ,
ਅੱਜ ਕੱਲ੍ਹ ਤੇ ਕੱਲ੍ਹ ਨੂੰ ਅੱਜ ਦੇ ਲਾਰੇ, ਸਭ ਤੇਰੇ ਨਾਂਅ।
ਇਸ ਸ਼ਹਿਰ ਵਿਚ ਸੁਣਿਆਂ ਏਂ ਤੇਰੀ ਚੜ੍ਹਤ ਬੜੀ ਹੈ ,
ਜੇ ਕਰ ਜਿੱਤੀ ਬਾਜ਼ੀ ਅਸੀਂ ਹਾਂ ਹਾਰੇ, ਸਭ ਤੇਰੇ ਨਾਂਅ।
“ਘੇਸਲ” ਪੈਰਾਂ ਹੇਠ ਰੋਲ ਕੇ ਆਪਣੇ ਹੀ ਸਜਣਾਂ ਨੇ,
ਉਹਨਾਂ ਜ਼ੋਰ-ਸ਼ੋਰ ਨਾਲ ਲਾਏ ਜੋ ਨਾਅਰੇ, ਸਭ ਤੇਰੇ ਨਾਂਅ।

# ਰਾਮ ਮੰਦਰ ਦਾ ਮੁੱਦਾ ਜਿਆਦਾ ਦੇਰ ਤੱਕ ਨਹੀ ਟਾਲਿਆ ਜਾ ਸਕਦਾ- ਭਾਜਪਾ ਸੰਸਦ ਮੈਂਬਰ

ਨਵੀਂ ਦਿੱਲੀ- ਭਾਜਪਾ ਨੇਤਾ ਤੇ ਰਾਜ ਸਭਾ ਸੰਸਦ ਮੈਂਬਰ ਵਿਨੈ ਕਟਿਆਰ ਨੇ ਕਿਹਾ ਹੈ ਕਿ ਰਾਮ ਮੰਦਰ ਦੇ ਮੁੱਦੇ ਨੂੰ ਜਿਆਦਾ ਦੇਰ ਤੱਕ ਟਾਲਿਆ ਨਹੀਂ ਜਾਣਾ ਚਾਹੀਦਾ ਹੈ। ਦੇਸ਼ ਦੇ ਆਰਥਿਕ ਵਿਕਾਸ ਦੇ ਵਾਂਗ ਰਾਮ ਮੰਦਰ ਮੁੱਦਾ ਵੀ ਮਹੱਤਵਪੂਰਨ ਹੈ।

ਵਿਨੈ ਕਟਿਆਰ ਨੇ ਚੇਤਾਵਨੀ ਭਰੇ ਲਹਿਜੇ ’ਚ ਕਿਹਾ ਕਿ ਅਜਿਹਾ ਨਾ ਹੋਣ ਦੀ ਸੂਰਤ ਵਿਚ ਰਾਮ ਭਗਤਾਂ ਦਾ ਗੁੱਸਾ ਜਵਾਲਾਮੁਖੀ ਦੀ ਤਰ੍ਹਾਂ ਫੁਟ ਸਕਦਾ ਹੈ। ਜਿਆਦਾ ਦਿਨਾਂ ਤੱਕ ਰਾਮ ਮੰਦਰ ਨੂੰ ਟਾਲਣ ਤੋਂ ਲੋਕਾਂ ਦਾ ਗੁੱਸਾ ਵਧੇਗਾ।

ਉਨ੍ਹਾਂ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਫੈਸਲੇ ਦਾ ਇੰਤਜਾਰ ਕੀਤੇ ਬਿਨਾਂ ਸਰਕਾਰ ਨੂੰ ਗੱਲਬਾਤ ਤੇ ਕਾਨੂੰਨ ਦਾ ਸਹਾਰਾ ਲੈ ਕੇ ਮੰਦਰ ਬਣਾਉਣਾ ਚਾਹੀਦਾ ਹੈ। ਰਾਮ ਮੰਦਰ ਨੂੰ ਕੋਈ ਵੀ ਸਰਕਾਰ ਨਜਰ ਅੰਦਾਜ ਨਹੀਂ ਕਰ ਸਕਦੀ। ਰਾਮ ਮੰਦਰ ਦਾ ਮੁੱਦਾ ਸਰਕਾਰ ਲਈ ਮੁਸ਼ਕਿਲ ਨਹੀਂ ਹੈ। ਗੌਰਤਲਬ ਹੈ ਕਿ ਇਸ ਤੋਂ ਪਹਿਲਾ ਭਾਜਪਾ ਦੇ ਪਾਰਟੀ ਪ੍ਰਧਾਨ ਅਮਿਤ ਸ਼ਾਹ ਨੇ ਰਾਮ ਮੰਦਰ ਦੇ ਮਸਲੇ ’ਤੇ ਕਿਹਾ ਸੀ ਕਿ ਇਸ ਦੇ ਲਈ 370 ਸੀਟਾਂ ਦੀ ਲੋੜ ਹੈ।

ਗ੍ਰਹਿ ਮੰਤਰੀ ਰਾਜਨਾਥ ਸਿੰਘ ਵੀ ਕਹਿ ਚੁੱਕੇ ਹਨ ਕਿ ਸਰਕਾਰ ਇਸ ਮਾਮਲੇ ’ਚ ਕੋਈ ਕਾਨੂੰਨ ਲਿਆਉਣ ਦਾ ਉਸ ਸਮੇਂ ਤੱਕ ਨਹੀਂ ਸੋਚ ਸਕਦੀ , ਜਦੋਂ ਤੱਕ ਐਨ.ਡੀ.ਏ. ਨੂੰ ਰਾਜਸਭਾ ’ਚ ਬਹੁਮਤ ਨਹੀਂ ਮਿਲ ਜਾਂਦਾ।

# ਸ੍ਰੀ ਗੁਰੂ ਰਵਿਦਾਸ ਗੁਰੂ ਘਰ ਨਿਊਯਾਰਕ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਲੜੀ ਆਰੰਭ



**ਨਿਊਯਾਰਕ-** ਸ੍ਰੀ ਗੁਰੂ ਰਵਿਦਾਸ ਗੁਰੂ ਘਰ ਨਿਊਯਾਰਕ ਵਿਖੇ ਪੰਜਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਲੜੀ 29 ਮਈ ਤੋਂ ਆਰੰਭ ਕੀਤੀ ਗਈ ਹੈ ਜੋ ਕਿ 19 ਜੂਨ ਤੱਕ ਨਿਰੰਤਰ ਜਾਰੀ ਰਹੇਗੀ। ਜਿਸ ਦਾ ਸਮਾਂ ਹਰ ਰੋਜ਼ ਸਵੇਰੇ 9 ਤੋਂ 11 ਜੂਨ ਤੱਕ ਨਿਰੰਤਰ ਜਾਰੀ ਰਹੇਗੀ।

ਜਿਸ ਦਾ ਸਮਾਂ ਹਰ ਰੋਜ਼ ਸਵੇਰੇ 9 ਤੋਂ 11 ਵਜੇ ਤੱਕ ਹੈ। ਇਹ ਲੜੀ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਬੀਬੀਆਂ ਵੱਲੋਂ ਚਲਾਈ ਜਾ ਰਹੀ ਹੈ। ਸੰਗਤਾਂ ਨੂੰ ਹੁੰਮਾ ਹੁੰਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

## ਕਵਿਸ਼ਰੀ

ਮੇਜਰ ਸਿੰਘ ‘ਬੁਢਲਾਡਾ’
94176 42327




‘ਦੀ ਗ੍ਰੇਇਸਟ ਇੰਡੀਅਨ’ ਰੁਤਬਾ ਪਾਇਆ ਅਬੰਡੇਕਰ ਨੇ।
ਜਦ ਦੇਸ਼ ਦਾ ਸਰਵਾ ਕੀਤਾ, ਇੱਥੇ ਕੌਣ ਮਹਾਨ ਭਾਰਤੀ ਹੈ?
ਤੁਸੀ ਸੋਚ-ਵਿਚਾਰ ਦੱਸੋ, ਉਹ ਕੌਣ ਇਨਸਾਨ ਭਾਰਤੀ ਹੈ?
ਇਸ ਸਰਵੇ ਦੇ ਵਿਚ ਸਭਨਾਂ ਤਾਂਈ, ਹਰਾਇਆ ਅੰਬੇਡਕਰ ਨੇ।
'ਦੀ ਗ੍ਰੇਇਸਟ ਇੰਡੀਅਨ’ ਰੁਤਬਾ ਪਾਇਆ ਅਬੰਡੇਕਰ ਨੇ।
ਜਿਹਨੂੰ ਬੜਾ ਅਪਮਾਨਤ ਕੀਤਾ, ਮਨੂੰਆਂ ਕਸਰ ਨਹੀਂ ਛੱਡੀ।
ਉਹ ਗਿਆ ਦੁੱਖ ਸਹਾਰੀ, ਪਰ ਪੜ੍ਹਾਈ ਨਾ ਛੱਡੀ।
ਪਾ ਕੇ ਉੱਚ ਵਿਦਿਆ, ਨਾਂ ਚਮਕਾਇਆ ਅਬੰਡੇਕਰ ਨੇ।
‘ਦੀ ਗ੍ਰੇਇਸਟ ਇੰਡੀਅਨ’ ਰੁਤਬਾ ਪਾਇਆ ਅਬੰਡੇਕਰ ਨੇ।
ਫਰਕ ਬੰਦੇ-ਬੰਦੇ ਵਿਚ ਪਾਇਆ ਮਨੂੰਵਾਦੀਆਂ ਨੇ।
ਅਖੌਤੀ ਸ਼ੂਦਰ ਖੂੰਜੇ ਲਾਇਆ, ਇੱਥੇ ਮਨੂੰਵਾਦੀਆ ਨੇ।
ਤਾਂਹੀ 'ਮਨੂੰਸਿਮਰਤੀ’ ਤਾਂਈ, ਇਥੇ ਜਲਾਇਆ ਅਬੰਡੇਕਰ ਨੇ।
'ਦੀ ਗ੍ਰੇਇਸਟ ਇੰਡੀਅਨ’ ਰੁਤਬਾ ਪਾਇਆ ਅਬੰਡੇਕਰ ਨੇ।
ਸਾਰੀ ਜਿੰਦਗੀ ਅਬੰਡੇਕਰ, ਹੱਕ-ਸੱਚ ਲਈ ਲੜਿਆ ਸੀ।
ਕੌਮ ਲਈ ਲਾਲਚ ਤਿਆਗੇ, ਨਹੀਂ ਡਰਾਇਆ ਡਰਿਆ ਸੀ।
ਪੜ੍ਹੋ, ਜੁੜ੍ਹੋ, ਸੰਘਰਸ਼ ਕਰੋ ਦਾ ਨਾਹਰਾ ਲਾਇਆ ਅਬੰਡੇਕਰ ਨੇ।
'ਦੀ ਗ੍ਰੇਇਸਟ ਇੰਡੀਅਨ’ ਰੁਤਬਾ ਪਾਇਆ ਅਬੰਡੇਕਰ ਨੇ।
ਕੌਮ ਦੀ ਖਾਤਰ ਉਹਨੇ ਸਭ-ਕੁਝ ਦਾਅ ਤੇ ਲਾਇਆ ਸੀ।
ਜਿਨਾਂ ਹੋ ਸਕਿਆ ਅੱਗੇ ਆਪਣਾ ਮਿਸ਼ਨ ਵਧਾਇਆ ਸੀ।
ਮਿਸ਼ਨ ਜਾਣ ਦਿਓ ਨਾ ਪਿੱਛੇ, ਫੁਰਮਾਇਆ ਅਬੰਡੇਕਰ ਨੇ।
'ਦੀ ਗ੍ਰੇਇਸਟ ਇੰਡੀਅਨ’ ਰੁਤਬਾ ਪਾਇਆ ਅਬੰਡੇਕਰ ਨੇ।
ਐਸ਼ ਦੀ ਜਿੰਦਗੀ ਜਿਊਂਦਾ, ਹਰ ਸਹੂਲਤ ਪਾਉਂਦਾ ਓਹ।
ਜੇ ਨਾ ਫਿਕਰ ਕੌਮ ਦਾ ਕਰਦਾ, ਹੁੰਦਾ ਜੋ ਵੀ ਚਾਹੁੰਦਾ ਓਹ।
ਜੀਵਨ ਪੜ੍ਹਕੇ ਵੇਖੋ, ਕਿਵੇਂ ਟਾਇਮ ਟਪਾਇਆ ਅਬੰਡੇਕਰ ਨੇ।
'ਦੀ ਗ੍ਰੇਇਸਟ ਇੰਡੀਅਨ’ ਰੁਤਬਾ ਪਾਇਆ ਅਬੰਡੇਕਰ ਨੇ।
ਦਲਿਤਾਂ ਜੋ ਵੀ ਰੁਤਬਾ ਪਾਇਆ, ਉਹ ਅੰਬੇਡਕਰ ਦੇ ਕਰਕੇ।
ਜੋ ਲੈਂਦੇ ਐਸ਼-ਨਜ਼ਾਰੇ, ਉਹ ਵੀ ਅੰਬੇਡਕਰ ਦੇ ਕਰਕੇ।
ਇਹ ਸਭ ਕਾਸੇ ਦਾ ਸਾਨੂੰ ਹੱਕ ਦਿਵਾਇਆ ਅੰਬੇਡਕਰ ਨੇ।
'ਦੀ ਗ੍ਰੇਇਸਟ ਇੰਡੀਅਨ’ ਰੁਤਬਾ ਪਾਇਆ ਅਬੰਡੇਕਰ ਨੇ।
ਨਾ ਬਾਬਾ ਸਹਿਬ ਭੁੱਲੋ ਨੂੰ ਦਲਿਤੋ ਉਹਦੇ ਗੁਣ ਗਾਓ ਜੀ।
ਭੀਮ ਰਾਓ ਦੇ ਮਿਸ਼ਨ ਨੂੰ, ਸਾਰੇ ਅੱਗੇ ਵਧਾਓ ਜੀ।
ਮੇਜਰ ਬਣਦਾ ਫਰਜ਼ ਨਿਭਾਓ, ਜਿਵੇਂ ਨਿਭਾਇਆ ਅੰਬੇਡਕਰ ਨੇ।
'ਦੀ ਗ੍ਰੇਇਸਟ ਇੰਡੀਅਨ’ ਰੁਤਬਾ ਪਾਇਆ ਅਬੰਡੇਕਰ ਨੇ।

---------------------




# ਇਸ ਮਹਾਰਾਣੀ ਦੀ ਖ਼ੂਬਸੂਰਤੀ ਤੇ ਫਿਦਾ ਸਨ ਅਮਿਤਾਬ ਬਚਨ

ਲੱਖਾਂ ਲੋਕਾਂ ਦੇ ਦਿਲਾਂ ਤੇ ਰਾਜ ਕਰਨ ਵਾਲੀ ਜੈਪੁਰ ਦੀ ਸਾਬਕਾ ਮਹਾਰਾਣੀ ਗਾਇਤਰੀ ਦੇਵੀ ਦੁਨੀਆਂ ਦੀਆਂ ਸਭ ਤੋਂ ਖ਼ੂਬਸੂਰਤ ਔਰਤਾਂ ਵਿਚ ਸ਼ਾਮਲ ਸੀ। ਇਸ ਦਾ ਬਾਲੀਵੁੱਡ ਨਾਲ ਕੋਈ ਸਬੰਧ ਨਹੀਂ ਰਿਹਾ ਫਿਰ ਵੀ ਉਹਨਾਂ ਦੀ ਖ਼ੂਬਸੂਰਤੀ ਤੇ ਫਿਦਾ ਹੋ ਕੇ ਕਾਲਜ ਦੇ ਦਿਨਾਂ ਵਿਚ ਹੀ ਆਪਣਾ ਆਪਾ ਗੁਆ ਬੈਠੇ ਸਨ ਅਮਿਤਾਬ ਬਚਨ।



**ਮਹਾਰਾਣੀ ਦੇ ਇਕ ਝਲਕਾਰੇ ਲਈ ਬੇਤਾਬ ਸੀ ਅਮਿਤਾਬ ਬਚਨ**

ਜਵਾਨੀ ਵੇਲੇ ਗਾਇਤਰੀ ਦੇਵੀ ਖ਼ੂਬਸੂਰਤੀ ਦੀ ਮਿਸਾਲ ਸੀ। ਉਹ ਖੁੱਲ੍ਹੇਪਣ ਦੀ ਸਮਰਥਕ ਸੀ। ਗਾਇਤਰੀ ਦੇਵੀ ਉਹ ਕਿਸਮਤ ਵਾਲੀ ਔਰਤ ਸੀ, ਜਿਸਨੂੰ ਪ੍ਰਸਿੱਧ 'ਵੋਂਗ ਮੈਗਜ਼ੀਨ' ਨੇ ਦੁਨੀਆਂ ਦੀਆਂ ਦਸ ਖ਼ੂਬਸੂਰਤ ਔਰਤਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਸੀ। ਦਰਅਸਲ ਅਮਿਤਾਬ ਕਾਲਜ ਦੇ ਦਿਨਾਂ ਤੋਂ ਹੀ ਮਹਾਰਾਣੀ ਉਤੇ ਫਿਦਾ ਸੀ। ਉਹਨਾਂ ਦੀ ਇਕ ਝਲਕ ਪਾਉਣ ਦੇ ਲਈ ਉਹ ਅਕਸਰ ਪੋਲੋ ਮੈਚ ਦੇਖਣ ਜਾਇਆ ਕਰਦੇ ਸੀ, ਕਿਉਂਕਿ ਮਹਾਰਾਣੀ ਉਥੇ ਆਉਂਦੀ ਸੀ। ਮਹਾਰਾਣੀ ਦੇ ਪ੍ਰਤੀ ਆਪਣੇ ਆਕਰਸ਼ਣ ਨੂੰ ਉਹ ਆਪਣੇ ਬਲਾਗ ਦੇ ਜ਼ਰੀਏ ਕਈ ਵਾਰ ਲਿਖ ਚੁੱਕੇ ਹਨ। ਮਹਾਰਾਣੀ ਨੂੰ ਅਨੁਸ਼ਾਸਨ ਅਤੇ ਸੁੰਦਰਤਾ ਦੀ ਮੂਰਤੀ ਕਹਿਣ ਵਾਲੇ ਅਮਿਤਾਬ ਨੇ ਇਸ ਗੱਲ ਨੂੰ ਸਵੀਕਾਰ ਕੀਤਾ ਹੈ ਕਿ ਉਹਨਾਂ ਨੇ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਉਹ ਕਦੀ ਉਹਨਾਂ ਨੂੰ ਨਿੱਜੀ ਤੌਰ ਤੇ ਮਿਲੇਗੀ।

**ਪੋਲੋ ਗਰਾਊਂਡ ਵਿਚ ਮੈਚ ਦੇਖਣ ਦੇ ਬਹਾਨੇ ਹੁੰਦੇ ਸੀ ਮਹਾਰਾਣੀ ਦੇ ਦਰਸ਼ਨ**

ਉਹਨਾਂ ਨੇ ਮਹਾਰਾਣੀ ਗਾਇਤਰੀ ਦੇਵੀ ਨੂੰ ਪਹਿਲੀ ਵਾਰ ਜੈਪੁਰ ਦੇ ਪੋਲੋ ਗ੍ਰਾਊਂਡ ਵਿਚ ਦੇਖਿਆ ਸੀ। ਉਸ ਵਕਤ ਉਹ ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀ ਸਨ। ਅਮਿਤਾਬ ਪੋਲੋ ਗ੍ਰ-ਾਊਂਡ ਵਿਚ ਮੈਚ ਦੇਖਣ ਨਹੀਂ ਬਲਕਿ ਗਾਇਤਰੀ ਦੇਵੀ ਦੀ ਇਕ ਝਲਕ ਲਈ ਆਇਆ ਕਰਦੇ ਸੀ। ਜੈਪੁਰ ਦੇ ਮਹਾਰਾਜਾ ਸਵਾਈ ਮਾਨ ਸਿੰਘ ਪੋਲੋ ਦੇ ਚੰਗੇ ਖਿਡਾਰੀ ਸਨ। ਜੈਪੁਰ ਪੋਲੋ ਗ੍ਰਾਊਂਡ ਵਿਚ ਉਹਨਾਂ ਦੇ ਨਾਲ ਮਹਾਰਾਣੀ ਆਉਂਦੀ ਸੀ। ਅਮਿਤਾਬ ਨੇ ਆਪਣੇ ਬਲਾਕ ਵਿਚ ਕਿਹਾ ਉਹ ਰੇਸ਼ਮੀ ਕੱ-ਪੜਿਆਂ ਵਿਚ ਪੋਲੋ ਗ੍ਰਾਊਂਡ ਪਹੁੰਚਦੀ ਸੀ। ਉਹ ਮੈਨੂੰ ਸੁੰ-ਦਰਤਾ ਦੀ ਮੂਰਤੀ ਦਿੱਸਦੀ ਸੀ।

**ਮਹਿਲ ਵਿਚ ਕੀਤਾ ਸੀ ਇਕੱਠਿਆਂ ਭੋਜਨ**

ਮਹਾਰਾਣੀ ਦੇ ਦੇਹਾਂਤ ਤੇ ਅਮਿਤਾਬ ਨੇ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਸੀ ਕਿ ਗਾਇਤਰੀ ਦੇਵੀ ਇਕ ਚੰਗੀ ਮੇਜ਼ਬਾਨ ਸੀ। ਜੈਪੁਰ ਵਿਚ ਫਿਲਮਾਂ ਦੀ ਸ਼ੂਟਿੰਗ ਦੇ ਦੌਰਾਨ ਕਈ ਵਾਰ ਜੈਪੁਰ ਦੀ ਸਾਬਕਾ ਮਹਾਰਾਣੀ ਨਾਲ ਮੁਲਾਕਾਤ ਹੋਈ। ਪੁਰਾਣੇ ਦਿਨਾਂ ਨੂੰ ਯਾਦ ਕਰਦਿਆਂ ਅਮਿਤਾਬ ਨੇ ਕਿਹਾ ਕਿ ਇਕ ਵਾਰ ਗਾਇਤਰੀ ਦੇਵੀ ਨੇ ਮੈਨੂੰ ਆਪਣੇ ਮਹਿਲ ਲਿਲੀਪੁਰ ਵਿਚ ਭੋਜਨ ਤੇ ਬੁਲਾਇਆ ਸੀ। ਉਹਨਾਂ ਨੇ ਮੇਰੇ ਲਈ ਖਾਸ ਤੌਰ ਤੇ ਕਈ ਲਜ਼ੀਜ਼ ਖਾਣੇ ਤਿਆਰ ਕਰਵਾਏ ਸਨ।

**ਸ਼ਾਹਰੁਖ ਵੀ ਸੀ ਦੀਵਾਨਾ**

ਗਾਇਤਰੀ ਦੇਵੀ ਦੇ ਗਲੈਮਰ ਦੇ ਜਲਵੇ ਹਰ ਜਗ੍ਹਾ ਸਨ। ਉਹਨਾਂ ਦੀ ਖ਼ੂਬਸੂਰਤੀ ਦੇ ਚਰਚੇ ਇੰਨੇ ਸਨ ਕਿ ਸ਼ਾਹਰੁਖ ਖਾਨ ਤੋਂ ਇਕ ਵਾਰ ਪੁੱਛਿਆ ਗਿਆ ਕਿ ਉਹਨਾਂ ਨੂੰ ਸਭ ਤੋਂ ਵੱਧ ਗਲੈਮਰਸ ਔਰਤ ਕੌਣ ਲੱਗਦੀ ਹੈ ਤਾਂ ਉਹਨਾਂ ਦਾ ਜਵਾਬ ਸੀ ਗਾਇਤਰੀ ਦੇਵੀ। ਪਿਛਲੇ ਕਾਫੀ ਸਮੇਂ ਤੋਂ ਉਹ ਬਿਮਾਰ ਸੀ ਅਤੇ ਸੁਰਖੀਆਂ ਤੋਂ ਪਰੇ ਹਸਪਤਾਲ ਵਿਚ ਸੀ ਪਰ ਉਹਨਾਂ ਨੂੰ ਕੋਈ ਭੁੱਲ ਨਹੀਂ ਸਕਦਾ।

**ਫਰਾਂਸ ਦੀ ਕੰਪਨੀ ਨੇ ਭਾਰਤ ਆ ਕੇ ਬਣਾਈ ਡਾਕੂਮੈਂਟਰੀ**

ਉਹਨਾਂ ਦੀ ਲੋਕਪ੍ਰਿਅਤਾ ਨਾ ਸਿਰਫ ਜੈਪੁਰ, ਬਲਕਿ ਦੇਸ਼ ਅਤੇ ਵਿਦੇਸ਼ ਵਿਚ ਵੀ ਸੀ। ਇਸ ਗੱਲ ਦੀ ਉਦਾਹਰਣ ਹਾਲ ਹੀ ਵਿਚ ਦੇਖਣ ਨੂੰ ਮਿਲੀ, ਜਦੋਂ ਫਰਾਂਸ ਦੀ ਇਕ ਕੰਪਨੀ ਨੇ ਇੱਥੇ ਆ ਕੇ ਉਹਨਾਂ ਦੀ ਜੀਵਨੀ ਤੇ ਡਾਕੂਮੈਂਟਰੀ ਬਣਾਈ।

ਸਵਾਈ ਮਾਨ ਸਿੰਘ ਵੀ ਗਾਇਤਰੀ ਦੇਵੀ ਦੀ ਖ਼ੂਬਸੂਰਤੀ, ਬਹਾਦਰੀ ਅਤੇ ਉਹਨਾਂ ਦੀਆਂ ਅਦਾਵਾਂ ਦੇ



ਮੁਰੀਦ ਹੋ ਕੇ ਆਪਣਾ ਦਿਲ ਦੇ ਬੈਠੇ ਸਨ। ਉਹ ਜਦੋਂ-ਜਦੋਂ ਵੀ ਲੰਡਨ ਜਾਂਦੇ, ਆਪਣੀ ਇਸ ਪ੍ਰੇਮਿਕਾ ਨਾਲ ਮੁਲਾਕਾਤ ਕਰਦੇ। ਦੋਵਾਂ ਵਿਚਕਾਰ ਇਹ ਪਿਆਰ ਇਸ ਹੱਦ ਤੱਕ ਵਧਿਆ ਕਿ ਸਵਾਈ ਮਾਨ ਸਿੰਘ ਦੂਜੇ ਨੇ ਗਾਇਤਰੀ ਦੇਵੀ ਨਾਲ ਵਿਆਹ ਕਰਵਾ ਲਿਆ।

ਗਾਇਤਰੀ ਦੇਵੀ ਘੋੜਸਵਾਰੀ ਦੀ ਬਹੁਤ ਸ਼ੌਕੀਨ ਸੀ। ਇਤਿਹਾਸਕਾਰ ਧਰਮਿੰਦਰ ਕੰਵਰ ਦੱਸਦੇ ਹਨ ਕਿ ਗਾਇਤਰੀ ਦੇਵੀ ਨੂੰ ਹਾਲੀਵੁੱਡ ਦੀਆਂ ਫਿਲਮਾਂ ਪਸੰਦ ਸਨ। ਉਹ ਜਦੋਂ ਵੀ ਲੰਡਨ ਜਾਂਦੀ ਸੀ ਤਾਂ ਉਥੇ ਹਾਲੀਵੁੱਡ ਫਿਲਮਾਂ ਜ਼ਰੂਰ ਦੇਖਦੀ ਸੀ।



## ਕਈ ਅਭਿਨੇਤਰੀਆਂ ਨਾਲ ਜੁੜਿਆ ਸਲਮਾਨ ਦਾ ਨਾਂ

# ਹੁਣ ਲੂਲੀਆ ਨਾਲ ਕਰਨਗੇ ਵਿਆਹ

ਸੁਪਰ ਸਟਾਰ ਸਲਮਾਨ ਖਾਨ ਇਕ ਵਾਰ ਫਿਰ ਚਰਚਾ ਵਿਚ ਹਨ, ਸੁਰਖੀਆਂ ਵਿਚ ਰਹਿਣ ਦੀ ਵਜ੍ਹਾ ਫਿਲਮ ਜਾਂ ਕੋਰਟ ਕੇਸ ਨਾ ਹੋ ਕੇ ਉਹਨਾਂ ਦਾ ਵਿਆਹ ਹੈ। ਖਬਰਾਂ ਗਰਮ ਹਨ ਕਿ ਸੱਲੂ ਮੀਆਂ ਇਸ ਸਾਲ ਦੇ ਅੰਤ ਤੱਕ ਲੂਲੀਆ ਵੰਤੂਰ ਨਾਲ ਵਿਆਹ ਕਰ ਲੈਣਗੇ। ਇੰਡਸਟਰੀ ਨਾਲ ਜੁੜੇ ਸੂਤਰਾਂ 'ਤੇ ਯਕੀਨ ਕਰੀਏ ਤਾਂ ਸਲਮਾਨ ਨੇ ਵਿਆਹ ਦਾ ਮਨ ਬਣਾ ਲਿਆ ਹੈ ਅਤੇ ਇਸ ਸਾਲ ਦੇ ਅਖੀਰ ਤੱਕ ਉਹ ਪਹਿਲਾਂ ਤੋਂ ਵਿਆਹੀ ਆਪਣੀ ਨਵੀਂ ਗਰਲ ਫਰੈਂਡ ਲੂਲੀਆ ਵੰਤੂਰ ਨੂੰ ਪਤਨੀ ਬਣਾ ਲੈਣਗੇ।

ਇਕ ਪਾਸੇ ਜਿੱਥੇ ਸਲਮਾਨ ਆਪਣੀ ਦਬੰਗ ਐਕਟਿੰਗ ਦੇ ਲਈ ਪਛਾਣੇ ਜਾਂਦੇ ਹਨ, ਉਥੇ ਹੀ ਗਰਲ ਫਰੈਂਡ ਦੇ ਮਾਮਲੇ ਵਿਚ ਵੀ ਪਿੱਛੇ ਨਹੀਂ ਹਨ। ਉਹਨਾਂ ਦੀ ਜ਼ਿੰਦਗੀ ਵਿਚ ਕਈ ਗਰਲ ਫਰੈਂਡਾਂ ਆਈਆਂ। ਸਲਮਾਨ ਦੀ ਕਿਸਮਤ ਚਾਹੇ ਕਿੰਨੀ ਮਾੜੀ ਹੋਵੇ ਪਰ ਉਹਨਾਂ ਦੀ ਲਾਈਫ ਵਿਚ ਲੜਕੀਆਂ ਹਮੇਸ਼ਾ ਆਉਂਦੀਆਂ ਹੀ ਰਹੀਆਂ ਹਨ। ਸੰਗੀਤਾ ਬਿਜਲਾਨੀ ਤੋਂ ਲੈ ਕੇ ਐਸ਼ਵਰਿਆ ਰਾਏ, ਕੈਟਰੀਨਾ ਕੈਫ, ਜਰੀਨ ਖਾਨ ਤੇ ਸੋਮੀ ਅਲੀ ਤੱਕ।

ਇਹਨਾਂ ਵਿਚੋਂ ਕਿਸੇ ਨੇ ਸਲਮਾਨ ਤੇ ਮਾਰ ਕੁੱਟ ਦਾ ਦੋਸ਼ ਲਗਾਇਆ ਅਤੇ ਰਿਸ਼ਤਾ ਤੋੜ ਲਿਆ ਅਤੇ ਕਿਸੇ ਨੂੰ ਖੁਦ ਸਲਮਾਨ ਨੇ ਛੱਡ ਦਿੱਤਾ।

80 ਦੇ ਦਹਾਕੇ ਦੇ ਆਖਰੀ ਸਾਲਾਂ ਵਿਚ ਪਹਿਲੀ ਵਾਰ ਸਲਮਾਨ ਅਫੇਅਰ ਨੂੰ ਲੈ ਕੇ ਸੁਰਖੀਆਂ ਵਿਚ ਸਨ। ਸਲਮਾਨ ਦੀ ਸਭ ਤੋਂ ਪਹਿਲੀ ਗਰਲ ਫਰੈਂਡ ਹੈ ਅਭਿਨੇਤਰੀ ਸੰਗੀਤਾ ਬਿਜਲਾਨੀ। ਵਰਣਨਯੋਗ ਹੈ ਕਿ ਸਲਮਾਨ ਅਤੇ ਸੰਗੀਤਾ ਬਿਜਲਾਨੀ ਇਕ ਵਕਤ ਸੀਰੀਅਸ ਰਿਲੇਸ਼ਨਸ਼ਿਪ ਵਿਚ ਸਨ। ਸੰਗੀਤਾ ਸਲਮਾਨ ਦੇ ਪਰਿਵਾਰ ਦੇ ਬਹੁਤ ਕਰੀਬ ਸੀ। ਪਰ ਦੋਵਾਂ ਵਿਚਕਾਰ ਰਿਸ਼ਤਾ ਟੁੱਟ ਗਿਆ ਅਤੇ ਬ੍ਰੇਕਅਪ ਤੋਂ ਬਾਅਦ 1996 ਵਿਚ ਸੰਗੀਤਾ ਨੇ ਕ੍ਰਿਕਟਰ ਅਜਰੁਦੀਨ ਨਾਲ ਵਿਆਹ ਕਰ ਲਿਆ। ਹਾਲਾਂਕਿ ਸੰਗੀਤਾ ਹੁਣ ਅਰਹਰੁਦੀਨ ਤੋਂ ਵੀ ਅਲੱਗ ਹੋ ਗਈ ਹੈ।

**ਸੋਮੀ ਦੇ ਨਾਲ ਸਲਮਾਨ**

ਸੰਗੀਤਾ ਨਾਲ ਰਿਸ਼ਤਾ ਟੁੱਟ ਜਾਣ ਤੋਂ ਬਾਅਦ 90 ਦੇ ਦਹਾਕੇ ਵਿਚ ਸਲਮਾਨ ਅਤੇ ਸੋਮਾ ਦੇ ਅਫੇਅਰ ਦੇ ਚਰਚੇ ਰਹੇ। ਪਾਕਿਸਤਾਨ ਤੋਂ ਆਈ 19 ਸਾਲ ਦੀ ਇਹ ਮਾਡਲ ਸਲਮਾਨ ਲਈ ਕ੍ਰੇਜ਼ੀ ਸੀ, ਪਰ ਸੋਮਾ ਨੂੰ ਸਲਮਾਨ ਦਾ ਜ਼ਿਆਦਾ ਸ਼ਰਾਬ ਪੀਣਾ ਅਤੇ ਮਾੜਾ ਵਤੀਰਾ ਪਸੰਦ ਨਹੀਂ ਸੀ।

ਦੋਵਾਂ ਦਾ ਰਿਸ਼ਤਾ ਬੇਸ਼ੱਕ ਹੀ ਪੰਜ ਸਾਲ ਤੱਕ ਰਿਹਾ, ਪਰ ਇਸ ਦੌਰਾਨ ਸੋਮੀ ਅਲੀ ਕਈ ਵਾਰ ਸਲਮਾਨ ਦੇ ਗੁੱਸੇ ਦਾ ਸ਼ਿਕਾਰ ਹੋਈ। ਆਖਿਰਕਾਰ 1999 ਵਿਚ ਇਹਨਾਂ ਦੋਹਾਂ ਦਾ ਬ੍ਰੇਕਅਪ ਹੋ ਗਿਆ ਅਤੇ ਸੋਮਾ ਵਿਦੇਸ਼ ਚਲੀ ਗਈ।

ਐਸ਼ਵਰਿਆ ਅਤੇ ਸਲਮਾਨ ਦੀ ਸਟੋਰੀ ਬਾਲੀਵੁੱਡ ਦੀ ਸਭ ਤੋਂ ਚਰਚਿਤ ਲਵ ਸਟੋਰੀ ਹੈ। ਫਿਲਮ 'ਹਮ ਦਿਲ ਦੇ ਚੁਕੇ ਸਨਮ' ਤੋਂ ਕਰੀਬ ਆਏ ਇਹਨਾਂ ਦੋਵੇਂ ਫਿਲਮ ਸਟਾਰਾਂ ਦਾ ਰਿਸ਼ਤਾ ਲੱਗਭੱਗ ਵਿਆਹ ਤੱਕ ਪਹੁੰਚ ਗਿਆ ਸੀ। ਐਸ਼ ਨੂੰ ਕਈ ਵਾਰ ਸਲਮਾਨ ਦੇ ਪਰਿਵਾਰ ਦੇ ਨਾਲ ਦੇਖਿਆ ਗਿਆ ਪਰ ਸਲਮਾਨ ਦੇ ਮਾੜੇ ਵਤੀਰਾ ਅਤੇ ਮਾਰਕੁੱਟ ਦੇ ਕਾਰਨ ਐਸ਼ ਨੇ ਇਹ ਰਿਸ਼ਤਾ ਤੋੜ ਦਿੱਤਾ। ਬ੍ਰੇਕਅਪ ਤੋਂ ਬਾਅਦ ਐਸ਼ ਦੀ ਫੈਮਲੀ ਨੇ ਸਲਮਾਨ ਦੇ ਖਿਲਾਫ ਪੁਲਿਸ ਵਿਚ ਸ਼ਿਕਾਇਤ ਵੀ ਦਰਜ ਕਰਵਾ ਦਿੱਤੀ ਸੀ। 1999 ਵਿਚ ਸ਼ੁਰੂ ਹੋਈ ਇਹ ਰਿਲੇਸ਼ਨਸ਼ਿਪ 2002 ਵਿਚ ਖਤਮ ਹੋ ਗਈ।

2005 ਵਿਚ ਅਭਿਨੇਤਰੀ ਸਨੇਹਾ ਉਲਾਲ ਦੇ ਨਾਲ ਸਲਮਾਨ ਫਿਲਮ 'ਲੱਕੀ' ਵਿਚ ਨਜ਼ਰ ਆਏ। ਐਸ਼ ਵਰਗੀ ਦਿੱਸਣ ਵਾਲੀ ਇਸ ਅਭਿਨੇਤਰੀ ਨਾਲ ਵੀ ਉਹਨਾਂ ਦਾ ਨਾਂ ਜੁੜਿਆ, ਪਰ ਦੋਵਾਂ ਦੇ ਅਫੇਅਰ ਦੀ ਗੱਲ ਦੀ ਕਦੀ ਪੁਸ਼ਟੀ ਨਹੀਂ ਹੋ ਸਕੀ।

ਕੁਝ ਦਾ ਮੰਨਣਾ ਸੀ ਕਿ ਸਲਮਾਨ ਸਿਰਫ ਸਨੇਹਾ ਨੂੰ ਬਾਲੀਵੁੱਡ ਵਿਚ ਪ੍ਰਮੋਟ ਕਰ ਰਹੇ ਸਨ। ਹਾਲਾਂਕਿ ਸਨੇਹਾ ਬਾਲੀਵੁੱਡ ਵਿਚ ਖਾਸ ਕਮਾਲ ਨਹੀਂ ਕਰ ਸਕੀ ਅਤੇ ਉਸਨੇ ਸਾਊਥ ਦਾ ਰੁਖ ਕਰ ਲਿਆ।



ਸਾਲ 2005 ਵਿਚ ਆਈ ਫਿਲਮ 'ਮੈਨੇ ਪਿਆਰ ਕੀਆ' ਤੋਂ ਸਲਮਾਨ ਅਤੇ ਕੈਟਰੀਨਾ ਕਰੀਬ ਆਏ ਸਨ। ਕੈਟਰੀਨਾ ਨੂੰ ਸਲਮਾਨ ਨੇ ਹੀ ਇੰਡਸਟਰੀ ਵਿਚ ਸੈਟਲ ਹੋਣ ਵਿਚ ਮਦਦ ਕੀਤੀ ਸੀ ਪਰ 2010 ਵਿਚ ਇਹਨਾਂ ਦਾ ਬ੍ਰੇਕਅਪ ਹੋ ਗਿਆ। ਹਾਲਾਂਕਿ ਹੁਣ ਵੀ ਸਲਮਾਨ ਅਤੇ ਕੈਟਰੀਨਾ ਵਿਚਕਾਰ ਦੋਸਤਾਨਾ ਸਬੰਧ ਹਨ।

ਬਾਲੀਵੁੱਡ ਅਭਿਨੇਤਰੀ ਜਰੀਨ ਖਾਨ ਵੀ ਇਕ ਸਮੇਂ ਵਿਚ ਸਲਮਾਨ ਦੇ ਕਾਰਨ ਖ਼ੂਬ ਚਰਚਾ ਵਿਚ ਰਹੀ ਸੀ। ਦਰਅਸਲ ਇਸਨੂੰ ਵੀ ਇੰਡਸਟਰੀ ਵਿਚ ਸਲਮਾਨ ਲੈ ਕੇ ਆਏ ਸਨ। ਇਸਦੀ ਖਾਸੀਅਤ ਇਹ ਸੀ ਕਿ ਇਸਦੀ ਸ਼ਕਲ ਕੈਟਰੀਨਾ ਕੈਫ ਨਾਲ ਕਾਫੀ ਮਿਲਦੀ ਸੀ। ਜਿਸ ਵਕਤ ਸਲਮਾਨ ਜਰੀਨ ਨੂੰ ਬਾਲੀਵੁੱਡ ਵਿਚ ਲਿਆਏ ਸੀ, ਉਹਨਾਂ ਦੀ ਕੈਟਰੀਨਾ ਨਾਲ ਅਣਬਣ ਹੋ ਚੁੱਕੀ ਸੀ। ਸਲਮਾਨ ਅਤੇ ਜਰੀਨ ਨੇ ਫਿਲਮ 'ਵੀਰ' ਵਿਚ ਇਕੱਠਿਆਂ ਕੰਮ ਕੀਤਾ ਸੀ। ਇਸ ਤੋਂ ਇਲਾਵਾ ਸਲਮਾਨ ਦੀ ਫਿਲਮ 'ਰੈਡੀ' ਵਿਚ ਵੀ ਜਰੀਨ ਦਾ ਕੈਮਿਓ ਰੋਲ ਸੀ।

ਸਲਮਾਨ ਦੀ ਫਿਲਮ 'ਮੈਂਟਲ' ਦੀ ਹੀਰੋਇਨ ਸੀ ਸਨਾ ਖਾਨ। ਇਹ ਵੀ ਬਿਗ ਬਾਸ ਦੇ ਸੀਜਨ ਫਾਈਵ ਵਿਚੋਂ ਆਈ ਸੀ, ਜਿੱਥੇ ਸਲਮਾਨ ਨਾਲ ਇਸਦੀ ਮੁਲਾਕਾਤ ਹੋਈ। ਸਲਮਾਨ ਨੇ ਇਸਨੂੰ ਉਸੇ ਵਕਤ ਆਪਣੀ ਫਿਲਮ ਦੇ ਲਈ ਸਾਈਨ ਕਰ ਲਿਆ ਸੀ। ਇਸ ਤੋਂ ਬਾਅਦ ਸਲਮਾਨ ਦੇ ਨਾਲ ਇਹਨਾਂ ਦਾ ਨਾਂ ਜੋੜਿਆ ਜਾਣ ਲੱਗਿਆ ਸੀ।

**ਕਲਾਡੀਆ ਨਾਲ ਦੋਸਤੀ**

27 ਸਾਲ ਦੀ ਜਰਮਨ ਮਾਡਲ ਕਲਾਡੀਆ ਸੀਏਸਲਾ ਦੇ ਨਾਲ ਵੀ ਸਲਮਾਨ ਦਾ ਨਾਂ ਜੁੜਿਆ। ਸਲਮਾਨ ਨੇ ਕਲਾਡੀਆ ਨੂੰ ਘਰ ਬੁਲਾ ਕੇ ਪਰਿਵਾਰ ਵਾਲਿਆਂ ਨਾਲ ਵੀ ਮਿਲਵਾਇਆ ਸੀ। ਸਲਮਾਨ ਦਾ ਕਹਿਣਾ ਸੀ ਕਿ ਕਲਾਡੀਆ ਚੰਗੀ ਲੜਕੀ ਹੈ।

**ਮਹਿਕ ਚਹਿਲ ਨਾਲ ਰਿਸ਼ਤਾ**

ਬਿਗ ਬਾਸ ਦੇ ਸੀਜਨ ਪੰਜ ਵਿਚ ਇਕ ਲੜਕੀ ਮਹਿਕ ਚਹਿਲ ਦੇ ਨਾਲ ਵੀ ਸਲਮਾਨ ਦਾ ਨਾਂ ਜੁੜ ਚੁੱਕਾ ਹੈ। ਦਰਅਸਲ ਸਲਮਾਨ ਅਤੇ ਮਹਿਕ ਨੇ ਫਿਲਮ 'ਵਾਂਟਡ' ਵਿਚ ਇਕੱਠਿਆਂ ਕੰਮ ਕੀਤਾ ਸੀ। ਉਹਨਾਂ ਦਿਨਾਂ ਵਿਚ ਇਹਨਾਂ ਦੋਵਾਂ ਦੇ ਇਸ਼ਕ ਦੇ ਚਰਚੇ ਸਨ।

# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.



Buy Quality Used Trucks

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

**ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ**

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ (ਦੀਵਾਲੀਆਪਣ), ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।





**Call : Dharminder Singh**

**Cell : 530-870-6600**

Email: myfuturetruck@gmail.com

2535 Front St. West Sacramento, CA 95691

Cell : 530-870-6600

Fax : 530-405-1429



# TANDOOR

## Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212

Fax. 510-885-1532



FREE WiFi

Ram Gopal

# Annabelle's

Pizza & Pasta Kitchen

200 "J" Street
Sacramento, CA 95814

(916) 448-6239

BIG SCREEN TV

IN OLD SACRAMENTO

## Annabelle's

Pizza & Pasta Kitchen

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM

Varieties of Video Games Available

Variety of Sandwiches are also available




Ram Gopal

Features All you can eat Italian Buffet

(Our Dough is Freshly Rolled Daily and Made of the Finest Ingredients)

Now Serving Beer &Wine!

$5 DISCOUNT PARKING VALIDATION





Ram Gopal (916) 448-6239

200 "J" Street, Sacramento, CA 95814

# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਮਨਾਉਂਦੇ ਹੋਏ 1984 ਦੇ ਸਿੱਖ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿਤ



# ਮਹਾਨ ਨਗਰ ਕੀਰਤਨ



## 7 ਜੂਨ 2015, ਐਤਵਾਰ

ਸਵੇਰੇ 11 ਤੋਂ ਸ਼ਾਮ 4 ਵਜੇ ਤੱਕ

## ਸਥਾਨ: ਸੈਨ ਫਰਾਂਸਿਸਕੋ ਡਾਊਨ ਟਾਊਨ



*ਨਗਰ ਕੀਰਤਨ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋਵੇਗਾ ਤੇ ਸਿਵਿਕ ਸੈਂਟਰ-ਸਿਟੀ ਹਾਲ ਜਾ ਕੇ ਸੰਪੂਰਨ ਹੋਵੇਗਾ*

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਜਿਹੜੀਆਂ ਕੌਮਾਂ ਆਪਣੇ ਇਤਿਹਾਸਕ ਵਿਰਸੇ ਦੇ ਸ਼ਹੀਦਾਂ ਤੇ ਸ਼ਹੀਦੀ ਸਾਕਿਆਂ ਨੂੰ ਭੁੱਲ ਜਾਂਦੀਆਂ ਨੇ, ਉਹ ਇਤਿਹਾਸ ਦੇ ਪੰਨਿਆਂ ਤੋਂ ਸਦਾ ਵਾਸਤੇ ਖਤਮ ਹੋ ਜਾਂਦੀਆਂ ਹਨ। ਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਦੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਲਈ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਲੱਖਾਂ ਸਿੱਖਾਂ ਨੇ ਸ਼ਹਾਦਤਾਂ ਦਿੱਤੀਆਂ ਹਨ। ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸੈਨ ਫਰਾਂਸਿਸਕੋ ਡਾਊਨ ਟਾਊਨ ਵਿਚ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋ ਕੇ ਸਿਵਿਕ ਸੈਂਟਰ ਦੇ ਸ਼ਾਨਦਾਰ ਮੈਦਾਨ ਤੱਕ ਇਕ ਮਹਾਨ ਨਗਰ ਕੀਰਤਨ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਵਿਚ ਆਪ ਸਭ ਨੂੰ ਸ਼ਾਮਲ ਹੋਣ ਲਈ ਹਾਰਦਿਕ ਬੇਨਤੀ ਕੀਤੀ ਜਾਂਦੀ ਹੈ।

*ਸੰਗਤਾਂ ਕੇਸਰੀ ਦਸਤਾਰਾਂ-ਦੁੱਪਟੇ-ਪਟਕੇ ਸਜਾ ਕੇ ਆਉਣ ਜੀ।

*ਸਿਵਿਕ ਸੈਂਟਰ ਵਿਚ ਸਜ ਰਹੇ ਦੀਵਾਨ ਅਤੇ ਨਗਰ ਕੀਰਤਨ ਦੌਰਾਨ ਕੀਰਤਨੀ ਜਥੇ ਗੁਰ ਸ਼ਬਦ ਅਤੇ ਢਾਡੀ ਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਢਾਡੀ ਤੇ ਵੀਰ-ਰਸੀ ਵਾਰਾਂ ਰਾਹੀਂ ਨਿਹਾਲ ਕਰਨਗੇ। *ਪੰਥਕ ਬੁਲਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। *ਇਹ ਨਗਰ ਕੀਰਤਨ ਵੱਡੇ ਬੱਚਿਆਂ ਤੇ ਨੌਜਵਾਨਾਂ ਲਈ ਸਿੱਖ ਇਤਿਹਾਸ ਦੀ ਵਡਮੁੱਲੀ ਜਾਣਕਾਰੀ ਨਾਲ ਭਰਪੂਰ ਹੋਵੇਗਾ। *ਗਤਕੇ ਦੇ ਸ਼ਾਨਦਾਰ ਜੌਹਰ ਵਿਖਾਏ ਜਾਣਗੇ। *ਲੰਗਰ ਅਤੁੱਟ ਵਰਤਣਗੇ। *ਨਗਰ ਕੀਰਤਨ ਦੇ ਸ਼ੁਰੂ ਹੋਣ ਵਾਲੀ ਥਾਂ ਪਹੁੰਚਣ ਲਈ ਕਿਤੋਂ ਵੀ ਬਾਰਟ ਰਾਹੀਂ ਮਿੰਟਗੁਮਰੀ ਸਟੇਸ਼ਨ 'ਤੇ ਉਤਰਨਾ ਹੈ ਤੇ ਵਾਪਸੀ ਲਈ ਸਿਵਿਕ ਸੈਂਟਰ ਤੋਂ ਬਾਰਟ ਦਾ ਪ੍ਰਬੰਧ ਹੈ। ਸਭ ਗੁਰਦੁਆਰਿਆਂ ਤੋਂ ਬੱਸਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ, ਜਿਸ ਲਈ ਆਪਣੇ ਸ਼ਹਿਰ ਦੇ ਗੁਰਦੁਆਰਿਆਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

### ਬੁਲਾਰੇ



ਪ੍ਰੋ. ਇੰਦਰਾ ਪ੍ਰਸਤ | ਜਗਮੀਤ ਸਿੰਘ ਵਿਧਾਨ ਸਭਾ ਮੈਂਬਰ ਕੈਨੇਡਾ | ਬੀਬੀ ਨਵਕਿਰਨ ਕੌਰ ਖਾਲੜਾ | ਡਾ. ਅਮਰਜੀਤ ਸਿੰਘ | ਡਾ. ਸੇਵਕ ਸਿੰਘ | ਡਾ. ਕਰਾਮਾਤ ਚੀਮਾ | ਮਨਿੰਦਰ ਸਿੰਘ




ਇੰਗਲੈਂਡ ਤੋਂ ਜਾਗੋ ਵਾਲਿਆਂ ਦਾ ਕਵੀਸ਼ਰੀ ਜਥਾ ਵਿਸ਼ੇਸ਼ ਤੌਰ 'ਤੇ ਆ ਰਿਹਾ ਹੈ

**ਬੇਨਤੀ ਕਰਤਾ:** ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਸਾਹਿਬ ਐਲ ਸਬਰਾਂਟੇ, ਗੁਰਦੁਆਰਾ ਸਾਹਿਬ ਸਟਾਕਟਨ, ਗੁਰਦੁਆਰਾ ਸਾਹਿਬ ਟਰਲਕ, ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟਿਕਾ, ਗੁਰਦੁਆਰਾ ਸਿੰਘ ਸਭਾ ਮਿਲਪੀਟਸ, ਗੁਰਦੁਆਰਾ ਸਾਹਿਬ ਬਰਾਡਸ਼ਾਅ ਸੈਕਰਾਮੈਂਟੋ, ਗੁਰਦੁਆਰਾ ਕੈਪੀਟਲ ਸਿੱਖ ਸੈਂਟਰ ਸੈਕਰਾਮੈਂਟੋ, ਗੁਰਦੁਆਰਾ ਸਾਹਿਬ ਡੈਲਹਾਈ, ਗੁਰਦੁਆਰਾ ਸਾਹਿਬ ਹੇਵਰਡ, ਗੁਰਦੁਆਰਾ ਸਾਹਿਬ ਸਾਊਥ ਸੈਨ ਫਰਾਂਸਿਸਕੋ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ, ਗੁਰਦੁਆਰਾ ਦਸ਼ਮੇਸ਼ ਦਰਬਾਰ ਲੋਡਾਈ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ, ਗੁਰਦੁਆਰਾ ਸਾਹਿਬ ਯੂਬਾ ਸਿਟੀ, ਗੁਰਦੁਆਰਾ ਸਾਹਿਬ ਸੈਨ ਮਟੀਓ, ਗੁਰਦੁਆਰਾ ਦਸ਼ਮੇਸ਼ ਦਰਬਾਰ ਟਰੇਸੀ, ਗੁਰਦੁਆਰਾ ਸਾਹਿਬ ਪਿਟਸਬਰਗ, ਗੁਰਦੁਆਰਾ ਸਾਹਿਬ ਮਾਡੈਸਟੋ, ਗੁਰਦੁਆਰਾ ਸਾਹਿਬ ਫੇਅਰਫੀਲਡ, ਗੁਰਦੁਆਰਾ ਸਾਹਿਬ ਰਿਵਰਸਾਈਡ।

## ਹੋਰ ਜਾਣਕਾਰੀ ਲਈ ਸੰਪਰਕ ਕਰੋ: 1-844-REM-1984

www.remember84.com Facebook Page: June 84 Movement